ਬਾਬਾਣੀਆਂ ਕਹਾਣੀਆਂ

ਰਜਿੰਦ੍ਰ ਸਿੰਘ ਨਾਮਧਾਰੀ ਗੁਰੂਸਰ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਲੁਧਿਆਣਾ)



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਬਾਬਾਣੀਆਂ ਕਹਾਣੀਆਂ

ਰਜਿੰਦ੍ਰ ਸਿੰਘ ਨਾਮਧਾਰੀ ਗੁਰੂਸਰ

ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ (ਲੁਧਿਆਣਾ)

Baabaanian Kahania
BY
Rajinder Singh Gurusar

ਪਹਿਲੀ ਵਾਰ : ਹੋਲਾ ਮਹੱਲਾ ੨੦੫੬ (ਸ੍ਰੀ ਭੈਣੀ ਸਾਹਿਬ)

ਪ੍ਰਕਾਸ਼ਕ
ਨਾਮਧਾਰੀ ਦਰਬਾਰ
ਸ੍ਰੀ ਭੈਣੀ ਸਾਹਿਬ-੧੪੧੧੨੬
ਲੁਧਿਆਣਾ (ਪੰਜਾਬ)

ਛਾਪਕ : ਰਾਮਾ ਕ੍ਰਿਸ਼ਨਾ ਪ੍ਰੈਸ, ਨਰਾਇਣਾ

ਟਾਈਪ ਸੈਟਿੰਗ
ਕੈਡਕੋਨ

ਮੁੱਲ : 80 ਰੁਪਏ

ਏਹ ਪੁਸਤਕ
ਮੈਂ ਆਪਣੀ ਭੂਆ ਜੀ
ਮਾਤਾ ਭੂਪਿੰਦਰ ਕੌਰ
ਦੇ ਪਵਿੱਤਰ ਚਰਨਾਂ ਨੂੰ
ਸਮਰਪਿਤ ਕਰਦਾ ਹਾਂ

-ਰਜਿੰਦ੍ਰ ਸਿੰਘ ਗੁਰੂਸਰ
੧੦-੪-੧੯੯੨

ਤਤਕਰਾ

ਪਹਿਲੀਆਂ ਸਤਰਾਂ

ਮਾਤਾ ਸੱਤਜ = ਪਿਤਾ ਵਿਸ਼ਵਾਸ

ਅਜ ਤੋਂ ੩੦-੩੫ ਸਾਲ ਪਹਿਲਾਂ ਦੀ ਗੱਲ ਹੈ – ਸੰਤ ਹਰਭਜਨ ਸਿੰਘ ਜੀ ਜੋ ਸਾਡੇ ਵਿਦਿਆ ਗੁਰੂ ਸਨ ਨੇ ਮੇਰੀਆਂ ਕੁਝ ਲਿਖਤਾਂ 'ਸਤਿਜੁਗ' ਵਿਚ ਪੜ੍ਹੀਆਂ। ਮੈਨੂੰ ਕਹਿਣ ਲਗੇ ਤੇਰੀਆਂ ਲਿਖਤਾਂ ਬੜੀਆਂ ਮਾਰਮਕ ਤੇ ਅੰਦਰ ਧਸ ਜਾਣ ਵਾਲੀਆਂ ਹੈਨ। ਅਸੀਂ ਚਾਹੁੰਦੇ ਹਾਂ, ਤੂੰ ਕੋਈ ਐਸੀ ਪੁਸਤਕ ਲਿਖੇਂ ਜੋ ਯਾਦਾਂ ਵਿਚ ਵੱਸ ਜਾਵੇ।

ਓਸ ਮਹਾਂ ਪੁਰਸ਼ ਦੀ ਇੱਛਾ ਦਾ ਮੈਂ ਕੀ ਜੁਆਬ ਦਿੰਦਾ?

ਪਿਛਲੇ ਸਾਲ ਮੇਰੀਆਂ ਕੁਝ ਲਿਖਤਾਂ ਸਤਿਜੁਗ ਦੇ 'ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਤਾਬਦੀ ਅੰਕ' ਵਿਚ ਛਪੀਆਂ – ਜਿੰਨ੍ਹਾਂ ਨੂੰ ਪੜ੍ਹਕੇ, ਸ੍ਰ. ਤਾਰਾ ਸਿੰਘ ਜੀ ਕਾਮਲ ਨੇ ਹੰਸਪਾਲ ਜੀ ਰਾਹੀਂ ਮੈਨੂੰ ਵਧਾਈ ਭੇਜੀ। ਮੈਂ ਸੋਚਿਆ ਪੰਜਾਬੀ ਦਾ ਮੰਨਿਆ ਪ੍ਰਮੰਨਿਆ ਲੇਖਕ – ਜਿਸਨੂੰ ਮੈਂ ਨਾ ਜਾਣਦਾ ਹਾਂ ਤੇ ਨਾਂ ਹੀ ਸ਼ਕਲ ਕਰਕੇ ਓਹ ਮੈਨੂੰ ਪਹਿਚਾਨਦਾ ਹੈ ਵਧਾਈ ਭੇਜ ਰਿਹਾ ਹੈ, ਏਸ ਗਲ ਨੇ ਮੇਰੀ ਬਹੁਤ ਹੌਸਲਾ ਅਫ਼ਜ਼ਾਈ ਕੀਤੀ ਤੇ ਮੈਂ 'ਬਾਬਾਣੀਆਂ ਕਹਾਣੀਆਂ' ਲਿਖਣ ਦਾ ਮਨ ਬਣਾ ਲਿਆ।

ਅਸਲ ਗੱਲ ਤਾਂ ਇਹ ਹੈ ਕਿ ਸਤਿਗੁਰੂ ਜੀ ਦਾ ਜੱਸ ਹੀ ਖ਼ੂਬਸੂਰਤ ਕਹਾਣੀ ਹੈ। ਓਸਨੂੰ ਲਿਖਣ ਵਾਲਾ ਬਣ ਜਾਂਦਾ ਹੈ ਲੇਖਕ। ਮੈਂ ਜੋ ਏਹ ਨਾਂ ਸਾਖੀਆਂ ਵਿਚ ਦਰਸੌਣਾ ਚਾਹੁੰਦਾ ਹਾਂ ਓਸਦਾ ਮੁਖ ਆਦਰਸ਼ ਹੈ – ਮਾਤਾ ਭੂਪਿੰਦ੍ਰ ਕੌਰ। ਮਾਤਾ ਦਾ ਦਰਜਾ ਅਤੀ ਮਹਾਨ ਹੈ। ਪਰ ਮਾਤਾ ਨੇ ਜਸ ਜੀਵਨ ਨੂੰ ਸਿੰਜਿਆ ਹੈ, ਜਿਸ ਮਨੁੱਖ ਨੂੰ ਸਿਰਜਿਆ ਹੈ ਓਹੋ ਹੀ ਏਸਦਾ ਦੁਸ਼ਮਣ ਬਣਕੇ ਏਸਨੂੰ ਨੀਚਾ ਦਿਖੌਣੰ ਉਤੇ ਤੁਲਿਆ ਹੋਇਆ ਹੈ। ਪਰ ਅਜ ਦਾ ਲੇਖਕ ਕਾਫੀ ਚੇਤੰਨ ਹੋ ਕੇ ਸੋਚਣ ਲਗ ਪਿਆ ਹੈ ਕਿ ਮਨੁੱਖ ਦੇ ਜੀਵਨ ਵਿਚ ਸਭ ਤੋਂ ਉਤਮ ਵਸਤੂ ਮਾਤਾ ਹੀ ਹੈ।

ਮਾਤਾ ਧਰਤ ਮਹਤ

ਮਨੂੰ ਦੇ ਘਰ ਵਾਲੀ ਦੇ ਨਾਮ ਉਤੇ ਲੇਖਕ ਨੇ ਕਾਮਾਇਨੀ ਨੂੰ ਹੀ ਸੱਭਤਾ ਦਾ ਕੇਂਦਰ ਬਿੰਦੂ ਮੰਨ ਕੇ ਓਸਦੀ ਰਚਨਾ ਕੀਤੀ ਹੈ। ਤੇ ਮਹਾ ਮਾਨਵ ਦੀ ਰਚਨਹਾਰੀ ਨੂੰ ਕਿਹਾ ਹੈ – ਨਾਰੀ ਤੁਮ ਕੇਵਲ ਸ਼੍ਰਧਾ ਹੋ। ਬੁੱਧ ਨਾਲੋਂ ਯਸ਼ੋਧਰਾ ਦਾ ਦਰਜਾ ਉਚਾ ਬਖਾਨ ਕੀਤਾ ਹੈ ਲੇਖਕ ਨੇ ਅਤੇ ਲਛਮਨ ਤੋਂ ਵੀ ਵੱਡੀ ਵਡਿਆਈ ਦਿਤੀ ਗਈ ਹੈ ਉਰਮਿਲਾ ਨੂੰ ਜਿਸ ਨੇ ਘਰ ਵਿਚ ਹੀ ੧੪ ਸਾਲ ਦਾ ਬਨਵਾਸ ਕਟਿਆ। ਪਰ ਮਨੁਖ ਨੇ ਆਪਣੇ ਅਭਿਮਾਨ ਵੱਸ ਹੋ ਕੇ ਮਾਤਾ ਦੇ ਦਰਜੇ ਨੂੰ ਏਥੋਂ ਤਕ ਘਟਾ ਦਿਤਾ ਹੈ ਕਿ ਔਰਤ ਨੂੰ

ਪੈਰ ਦੀ ਜੁੱਤੀ ਤਕ ਵੀ ਕਹਿ ਦਿਤਾ ਹੈ। ਤੁਲਸੀ ਦਾਸ ਜੀ ਨੇ ਰਾਮਾਇਣ ਵਿਚ ਲਿਖਿਆ ਹੈ:-

ਭੋਜਨ ਭਜਨ ਖਜਾਨਾਂ ਨਾਰੀ ਚਾਰੋਂ ਪਰਦੇ ਕੇ ਅਧਿਕਾਰੀ

ਔਰਤ ਦੇ ਖਿਲਾਫ਼ ਉਠਾਈ ਆਵਾਜ਼ ਏਹ ਬਹੁਤ ਕਮਜ਼ੋਰ ਸੀ – ਫੇਰ ਪੜ੍ਹੋ ਅੱਗੇ ਕੀ ਲਿਖਦੇ ਨੇ ਤੁਲਸੀ ਜੀ :-

ਢੋਲ ਗੰਵਾਰ ਸ਼ੂਦ੍ਰ ਅਰੁ ਨਾਰੀ ਚਾਰੋਂ ਤਾੜਨ ਕੇ ਅਧਿਕਾਰੀ।

ਆਦਮੀ ਦੇ ਅਹੰਕਾਰ ਨੇ ਪਹਿਲਾਂ ਸੀਤਾ ਮਾਤਾ ਨੂੰ ਅਗਨ ਭੇਟ ਕੀਤਾ। ਫੇਰ ਵੀ ਸਮਾਜ ਨੂੰ ਰਹਿਮ ਨਾ ਆਇਆ ਤੇ ਜਦੋਂ ਓਹ ਅਸਲੀ ਅਰਥਾਂ ਵਿਚ ਮਾਤਾ ਬਣਨ ਜਾ ਰਹੀ ਸੀ ਵਿਚਾਰੀ ਸੀਤਾ ਮਾਤਾ ਜੀ ਨੂੰ ਜੰਗਲਾਂ ਵਿਚ ਛਡ ਦਿੱਤਾ। ਸ਼ੇਰ ਬਘੇਲਿਆਂ ਦਾ ਨਿਵਾਲਾ ਬਣਨ ਵਾਸਤੇ। ਅੱਹਲਿਆ ਨੂੰ ਪੱਥਰ ਬਣਾ ਦਿਤਾ ਤੇ ਲੱਖਾਂ ਔਰਤਾਂ ਨੂੰ ਸਤੀਆਂ ਹੋਣ ਲਈ ਮਜਬੂਰ ਕਰ ਦਿਤਾ। ਆਦਮੀ ਦਾ ਸਾਰੇ ਇਤਿਹਾਸ ਵਿਚ ਕਿਤੇ ਇਕ ਥਾਂ ਵੀ ਔਰਤ ਨਾਲ ਸੜ ਮਰਨ ਦਾ ਜ਼ਿਕਰ ਨਹੀਂ ਔਂਦਾ। ਏਸ ਦੇ ਖਿਲਾਫ਼ ਸਤਿਗੁਰੂ ਜੀ ਨੇ ਹੀ ਆਵਾਜ਼ ਉਚੀ ਕੀਤੀ ਤੇ ਕਿਹਾ —

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥

ਤੇ ਡੰਕੇ ਦੀ ਚੋਟ ਤੇ ਏਹ ਵੀ ਐਲਾਨ ਕਰ ਦਿਤਾ —

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਅਸਲ ਵਿਚ ਆਦਮੀ ਨੇ ਹੀ ਅੰਦਰ ਵਾੜ ਕੇ ਔਰਤ ਨੂੰ ਹਦੋਂ ਵੱਧ ਕਮਜ਼ੋਰ ਕਰ ਦਿਤਾ। ਜੋ ਅਖੌਤੀ ਭੂਤਾਂ ਪ੍ਰੇਤਾਂ ਤੋਂ ਡਰਨ ਲਗ ਪਈ ਤੇ ਧਾਗੇ ਤਵੀਤਾਂ ਵਿਚ ਹੀ ਬੱਝ ਕੇ ਆਪਣੇ ਆਪ ਨੂੰ ਜ਼ਿੰਦਗੀ ਸਮਝ ਬੈਠੀ। ਜਦੋਂ ਕਿ ਆਪਣੀ ਕੁਖੋਂ ਭੀਮ ਅਰਜੁਨ ਪੈਦਾ ਕੀਤੇ, ਮਹਾਂ ਮਾਨਵ ਨੂੰ ਜਨਮ ਦਿਤਾ। ਖਸਖਾਸ ਤੋਂ ਵੀ ਛੋਟੇ ਮਰੀਅਲ ਜੇਹੇ ਬੀਜ ਨੂੰ ਪਿੱਪਲ ਤੇ ਬਰੋਟੇ ਜਿਡਾ ਆਕਾਰ ਦੇ ਦਿੱਤਾ। ਏਹ ਮਾਤਾ ਦੀ ਮਹੱਤਾ ਹੀ ਤਾਂ ਹੈ। ਨਹੀਂ ਤਾਂ ਮਨੁਖ ਤਾਂ ਓਸ ਮਰੀਅਲ ਜੇਹੇ ਬੀਜ ਤੋਂ ਹਜ਼ਾਰਾਂ ਗੁਣਾਂ ਜ਼ਿਆਦਾ ਬਰੀਕ ਤੇ ਮੁਰਦਾ ਹੈ ਜਿਸ ਨੂੰ ਮਾਤਾ ਏਡਾ ਸੁੰਦਰ ਆਕਾਰ ਦੇ ਦਿੰਦੀ ਹੈ ਤੇ ਓਹ ਪ੍ਰਮਾਣੂ ਮਨੁਖ ਬਣ ਜਾਂਦਾ ਹੈ। ਏਸੇ ਵਡਿਆਈ ਨੂੰ ਹੀ ਮੁਖ ਰਖ ਕੇ ਮੈ ਸ਼ੁਰੂ ਦੇ ਲੇਖ ਵਿਚ ਬਾਬਾਣੀਆਂ ਕਹਾਣੀਆਂ ਨੂੰ ਏਹ ਹੈਡਿੰਗ ਦਿਤਾ ਹੈ—

ਘੋੜੇ ਮਰਦ ਪਰਖੀਏ ਰਗ ਨਾਨੇ ਹਾਰੀ।

ਏਹ ਇਕ ਅਤੀ ਮਹਤਵਪੂਰਨ ਅਖਾਣ ਹੈ ਤੇ ਸਾਰੀ ਪੁਸਤਕ ਵਿਚ ਮੈਂ ਏਸੇ ਅਧਾਰ ਨੂੰ ਮੁਖ ਰਖਿਆ ਹੈ। ਮਾਤਾ ਦੀ ਏਡੀ ਮਹੱਤਵ ਪੂਰਨ ਹਸਤੀ ਨੂੰ ਜਿਥੇ ਗੁਰੂ ਅਰਜਨ ਦੇਵ ਜੀ —

ਪਹਿਲਾਂ "ਗੁਰਦੇਵ ਮਾਤਾ" ਫੇਰ "ਗੁਰਦੇਵ ਪਿਤਾ" ਕਹਿੰਦੇ ਹੈਨ।

ਓਸੇ ਮਾਤਾ ਨੂੰ ਮਨੁੱਖ ਨੇ, ਓਸੇ ਦੇ ਜੰਮੇ ਹੋਏ ਦਾਨਵ ਨੇ ਏਡੇ ਡੂੰਘੇ ਟੋਏ ਵਿਚ ਸੁੱਟਣ ਦਾ ਜਤਨ ਕੀਤਾ ਹੈ ਕਿ ਓਸਦਾ ਨਾਮ ਹੀ ਧਰਤੀ ਤੋਂ ਗ਼ਾਇਬ ਕਰਨ ਦੀ ਠਾਣ ਲਈ ਹੈ ਤੇ ਏਸ ਗੱਲ ਨੂੰ ਭੁਲਾ ਹੀ ਦਿਤਾ ਹੈ—

ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ॥

ਆਪਣੀ ਔਲਾਦ ਨੂੰ ਪਿਤਾ ਦਾ ਨਾਮ ਤੇ ਗੋਤ ਹੀ ਦੇ ਦਿਤਾ ਹੈ। ਔਰਤ ਨੂੰ ਏਥੋਂ

ਤਕ ਨਜ਼ਰ-ਅੰਦਾਜ਼ ਕਰ ਦਿਤਾ ਹੈ ਕਿ ਇੰਦਰਾ ਜੈਸੀ ਮਹੱਤਵ ਪੂਰਨ ਔਰਤ ਨੂੰ ਵੀ ਆਪਣੇ ਆਪ ਨੂੰ ਗਾਂਧੀ ਕਹੌਣ ਲਈ ਮਜਬੂਰ ਹੋਣਾ ਪਿਆ। ਪਰ ਅਸ਼ਕੇ ਆਖੀਏ ਓਸ ਔਰਤ ਦੇ ਜਿਸ ਨੇ ਵਿਆਹ ਕਰੌਣ ਤੋਂ ਪਹਿਲਾਂ ਏਹ ਐਲਾਨ ਕਰ ਦਿਤਾ ਕਿ ਮੈਂ ਸ਼ਾਦੀ ਪਿਛੋਂ ਵੀ ਮਿਸਿਜ਼ ਭੁਟੋ ਹੀ ਰਹੂੰਗੀ – ਏਸੇ ਸ਼ਰਤ ਉਤੇ ਹੀ ਵਿਆਹ ਕਰੌਣਾ ਹੈ। ਤੇ ਏਸ ਤਰ੍ਹਾਂ ਬੀਬੀ ਬੇ-ਨਜ਼ੀਰ ਭੁਟੋ – ਮਿਸਿਜ਼ ਜ਼ਰਦਾਰੀ ਨਾ ਬਣਕੇ 'ਮਿਸਜ਼ ਭੁਟੋ' ਹੀ ਬਣੀ ਹੋਈ ਹੈ। ਏਹ ਇਤਿਹਾਸ ਵਿਚ ਕੇਵਲ ਇਕ ਸਹੀ ਮਿਸਾਲ ਹੈ।

ਏਸ ਸਾਰੀ ਪੁਸਤਕ ਲਿਖਣ ਵਿਚ ਮੇਰੀ ਕੋਈ ਵਡਿਆਈ ਨਹੀਂ। ਏਹ ਤਾਂ ਸਤਿਗੁਰਾਂ ਦੇ ਆਪਣੇ ਚਰਿਤ੍ਰ ਦੀ ਹੀ ਬਰਕਤ ਹੈ ਕਿ ਤੁਸੀਂ ਏਸ ਪੁਸਤਕ ਦੀਆਂ ਸਾਖੀਆਂ ਬੜੇ ਚਾਅ ਨਾਲ ਪੜ੍ਹ ਰਹੇ ਹੋ। ਨਹੀਂ, ਮੈਂ ਤਾਂ ਕੇਵਲ ਮੈਂ ਹੀ ਹਾਂ। ਤੇ ਏਹ ਵਡਿਆਈ ਸਚੇ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਹੈ। ਜੋ ਮੇਰੇ ਜ਼ਿੰਮੇ ਏਹ ਡਿਊਟੀ ਲਾਈ ਅਤੇ ਮੈਂ ਨਿਭਾਈ। ਅਤੇ ਇਹ ਪੁਸਤਕ

ਏਹ ਪੁਸਤਕ
ਮੈਂ ਆਪਣੀ ਭੂਆ ਜੀ
ਮਾਤਾ ਭੂਪਿੰਦਰ ਕੌਰ ਜੀ ਦੇ
ਚਰਨਾਂ ਨੂੰ
ਸਮਰਪਿਤ
ਕਰਦਾ ਹਾਂ।

ਜਿੰਨ੍ਹਾਂ ਨੇ ਮੇਰੇ ਜਨਮ ਸਮੇਂ ਮੇਰੀ ਮਾਤਾ ਜੀ ਨੂੰ ਵਧਾਈ ਭੇਜੀ ਸੀ ਗੁਮਟੀ ਲੌਡ ਘਰੀਆਂ।

ਭੂਆ ਜੀ ਦਾ ਪਿਆਰਾ ਭਤੀਜਾ–

ਰਜਿੰਦ੍ਰ ਸਿੰਘ ਨਾਮਧਾਰੀ
ਗੁਰੂਸਰ
ਪਿੰਡ ਤੇ ਡਾਕਘਰ ਗੱਦਾਂ ਡੋਬ
ਜ਼ਿਲਾ ਫ਼ਿਰੋਜ਼ਪੁਰ, ਪੰਜਾਬ, ਇੰਡੀਆ
੧੦-੪-੯੨

ਦੂਸਰੀ ਗੱਲ

ਮੈਂ ਇਤਿਹਾਸ ਤੋੜ ਮਰੋੜ ਕੇ ਲਿਖਣ ਦਾ ਜਤਨ ਨਹੀਂ ਕੀਤਾ ਏਸ ਪੁਸਤਕ ਵਿਚ। ਜੋ ਪੜ੍ਹਿਆ ਜਾਂ ਵਿਚਾਰਵਾਨਾਂ ਤੋਂ ਸੁਣਿਆਂ ਜਾਂ ਹਥੀਂ ਹੰਢਾਇਆ ਸੱਚ ਹੀ ਵਰਣਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਮ ਠਾਮ ਵੀ ਨਹੀਂ ਬਦਲੇ। ਸੱਚ ਹੁੰਦਾ ਬਹੁਤ ਕਰੂਰ ਹੈ। ਏਸ ਵਿਚ ਮੈਂ ਦਸੋ ਕੀ ਕਰ ਸਕਦਾ ਹਾਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਮੁਤਾਬਕ ਜਿੰਨਾ ਹੋ ਸਕਿਆ- ਕੜਵੇ ਸੱਚ ਨੂੰ – ਸੁਕੋਮਲ – ਸੁਮਧੁਰ ਬਣੌਣ ਦੀ ਕੋਸ਼ਸ਼ ਜ਼ਰੂਰ ਕੀਤੀ ਹੈ। ਜੇ ਫੇਰ ਵੀ ਕਿਸੇ ਮਹਾਨ ਪੁਰਸ਼ ਨੂੰ ਮੇਰੇ ਲਿਖੇ ਸ਼ਬਦ ਦਿਲ ਤੇ ਖਰੋਚ ਲਗਾ ਗਏ ਹੋਣ ਤਾ ਮੈਂ ਤਹਿ ਦਿਲ ਤੋਂ ਮਾਫ਼ੀ ਮੰਗਦਾ ਹਾਂ।

ਜੋ ਸੁਆਦ ਸੱਚ ਵਿਚ ਹੈ ਓਹ ਮੁਲੰਮੇ ਵਿਚੋਂ ਨਹੀਂ ਮਿਲਦਾ। ਇਸ ਵਾਸਤੇ ਮੈਂ ਸੱਚ ਦਾ ਹੀ ਪੱਲਾ ਫੜਿਆ ਹੈ ਏਸ ਪੁਸਤਕ ਵਿੱਚ। ਜਾਣੇ ਅਣਜਾਣੇ ਜੇ ਕੋਈ ਗਲਤੀਆਂ ਹੋ ਗਈਆਂ ਹੋਣ ਤਾਂ ਪਾਠਕ ਆਪਣੀ ਖੁਲ-ਦਿਲੀ ਨਾਲ ਮੈਨੂੰ ਬਖਸ਼ ਦੇਣ।

ਅੰਤ ਵਿਚ, ਮੈਂ ਜੱਸ ਜੀਵਨ ਦੇ ਲੇਖਕ ਸੰਤ ਤਰਨ ਸਿੰਘ ਜੀ ਦਾ ਧੰਨਵਾਦੀ ਹਾਂ ਜਿੰਨ੍ਹਾਂ ਦੀ ਪੁਸਤਕ ਵਿਚੋਂ ਮੈਂ ਆਪਣੀਆਂ ਕੁਝ ਗਲਤੀਆਂ ਦਰੁਸਤ ਕੀਤੀਆਂ ਹੈਨ ਤੇ ਕਈ ਥਾਂਈ ਪੁਸਤਕ ਜੱਸ ਜੀਵਨ ਦੇ ਹਵਾਲੇ ਵੀ ਦਿਤੇ ਹੈਨ। ਅਤੇ ਓਹਨਾਂ ਮਹਾਂ ਪੁਰਸ਼ਾਂ ਦਾ ਵੀ ਧੰਨਵਾਦੀ ਹਾਂ ਜਿੰਨ੍ਹਾਂ ਨੇ ਆਪਣੀਆਂ ਯਾਦਾਂ ਦੱਸ ਕੇ ਪੁਸਤਕ ਦੀ ਸ਼ੋਭਾ ਨੂੰ ਚਾਰ ਚੰਨ ਲਾਏ ਹੈਨ।

ਸਭ ਤੋਂ ਵੱਧ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਆਪਣੀ ਪ੍ਰੇਰਣਾਂ ਅਤੇ ਵਰਦਾਨ ਦੇ ਨਾਲ ਮੈਨੂੰ ਲੇਖਕ ਬਣਾ ਦਿੱਤਾ। ਅਤੇ ਏਹ ਸਭ ਕੁਝ ਏਸ ਵਾਸਤੇ ਵੀ ਹੋਇਆ ਕਿ ਓਹਨਾਂ ਮੇਰੀਆਂ ਲਿਖੀਆਂ ਕਹਾਣੀਆਂ ਹਰਫ਼ ਬਹਰਫ਼ ਪੜ੍ਹਕੇ, ਲਿਖਤਾਂ ਨੂੰ ਸਲਾਹਿਆ ਜੋ ਮੇਰੇ ਲਈ ਪ੍ਰੇਰਨਾ ਸ੍ਰੋਤ ਬਣੀਆਂ।

ਮੇਰਾ ਪਹਿਲਾ ਲੇਖ – ਸਤਿਗੁਰੂ ਤੇ ਡਿਕਟੇਟਰ – 'ਸਤਿਜੁਗ' ਵਿਚ ਛਾਪ ਕੇ ਮਹਾਰਾਜ ਬੀਰ ਸਿੰਘ ਜੀ ਨੇ ਮੈਨੂੰ ਚਿਠੀ ਲਿਖੀ – ਤੇਰੇ ਖਿਆਲ ਭਾਵੇਂ ਕੈਸੇ ਹੋਣ – ਪਰ ਤੂੰ ਸਾਡੀ ਪਾਲਿਸੀ ਮੁਤਾਬਕ ਲਿਖ ਸਕਦਾ ਹੈਂ। ਏਸ ਵਾਸਤੇ ਹੋਰ ਮਜ਼ਮੂਨ ਲਿਖਕੇ ਭੇਜ।

ਏਸ ਤਰ੍ਹਾਂ ਲਿਖਤਾਂ ਰਾਹੀਂ ਮਹਾਰਾਜ ਬੀਰ ਸਿੰਘ ਜੀ ਅੱਜ ਵੀ ਮੇਰੇ ਨਾਲ ਸੰਪਰਕ ਰਖਦੇ ਹੋਏ ਮੇਰੀਆਂ ਲਿਖਤਾਂ ਦੀ ਕਦਰ ਕਰਦੇ ਹੈਨ। ਏਸ ਤੋਂ ਵੱਧ ਹੋਰ ਕੀ ਹੋ ਸਕਦਾ ਹੈ।

ਐਤਕਾਂ ਸੇਠ ਤਿਰਲੋਕ ਸਿੰਘ ਜੀ ਨੇ ਤਾਂ ਹੱਦ ਨੂੰ ਹੱਥ ਲਾ ਦਿੱਤਾ। ਕਹਿਣ ਲਗੇ — ਤੇਰੀ ਲਿਖੀ "ਕਥਾ ਮਾਰਵਾੜ ਦੀ" ਮੈਂ ਤਿੰਨ ਵਾਰ ਪੜ੍ਹ ਚੁਕਿਆ ਹਾਂ ਅਤੇ ਹੋਰ ਵੀ ਪੜ੍ਹਨ ਨੂੰ ਜੀ ਕਰਦਾ ਹੈ। ਏਸ ਕਥਾ ਨੇ ਮੇਰੇ ਅੰਦਰ ਅਜੇਹੀ ਧੂਹ ਪਾਈ, ਕਿ ਮੈਂ ਤੈਨੂੰ ਆਪਣੇ ਨਿਵਾਸ ਸਥਾਨ ਦਿੱਲੀ ਔਣ ਵਾਸਤੇ ਮਜਬੂਰ ਕਰ ਦਿਤਾ।

ਪੰਡਿਤ ਗੁਪਾਲ ਸਿੰਘ ਜੀ ਕਹਿਣ ਲੱਗੇ – ਜਦੋਂ ਕੋਈ ਪੁਸਤਕ ਜਾਂ ਅਖ਼ਬਾਰ ਰਸਾਲਾ ਮੇਰੇ ਹੱਥ ਔਂਦਾ ਹੈ – ਪਹਿਲਾਂ ਮੈਂ ਤੇਰਾ ਮਜ਼ਮੂਨ ਪੜ੍ਹਦਾ ਹਾਂ ਤੇ ਪਿਛੋਂ ਹੋਰ।

ਮੇਰੇ ਲਈ ਏਹ ਕੋਈ ਘੱਟ ਕੀਮਤੀ ਹੈ ?

ਕਵੀ ਜੀ ਤਾਂ ਮੁਢ ਦੇ ਹੀ ਸਾਥੀ ਰਹੇ ਹੈਨ। ਜਿਵੇਂ ਹੀਰ ਨੇ ਕਿਹਾ ਸੀ — ਮੇਰੀ ਤੇ ਰਾਂਝੇ ਦੀ ਪ੍ਰੀਤ ਪੁਰਾਣੀ ਜਦੋਂ ਗੱਡੀ ਰੇਲ ਨਾ ਯੱਕਾ — ਤੇ ਅਜ ਵੀ ਸਾਡੀ ਗੰਢ ਬਹੁਤ ਪੀਡੀ ਹੈ। ਏਹਨਾਂ ਦੀ ਪ੍ਰੇਰਨਾ ਬਿਲਕੁਲ ਹੀ ਨਿਵੇਕਲੀ ਕਿਸਮ ਦੀ ਹੈ। ਜੋ ਆਦਮੀ ਏਹਨਾਂ ਦੀ ਸੰਗਤ ਵਿਚ ਆ ਜਾਂਦਾ ਹੈ - ਮਹਾਨ ਹੋ ਜਾਂਦਾ ਹੈ। ਜਿੰਨਾਂ ਨੇ ਹਜ਼ਾਰਾਂ ਸਫ਼ੇ ਬੀਤੇ ਦੀਆਂ ਪੈੜਾਂ ਲਿਖੀਆਂ ਤੇ ਫੇਰ ਛਾਪੀਆਂ ਤੇ ਰਾਤ ਦਿਨ ਅਜੇ ਵੀ ਲਿਖੀ ਜਾ ਰਹੇ ਹੈਨ। ਚੰਦ ਤਾਂ ਚਾਂਦਨੀ ਹੀ ਦਿੰਦਾ ਹੈ। ਮਨੁੱਖ ਓਸ ਤੋਂ ਮਰਜ਼ੀ ਮੁਤਾਬਕ ਫੈਦਾ ਉਠੌਂਦਾ ਹੈ। ਚੋਰ ਚੋਰੀ ਕਰਦਾ ਹੈ, ਆਸ਼ਕ ਜਨ ਇਸ਼ਕ ਦੀਆਂ ਗੰਢਾ ਪੱਕੀਆਂ ਕਰਦੇ ਤੇ ਸੰਤ ਜਨ ਧਿਆਨ ਮਗਨ ਹੋ ਕੇ ਚਾਂਦਨੀ ਹੀ ਢੋਂਕ ਹੈਨ।

ਜਸਵਿੰਦ੍ਰ - ਬੀਬਾ ਜੇਹਾ ਮੁਖ-ਭੁੱਖ ਲੱਬਦੀ ਏ ਵਿਹੰਦਿਆਂ ਹੀ - ਮੈਨੂੰ ਕਹਿਣ ਲੱਗਾ - ਤੁਸੀਂ ਨਿਕੇ ਹੁੰਦੇ ਸਤਿਗੁਰੂ ਜੀ ਦੇ ਨਾਲ ਰਹੇ ਹੋ ਤੇ ਮੈਂ ਚਾਹੁੰਦਾ ਹਾਂ ਓਹ ਘਟਨਾਵਾਂ ਤੁਸੀਂ ਸਾਧ ਸੰਗਤ ਦੇ ਪੇਸ਼ ਕਰੋ ਕਿ ਛੋਟੇ ਹੁੰਦਿਆਂ ਦੀਆਂ ਗੱਲਾਂ ਤੁਹਾਡੀਆਂ ਕੇਹੋ ਜੇਹੀਆਂ ਹੁੰਦੀਆਂ ਸਨ। ਤੇ ਓਹ ਗੱਲਾਂ ਮੈਂ ਨਵੇਂ ਸਿਰੇ ਤੋਂ ਵੱਧ ਤੋਂ ਵੱਧ ਦਰਜ ਕਰਨ ਦਾ ਜਤਨ ਕੀਤਾ ਹੈ ਜਸਵਿੰਦਰ ਸਿੰਘ ਦੀ ਗੱਲ ਨੂੰ ਯਾਦ ਰੱਖ ਕੇ।

ਸਤਿਗੁਰੂ ਜਗਜੀਤ ਸਿੰਘ ਜੀ ਬਾਬਤ ਤਾਂ ਏਹੋ ਕਿਹਾ ਜਾ ਸਕਦਾ ਹੈ—

ਉਪਮਾ ਜਾਤ ਨ ਕਹੀ ਮੇਰੇ ਪ੍ਰਭੁ ਕੀ ਉਪਮਾ ਜਾਤ ਨਾ ਕਹੀ।

ਬਹੁਤ ਦੇਰ ਤੋਂ ਹੀ ਜਦੋਂ ਕਿ ਮੈਂ ਸੰਗ ਜਾਂਦਾ ਹਾਂ - ਏਹ ਹਰ ਇਕ ਮਹਿਫ਼ਲ ਵਿਚ ਵੀ ਅਤੇ ਜਦੋਂ ਮੈਂ ਨਾਲ ਹੋਵਾਂ ਵਿਦਵਾਨਾਂ ਵਿਚ ਚਰਚਾ ਕਰਦੇ ਹੋਏ ਕਹਿ ਦਿੰਦੇ ਹੈਨ — ਏਹ ਮੇਰੇ ਮਾਮਾ ਜੀ ਦਾ ਲੜਕਾ ਹੈ। ਅਸੀਂ ਕੱਠੇ ਖੇਡੇ- ਕੱਠੇ ਪੜ੍ਹੇ - ਅਤੇ ਲੜਦੇ ਝਗੜਦੇ ਵੀ ਰਹੇ। ਅਤੇ ਮੇਰੀਆਂ ਕਈ ਹੋਰ ਸਿਫਤਾਂ ਵੀ ਕਰ ਜਾਂਦੇ ਹੈਨ। ਜਿਸ ਵਾਸਤੇ ਸੁਣਨ ਵਾਲਾ ਵਿਅਕਤੀ ਮੇਰੇ ਵੱਲ ਵੀ ਆਦਰ ਭਾਵ ਦੀ ਨਿਗਾਹ ਰਖਣ ਲੱਗ ਪੈਂਦਾ ਹੈ। ਅਤੇ ਏਸ ਪੁਸਤਕ ਵਿਚ ਵੀ ਅਸੀਂ ਲੜਦੇ ਕਿਉਂ ਸਾਂ ਏਸ ਦਾ ਉਤ੍ਰ ਦੇਣ ਦਾ ਜਤਨ ਕੀਤਾ ਗਿਆ ਹੈ।

ਅੰਤ ਵਿਚ ਮੈ ਸਾਡੇ ਮਾਨਯੋਗ ਐਮ. ਪੀ. ਸਾਹਿਬ ਸ੍ਰਦਾਰ ਹਰਵਿੰਦਰ ਸਿੰਘ ਜੀ ਹੰਸਪਾਲ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਮੈਨੂੰ ਏਹ ਕਹਿ ਕੇ ਲਿਖਣ ਦੀ ਪ੍ਰੇਰਨਾ ਦਿਤੀ ਕਿ ਤੁਸੀਂ ਵੀ ਕੋਈ ਪੁਸਤਕ ਜ਼ਰੂਰ ਲਿਖੋ - ਜੇਹੋ ਜਿਹੀ ਤੁਸ਼ੀਂ ਇਬਾਰਤ ਅਜ ਕਲ ਲਿਖਦੇ ਹੋ। ਅਸੀਂ ਓਸ ਨੂੰ ਵੀ ਪੁਸਤਕ ਰੂਪ ਵਿਚ ਜ਼ਰੂਰ ਛਾਪਾਂਗੇ।

ਅਸਲ ਵਿਚ ਮੇਰੀ ਤਾਂ ਉਂਗਲ ਹੀ ਹੈ। ਸਤਿਗੁਰੂ ਜੀ ਦਾ ਜੀਵਨ ਹੀ ਅੰਮ੍ਰਿਤ ਮਈ ਹੈ ਤੇ ਸੁਹਿਰਦ ਪਾਠਕ ਏਸ ਵਿਚ ਮਿਸ਼ਰੀ ਹੈਨ।

ਦੁਹਰਾਉ

ਪਹਿਲਾਂ ਛਪੇ ਲੇਖ ਜਾਂ ਸਾਖੀਆਂ ਦੁਹਰਾਈਆਂ ਨਾ ਜਾਣ, ਏਸ ਦਾ ਖਿਆਲ ਰੱਖਿਆ ਗਿਆ ਹੈ। ਫੇਰ ਵੀ ਪੁਸਤਕ ਦੀ ਮੰਗ ਨੂੰ ਮੁਖ ਰਖ ਕੇ ਕੁਝ ਪ੍ਰਸੰਗ ਜੋ ਅੱਜ ਤੋਂ ਬਹੁਤ ਪਹਿਲਾਂ ਕਿਸੇ ਪਰਚੇ ਵਿਚ ਛਪੇ ਸਨ - ਜ਼ਰੂਰ ਦੋਹਰੀ ਵਾਰ ਕੁਝ ਸ਼ੁੱਧੀਆਂ ਕਰਕੇ ਛਾਪੇ ਗਏ ਹਨ। ਪੁਰਾਣੇ ਪਾਠਕ, ਉਮੈਦ ਹੈ, ਖਿਮਾਂ ਕਰ ਦੇਣਗੇ। ਓਸ ਤਰਾਂ ਜੇ ਕੋਈ ਵਧੀਆ ਸਾਖੀ ਦੋਬਾਰਾ ਪੜ੍ਹ ਲਈ ਜਾਵੇ ਤਾਂ ਹਰਜ ਵੀ ਕੀ ਹੈ ?

ਘਰ ਵਿਚ ਏਸ ਤਰਾਂ ਚਾਨਣ ਹੋ ਗਿਆ ਜਿਵੇਂ - ਸਚ ਮੁਚ ਹੀ ਭਗਵਾਨ ਕ੍ਰਿਸ਼ਨ ਮਥੁਰਾ ਤਿਆਗ ਕੇ ਵਰਿੰਦਾ ਬਨ ਪਹੁੰਚ ਗਏ ਹੋਣ।

—ਰਜਿੰਦ੍ਰ ਸਿੰਘ ਨਾਮਧਾਰੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਚੜ੍ਹਾਈ ਕਰਨ ਤੋਂ ਕੁਝ ਦਿਨ ਪਹਿਲਾਂ ਰਜਿੰਦ੍ਰ ਸਿੰਘ ਗੁਰੂਸਰ ਵਲੋਂ ਲਿਖੇ ਪੱਤਰਾਂ ਵਿਚੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਗੁਰੂਸਰ
੨੨-੯-੯੧

ਪਰਮ ਸਤਿਕਾਰ ਯੋਗ ਸ੍ਰੀ ਸਤਿਗੁਰੂ ਜੀ !
ਪਵਿਤਰ ਚਰਨਾਂ ਤੇ ਨਮਸਕਾਰ।

ਜਦੋਂ ਮੈਂ ਪਹਿਲਾਂ ਹਾਰਟ ਅਟੈਕ ਨਾਲ ਬੀਮਾਰ ਹੋਇਆ ਸਾਂ ਤਾਂ ਬਠਿੰਡੇ ੧੩ ਦਿਨ ਹਸਪਤਾਲ ਵਿਚ ਰਿਹਾ ਸਾਂ। ਛੁੱਟੀ ਦੇਣ ਵੇਲੇ ਡਾਕਟਰ ਨੇ ਕਿਹਾ ਸੀ – ਜੇ ਕੋਈ ਬਾਣੀਆਂ ਹੁੰਦਾ ਤਾਂ ਤਿੰਨ ਮਹੀਨੇ ਮੇਰੇ ਕੋਲ ਹਸਪਤਾਲ ਵਿਚ ਪਿਆ ਰਹਿੰਦਾ।

ਹੁਣ ਮੈਂ ਠੀਕ ਹਾਂ। ਹਸਪਤਾਲ ਦੇ ਤਿੰਨ ਦਿਨਾਂ ਪਿਛੋਂ ਮੈਨੂੰ ਕੋਈ ਤਕਲੀਫ ਨਹੀਂ ਹੋਈ। ਏਹ ਸਭ ਆਪ ਜੀ ਦੀ ਹੀ ਕਿਰਪਾ ਸਦਕਾ ਹੈ। ਵਰਨਾ ਅੰਤਮ ਅਧਿਆਏ ਵੀ ਕਦੋਂ ਦਾ ਮੁਕ ਚੁਕਿਆ ਹੁੰਦਾ। ਹੁਣ ਮੈਂ ਅਸਲ ਸਾਖੀ ਵਲ ਔਂਦਾ ਹਾਂ—

ਜਾਮਿ ਗੁਰੂ ਹੋਇ ਵੱਲ

੨੮ ਜੂਨ ਨੂੰ ਮੈਨੂੰ ਹਾਰਟ ਅਟੈਕ ਹੋਇਆ। ਏਹ ਅਟੈਕ ਪਹਿਲੇ ਨਾਲੋਂ ਸਖਤ ਸੀ, ਜੋ ਅਜ ਤੋਂ ੪ ਸਾਲ ਪਹਿਲਾਂ ਹੋਇਆ ਸੀ। ਅਟੈਕ ਨੇ ਮੇਰੇ ਜਿਸਮ ਨੂੰ ਬਰਫ਼ ਵਾਂਗ ਗਾਲ ਦਿਤਾ। ੬ ਘੰਟੇ ਵਿਚ ਮੈਂ ਏਸ ਤਰ੍ਹਾਂ ਹੋ ਗਿਆ – ਜਿਵੇਂ ਕਈ ਮਹੀਨੇ ਦਾ ਬਿਮਾਰ ਹੋਵਾਂ। ਸ੍ਰੀਰ, ਬਿਨਾਂ ਖੂਨ ਤੋਂ ਪਿੰਜਰ ਬਣ ਗਿਆ। ਹਾਰਟ ਚੈੱਕ ਕਰਨ ਵਾਲੀ ਮਸ਼ੀਨ-ਜਿਸ ਵਿਚ – ਦਿਲ ਪੂਰੀ ਤਰ੍ਹਾਂ ਹਰਕਤ ਕਰਦਾ ਦਿਸ ਰਿਹਾ ਸੀ, ਡਾਕਟਰ ਨੇ ਚਾਲੂ ਕਰ ਦਿਤੀ ਸੀ। ਗੁਲੂਕੋਜ਼ ਤੇ ਆਕਸੀਜ਼ਨ ਵੀ ਲਾ ਦਿਤੇ ਗਏ ਸਨ। ਦਿਲ ਅਜੀਬ ਢੰਗ ਨਾਲ ਹਰਕਤ ਕਰ ਰਿਹਾ ਸੀ। ਕਦੇ ਤੇਜ਼, ਤੇਜ਼ ਕਦੇ ਬਹੁਤ ਹੀ ਮੱਠਾ। ਕਦੇ-ਕਦੇ ਵਿਚ-ਵਿਚ ਚੁੱਭੀ ਮਾਰ ਜਾਂਦਾ ਸੀ। ਮੈਂ ਬੇਹੋਸ਼ ਸਾਂ। ਰਿਸ਼ਤੇਦਾਰ ਆਲੇ ਦੁਆਲੇ ਬੈਠੇ, ਅਰਦਾਸਾਂ ਕਰ ਰਹੇ ਸਨ। ਜਾਂ ਮੈਨੂੰ ਤੜਫਦੇ ਨੂੰ ਘੁੱਟ ਰਹੇ ਸਨ। ... ... ਦੌਰਾ ਪੈਣ ਤੋਂ ਪਹਿਲਾਂ ਡਾਕਟਰ ਨੇ ਕਹਿ ਦਿਤਾ ਸੀ, ਹੁਣ ਦੌਰਾ ਨਹੀਂ ਪਵੇਗਾ। ਪਰ... ... ਮੈਂ ਕਿਹਾ ਸੀ ਦੌਰਾ ਜ਼ਰੂਰ ਪਵੇਗਾ। ਪਹਿਲਾਂ ਜੇਹੜਾ ਦਰਦ ਛਾਤੀ ਤੋਂ ਉਠਿਆ ਸੀ, ਓਹ ਦੌਰੇ ਦੀ ਮੁੱਢਲੀ ਅਲਾਮਤ ਸੀ। ਜਿਸ ਤੋਂ ਮੈਂ ਸਮਝ ਗਿਆ ਸਾਂ– ਕਿ ਭਾਣਾ ਵਰਤਣ ਵਾਲਾ ਹੈ। ਏਸੇ ਵਾਸਤੇ ਮੇਰੇ ਲੜਕਿਆਂ ਨੇ ਮੈਨੂੰ ਪਹਿਲਾਂ ਹੀ ਹਸਪਤਾਲ ਵਿਚ ਦਾਖਲ ਕਰਵਾ ਦਿਤਾ ਸੀ।

ਹਾਂ, ਪਰ, ਘਰ ਦੇ ਜੀਆਂ ਨੂੰ ਇਕ ਧਰਵਾਸ ਜ਼ਰੂਰ ਸੀ। ਤੇ ਓਹਨਾਂ ਨੂੰ ਪੱਕਾ ਯਕੀਨ ਸੀ– – ਕਿ ਮੇਰੀ ਮੌਤ ਨਹੀਂ ਹੋਵੇਗੀ। ਕਸ਼ਟ ਜ਼ਰੂਰ ਹੈ। ਤੇ ਮੈਨੂੰ ਸਤਿਗੁਰੂ ਜਗਜੀਤ ਸਿੰਘ ਜੀ ਏਸ ਦੁਖ ਤੋਂ ਉਬਾਰ ਲੈਣਗੇ।

ਹਸਪਤਾਲ ਵਿਚੋਂ ਵਾਪਸ ਘਰ ਔਣ ਤੇ-ਮੇਰੇ ਘਰੋਂ ਸ੍ਰੀਮਤੀ ਗੁਰਦੇਵ ਕੌਰ ਨੇ ਮੈਨੂੰ ਦਸਿਆ —

ਮੈਨੂੰ ਤੁਹਾਡੇ ਬੀਮਾਰ ਹੋਣ ਤੋਂ ਤਿੰਨ ਦਿਨ ਪਹਿਲਾਂ; ਸੁਭਾ ਤਿੰਨ ਵਜੇ ਸੁਪਨਾ ਆਇਆ ਕਿ ਤੁਹਾਡੀ (ਰਜਿੰਦ੍ਰ ਸਿੰਘ ਦੀ) ਮੌਤ ਹੋ ਚੁੱਕੀ ਹੈ। ਮੈਂ ਆਪ ਦੇ ਵੱਡੇ ਪੁਤ੍ਰ ਨੂੰ ਸੱਦ ਕੇ ਕਿਹਾ—

ਲਛਮਨ ਸਿੰਘ! ਤੇਰੇ ਪਿਤਾ ਦੀ ਮੌਤ ਹੋ ਚੁੱਕੀ ਹੈ; ਤੂੰ ਸ਼ਹਿਰ ਜਾਕੇ—ਸਸਕਾਰ ਕਰਨ ਵਾਸਤੇ ਜੋ ਸਾਮਗਰੀ ਚਾਹੀਦੀ ਹੈ – ਜਾ ਕੇ ਲੈ ਆ।

ਲਛਮਨ ਸਿੰਘ ਰੋਂਦਾ ਧੋਂਦਾ ਜੀਪ ਵਲ ਚਲਾ ਗਿਆ।

ਅਚਾਨਕ ਸਤਿਗੁਰੂ ਜਗਜੀਤ ਸਿੰਘ ਜੀ ਸਾਡੇ ਘਰ ਗੁਰੂਸਰ, ਆਣ ਦਰਸ਼ਨ ਦਿਤੇ ਅਤੇ ਕਹਿਣ ਲਗੇ।

ਲਛਮਨ ਕਿਥੇ ਹੈ? ਹੁਣੇ ਬੁਲਾਓ?

(ਗੁਰਦੇਵ ਕੌਰ) ਮੈਂ ਕਿਹਾ ਜੀ, ਉਹ ਅਬੋਹਰ ਜਾ ਰਿਹਾ ਹੈ। ਸਮਗਰੀ ਲੈਣ ਵਾਸਤੇ। ਏਹਨਾਂ ਦਾ ਅੰਤਕਾਲ ਹੋ ਚੁੱਕਾ ਹੈ।

ਸਤਿਗੁਰੂ ਜੀ ਕਿਹਾ। ਲਛਮਨ ਨੂੰ ਹੁਣੇ ਮੇਰੇ ਕੋਲ ਸੱਦੋ? ਏਸ ਨੂੰ ਕੁਝ ਨਹੀਂ ਹੋਇਆ। ਐਵੇਂ ਪੰਡਤਾਂ ਵਾਲੇ ਖੇਖਨ ਕਰ ਰਿਹਾ ਹੈ.!!

ਸਤਿਗੁਰੂ ਜੀ ਨੇ ਤੁਹਾਡੇ ਸ੍ਰੀਰ ਤੋਂ ਚਾਦਰ ਚੁਕ ਕੇ-ਵੱਖੀ ਵਿਚ ਕੁਤਕੁਤਾਰੀ ਕੱਢੀ – ਤੇ ਤੁਸੀਂ (ਰਜਿੰਦ੍ਰ ਸਿੰਘ) ਉਠ ਕੇ ਬੈਠ ਗਏ।

ਏਨੇ ਨੂੰ ਚਾਰ ਵਜੇ ਸੁਬਹਾ ਭਾਈ ਜੀ ਨੇ ਸਪੀਕਰ ਉਤੇ ਅਵਾਜ਼ ਦਿਤੀ। ਮੈਂ ਘਬਰਾਈ ਤੇ ਮੁੜ੍ਹਕੋ ਮੁੜ੍ਹਕੀ ਹੋਈ, ਉਠ ਬੈਠੀ। ਤੁਹਾਡੇ ਜਿਸਮ ਨੂੰ ਹੱਥ ਲਾ ਕੇ ਵੇਖਿਆ ਤੁਸੀਂ ਠੀਕ ਠਾਕ ਸੀ। ਅਤੇ ਮੇਰੀ ਜਾਨ ਵਿਚ ਜਾਨ ਆਈ।

ਸੁਬਹ ਇਹ ਸੁਪਨਾ, ਮੈਂ ਘਰ ਦੇ ਸਾਰੇ ਜੀਆਂ ਨੂੰ ਸੁਣਾਇਆ ਸਾਰੇ ਕਹਿਣ ਲਗੇ – ਹੁਣ ਕਸ਼ਟ ਭਾਵੇਂ ਆਵੇ, ਜਾਨਦਾ ਧੋਖਾ ਨਹੀਂ।

ਮੈਂ ਗੁਰਦੇਵ ਕੌਰ ਨੂੰ ਕਿਹਾ–

ਤੁਸੀਂ ਮੈਨੂੰ ਓਸੇ ਦਿਨ ਕਿਉਂ ਨਹੀਂ ਦਸਿਆ? ਜੇ ਮੈਨੂੰ ਦਸ ਦਿੰਦੇ ਤਾਂ ਸ਼ਾਇਦ ਕੋਈ ਹੋਰ ਵਧੀਆ ਇੰਤਜਾਮ ਹੋ ਜਾਂਦਾ, ਅਤੇ ਏਸ ਕਸ਼ਟ ਤੋਂ ਬਚ ਜਾਂਦੇ। ਜੋ ਸਾਨੂੰ ਸਾਰਿਆਂ ਨੂੰ ਭੋਗਣਾ ਪਿਆ ਹੈ? ਪਰ—

ਰਾਜਾ ਜਨਮੇਜਾ ਦੇ ਮਤੀਂ, ਬਰਜ ਬਿਆਸ ਪੜ੍ਹਾਇਆ।।
ਆਪੇ ਦੋਸ ਨ ਦੇਉ ਕਰਤਾ, ਕਿਰਤ ਨਾ ਮਿਟੇ ਮਿਟਾਇਆ।।

ਸਤਿਗੁਰੂ ਜੀ ਨੇ ਸੂਲੀ ਦੀ ਸੂਲ ਤਾਂ ਕਰ ਦਿਤੀ। ਪਰ ਕਰਮਾਂ ਦਾ ਫ਼ਲ ਕੁਝ ਨਾਂ ਕੁਝ ਤਾਂ ਭੁਗਤਨਾਂ ਹੀ ਪੈਂਦਾ ਹੈ। ਹਾਂ ਏਹ ਤਾਂ ਸਚ ਹੈ ਨਾਂ...

ਜਾਮਿ ਗੁਰੂ ਹੋਇ ਵਲ ਤਾਂ ਜਮ ਕਾ ਡਰ ਕੇਹਾ।।

ਕਲ ਕੁੰਦਨ ਸਿੰਘ ਦੀ ਚਿਠੀ ਆਈ ਸੀ – ਓਹ ਹੁਣੇ ਮਿਲਕੇ ਗਿਆ ਸੀ ਮੈਨੂੰ। ਓਸ ਕਿਹਾ ਹੈਂ ਜਦੋਂ ਭੈਣੀ ਸਾਹਿਬ ਜਾਣਾ ਹੋਵੇ ਮੈਨੂੰ ਪਤਾ ਕਰ ਦੇਣਾ। ... ਏਸੇ ਐਤਵਾਰ, ਮੈਂ ਜੈ ਪੁਰ ਜਾ ਰਿਹਾ ਹਾਂ। ਓਥੇ ਹਾਸਪੀਟਲ ਹੈ ਬਹੁਤ ਵਡਾ 'ਸੰਤੋਕਬਾ-ਦੁਰਲਭ ਜੀ" ਓਥੇ ਪਹਿਲਾਂ ਵੀ ਦੋ ਤਿੰਨ ਵਾਰ ਹੋ ਆਏ ਹਾਂ। ਓਥੇ ਇੰਜੋ ਗ੍ਰਾਫੀ ਕਰਾਕੇ ਡਾਕਟਰਾਂ ਦੀ ਰਾਏ ਲੈਣ ਦਾ ਵਿਚਾਰ ਹੈ। ਓਥੋਂ ਹੋ ਕੇ ਆ ਕੇ ਮੈਂ ਭੈਣੀ ਸਾਹਿਬ ਦਾ ਪ੍ਰੋਗਰਾਮ ਬਣਾਵਾਂਗਾ। ਸਿਰਫ ਤੁਹਾਡੇ ਦਰਸ਼ਨ ਹੀ ਕਰਨੇ ਹੈਨ। ਮੇਲਾ ਨਹੀਂ ਵੇਖਣਾ। ਤੁਸੀਂ ਬੜੀ ਸ਼ਾਨੋ ਸ਼ੌਕਤ ਨਾਲ ਭੈਣੀ ਸਾਹਿਬ ਪਧਾਰੇ ਹੋ। ਸੰਗਤ ਨੇ ਬੜੇ ਉਤਸ਼ਾਹ ਨਾਲ ਤੁਹਾਡਾ ਸਵਾਗਤ ਕੀਤਾ ਹੈ। ਜਿਸ ਦੀ ਪੜ੍ਹ ਸੁਣ ਕੇ ਅਤਿਅੰਤ ਖੁਸ਼ੀ ਹੋਈ ਹੈ। ਆਪ ਜੀ ਦਾ ਚਰਨ ਸੇਵਕ। —*ਰਜਿੰਦ੍ਰ ਸਿੰਘ*

ਗੁਰੂਸਰ
੧-੫-੯੨

ਆਪ ਜੀ ਦੇ ਜੀਵਨ-ਮੁੱਢਲੇ ਜੀਵਨ ਤੇ ਅਧਾਰਤ-ਪੁਸਤਕ, ਤੁਹਾਡੀ ਕਿਰਪਾ ਨਾਲ ਤੇ ਮੇਰੀ ਤੁਛ ਬੁੱਧੀ ਮੁਤਾਬਕ, ਤੁਸੀਂ ਮੈਥੋਂ ਤਿਆਰ ਕਰਵਾ ਦਿਤੀ ਹੈ। ਮੈਂ ਅੰਤਮ ਤਰਤੀਬ ਤੇ ਆਖਰੀ ਸੁਧਾਈ ਕਰ ਰਿਹਾ ਹਾਂ। ਦੋ ਅਧਿਆਏ ਬਹੁਤ ਵੱਡੇ ਬਣ ਗਏ ਹਨ। ਸ਼ੁਰੂ ਵਿਚ ਮਾਤਾ ਭੂਪਿੰਦ੍ਰ ਕੌਰ ਜੀ ਦੀ ਕਥਾ ਤੇ ਜੋ ਸਤਿਜੁਗ ਤੋਂ ਸ਼ੁਰੂ ਹੋ ਕੇ ਓਹਨਾਂ ਦੇ ਜਨਮ ਤਕ ਮੈਂ ਇਤਿਹਾਸ ਪੁਰਾਤਨ ਦੇ ਆਧਾਰ ਉਤੇ ਲਿਖੀ ਹੈ। ਏਸ ਤੋਂ ਅਗੇ – ਤੁਹਾਡੀ ਤੇ ਮਹਾਰਾਜ ਬੀਰ ਸਿੰਘ ਜੀ ਦੀ ਪਾਲਨਾ ਜਿਵੇਂ ਹੋਈ ਅਤੇ ਸੁਭਾ ਦਾ ਅੰਤਰ, ਦੇਹ ਵੀ ਸ਼ਾਸਤਰ ਦੇ ਆਧਾਰ ਉਤੇ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ।

ਦੂਸਰਾ ਚੈਪਟਰ ਹੈ ਤੁਹਾਡੀ ਗੱਦੀ ਨਸ਼ੀਨੀ ਤੇ, ਓਹ ਵੀ ਵੱਡੇ ਤੋਂ ਵੱਡਾ ਹੋ ਗਿਆ ਹੈ- ਜੋ ਮੇਰੀ ਮਜਬੂਰੀ ਹੀ ਸੀ ਵਿਸਥਾਰ ਕਰਨ ਵਾਸਤੇ।

—ਚਰਨ ਸੇਵਕ ਰਜਿੰਦ੍ਰ ਸਿ

ਬਾਬਾਣੀਆਂ-ਕਹਾਣੀਆਂ (ਕਨੌਜ)

ਏਹ ਗੱਲ ਬਹੁਤ ਪਹਿਲਾਂ ਦੀ ਹੈ ਸ੍ਰੀ ਰਾਮ ਚੰਦਰ ਜੀ ਦੇ ਜਨਮ ਤੋਂ ਵੀ ਪਹਿਲਾਂ ਦੀ। ਪਰਸਰਾਮ ਜੀ ਨੇ – ਛਡਾਇਣ ਕਰਕੇ – ਸਾਰੀ ਪ੍ਰਿਥਮੀ ਤੋਂ ੨੧ ਵੇਰਾਂ ਛੱਤਰੀਆਂ ਨੂੰ ਖ਼ਤਮ ਕਰ ਦਿਤਾ ਸੀ। ਆਪਣੇ ਪਿਤਾ ਜਮਦਗਨ ਦਾ ਬਦਲਾ ਸਹਸਰ ਬਾਹੂ ਤੋਂ ਲੈਣ ਖਾਤਰ ਹੀ ਓਹਨਾਂ ਨੇ ਏਹ ਕਰਮ ਕੀਤਾ ਸੀ। ਜੋ ਕਰਮ ਨਹੀਂ ਕੁਕਰਮ ਸੀ। ਅੱਜ ਦੇ ਹੀ ਜੁੱਗ ਦੀ ਗੱਲ ਹੈ, ਚੀਨੀਆਂ ਨੇ ਸਾਰੇ ਪ੍ਰਿੰਦਿਆਂ ਤੋਂ ਚੀਨ ਦੀ ਧਰਤੀ ਨੂੰ ਸਾਫ਼ ਕਰ ਦਿਤਾ ਸੀ। ਜਿਸਦਾ ਨਤੀਜਾ ਇਹ ਹੋਇਆ ਕਿ ਅਗਲੀ ਕਣਕ ਦੀ ਫਸਲ ਅੱਧ ਤੋਂ ਵੀ ਘਟ ਗਈ। ਕਣਕ ਦੀ ਬੱਲੀ ਕੀੜਿਆਂ ਮਕੌੜਿਆਂ ਨੇ ਖਾ ਲਈ ਸੀ। ਕਿਉਂਕਿ ਕੀੜਿਆਂ ਨੂੰ ਸੰਤੁਲਤ ਉਡਣੇ ਪੰਛੀ ਹੀ ਰਖਦੇ ਸਨ। ਹੁਣ ਜਦੋਂ ਬ੍ਰਾਹਮਣ ਬੇਟੇ ਨੇ ਆਪਣੇ ਕੁਹਾੜੇ ਨਾਲ ਸਾਰੀ ਧਰਤੀ ਤੋਂ ਹੀ ਛਤਰੀ ਹੂੰਝ ਦਿਤੇ ਤਾਂ ਰਾਖਸ਼ਾਂ ਨੂੰ ਪੂਰੀ ਤਰ੍ਹਾਂ ਵਧਣ ਫੁਲਣ ਦਾ ਮੌਕਾ ਮਿਲ ਗਿਆ। ਏਸ ਦੀ ਤਕਲੀਫ ਰਿਸ਼ੀਆਂ ਮੁਨੀਆਂ ਨੂੰ ਹੋਈ, ਜੋ ਜੰਗਲਾਂ ਵਿਚ ਰਹਿ ਕੇ ਆਪਣਾ ਧਰਮ ਕਰਮ ਕਰਦੇ ਸਨ। ਯੱਗ ਆਦਿਕ ਦੇ ਵਿਧਾਨ ਨੂੰ ਏਹ ਜੰਗਲੀ ਬਾਸ਼ਿੰਦੇ ਨਸ਼ਟ ਕਰਕੇ ਓਹਨਾਂ ਦੀ ਸਾਰੀ ਸਮਗ੍ਰੀ ਲੁੱਟ ਲੈ ਜਾਂਦੇ ਤੇ ਅਗੋਂ ਹੋਰ ਲੁੱਟਣ ਵਾਸਤੇ, ਮੌਕੇ ਦੀ ਤਾਕ ਵਿਚ ਰਹਿੰਦੇ। ਰਿਸ਼ੀਆਂ ਮੁਨੀਆਂ ਕੋਲ ਏਸ ਦਾ ਇਲਾਜ ਇਕੋ ਹੀ ਸੀ - ਆਪਣੀ ਰਖਿਆ ਵਾਸਤੇ ਇਕ ਹੋਰ ਯੱਗ ਜਿਸ ਵਿਚੋਂ ਅਜੇਹੇ ਮਹਾਂ ਮਾਨਵ ਨੂੰ ਪੈਦਾ ਕਰਨਾ ਜੋ ਓਹਨਾਂ ਦੇ ਸਾਰੇ ਕਸ਼ਟ ਦੂਰ ਕਰਕੇ ਏਹ ਪੰਗਤੀ ਸਾਰਥਕ ਕਰੇ:-

ਸੰਤਾਂ ਮਾਨਉ ਦੂਤਾ ਡਾਨਉ ਇਹ ਕੁਟਵਾਰੀ ਮੇਰੀ।।

ਸ੍ਰੀ ਰਾਮ ਚੰਦਰ ਜੀ ਦੀ ਉਤਪਤੀ ਵੀ ਯੱਗ ਵਿਚੋਂ ਹੀ ਹੋਈ ਸੀ।

ਸਾਰੇ ਰਿਸ਼ੀਆਂ ਮੁਨੀਆਂ ਨੇ ਸਲਾਹ ਕਰ ਕੇ ਮਹਾ ਮਾਨਵ ਯੱਗ ਆਰੰਭ ਕਰ ਦਿੱਤਾ। ਰਿਸ਼ੀਆਂ ਨੇ ਜਦੋਂ ਪੂਰਨ ਆਹੂਤੀ ਦਿਤੀ ਤਾਂ ਏਸ ਯੱਗ ਵਿਚੋਂ ਸੂਰ ਬੀਰ ਅਸਤਰਾਂ-ਸ਼ਸਤਰਾਂ ਨਾਲ ਸੁਸੱਜਤ ਮਹਾਂਬਲੀ ਚੌਹਾਨ ਪ੍ਰਗਟ ਹੋਏ। ਜਿੰਨ੍ਹਾਂ ਨੇ ਬੜੀ ਨਿੰਮ੍ਰਤਾ ਸਹਿਤ ਬੇਨਤੀ ਕੀਤੀ—

ਮਹਾਂ ਮੁਨੀਸ਼ਰੋ ਜੀ ਕੀ ਹੁਕਮ ਹੈ? ਮੈਂ ਆਗਿਆਕਾਰੀ ਸੇਵਕ ਆਪ ਜੀ ਦੀ ਸੇਵਾ ਲਈ ਹਾਜ਼ਰ ਹਾਂ।

ਮੈਂਹਾਂ ਮੁਨੀ ਚੌਹਾਨ ਦੀ ਅਧੀਨਗੀ ਵੇਖ ਕੇ ਅਤਿਅੰਤ ਖੁਸ਼ ਹੋਏ। ਓਹ ਗਦ-ਗਦ ਪ੍ਰਸੰਨ ਹੋ ਕੇ ਕਹਿਣ ਲਗੇ ਬੇਟਾ! ਚਿਰੰਜੀਵ ਹੋ। ਅਸੀਂ ਤੇਰੇ ਉਤੇ ਵੱਡੇ ਪ੍ਰਸੰਨ ਹਾਂ। ਮੰਗ ਕੀ ਚਾਹੁੰਦਾ ਹੈਂ? ਸਾਡੇ ਵਲੋਂ ਕੇਵਲ ਇਕੋ ਹੁਕਮ ਹੈ—

ਤੂੰ ਦੁਸ਼ਟਾਂ ਦਾ ਨਾਸ ਕਰ ਜੋ ਸਾਧਾਂ ਸੰਤਾਂ ਮਹਾਂ ਪੁਰਸ਼ਾਂ ਨੂੰ ਪਰੇਸ਼ਾਨ ਤੇ ਦੁਖੀ ਕਰ ਰਹੇ ਹੈਨ।

ਚੌਹਾਨ ਨੇ ਸਤਿ ਬਚਨ ਕਹਿਕੇ ਸਿਰ ਝੁਕਾ ਦਿਤਾ।

ਰਿਸ਼ੀਆਂ ਨੇ ਆਸ਼ੀਰਵਾਦਾਂ ਦੀ ਵਰਖਾ ਹੀ ਚੌਹਾਨ ਤੇ ਕਰ ਦਿਤੀ।

ਏਹ ਬਹਾਦਰ ਸਪੂਤ ਅਗਨੀ ਵਿਚੋਂ ਉਤਪੰਨ ਹੋਇਆ ਸੀ ਜਿਸ ਵਾਸਤੇ "ਆਨਲ ਵੰਸ਼ੀ" ਜਾਂ ਅਗਨੀ-ਪੁੱਤਰ ਕਹਿਲਾਈ ਏਸ ਦੇ ਖਾਨਦਾਨ ਦੀ ਔਲਾਦ। ਏਸ ਤਰ੍ਹਾਂ ਭਾਰਤ ਵਿਚ ਏਹ ਤੀਸਰੀ ਤੇਜਸ੍ਵੀ ਕੌਮ ਪੈਦਾ ਕਰ ਦਿਤੀ ਰਿਸ਼ੀਆਂ ਮੁਨੀਆਂ ਨੇ ਯੱਗ ਕਰਕੇ।

ਸ੍ਰੀ ਰਾਮ ਚੰਦ੍ਰ ਜੀ ਸੂਰਜ ਵੰਸੀ, ਭਗਵਾਨ ਕ੍ਰਿਸ਼ਨ ਚੰਦ੍ਰ ਵੰਸੀ ਤੇ ਚੌਹਾਨ ਅਨਲ ਵੰਸ਼ੀ 'ਅਗਨੀ-ਪੁੱਤਰ' ਕਹਿਲਾਏ।

ਏਸੇ ਹੀ ਵੰਸ਼ ਵਿਚ ਮਹਾਂ ਪ੍ਰਤਾਪੀ ਪ੍ਰਿਥਵੀ ਰਾਜ ਚੌਹਾਨ ਪੈਦਾ ਹੋਇਆ। ਜਿਸਦੀ ਰਾਜਧਾਨੀ ਜੈਸਲਮੇਰ ਰਾਜਸਥਾਨ ਸੀ। ਏਸ ਤਰ੍ਹਾਂ ਮਹਾਂ ਪ੍ਰਤਾਪੀ ਤੇਜਵਾਨ ਚੌਹਾਨ ਨੇ ਰਾਜਸਥਾਨ ਤੋਂ ਚੱਲ ਕੇ ਦਿੱਲੀ ਉਤੇ ਜਾ ਕਬਜ਼ਾ ਕੀਤਾ। ਕਨੌਜ ਦਾ ਬਾਦਸ਼ਾਹ ਜੈ ਚੰਦ ਜੋ ਆਪਣੇ ਆਪ ਨੂੰ ਸਾਰੇ ਰਾਜਿਆਂ ਵਿਚੋਂ ਸ਼੍ਰੋਮਣੀ ਮੰਨਦਾ ਸੀ ਸੜ ਬਲ ਕੇ ਰਾਖ ਹੋ ਗਿਆ। ਮਨੋ ਮਨੀ ਓਹ ਵੀ ਦਿਲੀ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ। ਪਰ ਦਲੇਰੀ ਕਿਥੋਂ ਲਿਔਂਦਾ।

ਬਹਾਦਰਾਂ ਕੋਲ ਬਹਾਦਰ ਸਿਪਾਹੀ ਪ੍ਰਵਾਨਿਆਂ ਵਾਂਗ ਆਣ ਜੁੜਦੇ ਹੈਨ। ਪ੍ਰਿਥਵੀ ਰਾਜ ਕੋਲ ਵੀ ਦਲੇਰ ਤੇ ਬਹਾਦਰ ਸਿਪਾਹ-ਸਾਲਾਰਾਂ ਦੀ ਕਮੀ ਨਹੀਂ ਸੀ। ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਖੁਦ ਬੇ ਹੱਦ ਦਲੇਰ ਤੇ ਸੂਰਬੀਰ ਸੀ; ਜਿਸ ਕਰਕੇ ਓਸ ਦਾ ਸਾਥ ਦੇਣ ਵਾਲੇ ਹਿੰਦੂ ਸਿਖ ਮੁਸਲਮਾਨ ਅਤੇ ਅੰਗ੍ਰੇਜ਼ ਏਸਤਰ੍ਹਾਂ ਆਣ ਇਕਠੇ ਹੋਏ ਕਿ ਓਸਨੂੰ ਬਹਾਦਰਾਂ ਦੀ ਕਿਤੋਂ ਵੀ ਕੋਸ਼ਿਸ਼ ਕਰਕੇ ਤਲਾਸ਼ ਕਰਨ ਦੀ ਜ਼ਰੂਰਤ ਨਾ ਪਈ। ਤੇ ਏਸ ਤਰ੍ਹਾਂ ਓਸ ਨੇ ਸਾਰੇ ਪੰਜਾਬ ਉਤੇ ਕਬਜ਼ਾ ਕਰਕੇ ਕਾਬਲ ਕੰਧਾਰ ਨੂੰ ਵੀ ਜ਼ੇਰੇ ਤਹਿਤ ਲੈ ਆਂਦਾ। ਠੀਕ ਏਸੇ ਤਰ੍ਹਾਂ ਹੀ ਪ੍ਰਿਥਵੀ ਰਾਜ ਨੂੰ ਵੀ ਬਹਾਦਰ ਆਦਮੀ ਤਲਾਸ਼ ਕਰਨ ਦੀ ਲੋੜ ਨਹੀਂ ਪਈ।

ਜੈ ਚੰਦ ਹਰ ਹਾਲਤ ਵਿਚ ਪ੍ਰਿਥਵੀ ਰਾਜ ਨੂੰ ਨੀਚਾ ਵਿਖੌਣਾਂ ਚਾਹੁੰਦਾ ਸੀ। ਉਸ ਨੇ ਆਪਣੀ ਪਿਆਰੀ ਧੀ "ਸੰਯੋਗਤਾ" ਦਾ ਸ੍ਵਯੰਬਰ ਰਚ ਦਿਤਾ। ਸਾਰੇ ਬਹਾਦਰ ਬਾਦਸ਼ਾਹਾਂ ਦੇ ਬੇਟਿਆਂ ਨੂੰ ਪਤ੍ਰ ਭੇਜ ਕੇ ਮੰਗਵਾ ਲਿਆ। ਪਰ ਪ੍ਰਿਥਵੀ ਰਾਜ ਨੂੰ ਸੱਦਾ ਭੇਜਣ ਦੀ ਬਜਾਏ ਓਸ ਦਾ ਬੁੱਤ ਦਰਵਾਜ਼ੇ ਵਿਚ ਲਗਵਾ ਦਿਤਾ ਪਹਿਰੇਦਾਰ ਬਣਾ ਕੇ।

ਏਸ ਬਹਾਦਰ ਰਾਜਪੂਤ ਦੀ ਬਹਾਦਰੀ ਦੀ ਸੁਗੰਧੀ ਇੰਦ੍ਰ ਦੇਵਤਾ ਦੇ ਨੰਦਨ ਵਨ ਵਿਚ ਪੈਦਾ ਹੋਏ ਕਲਪ ਬ੍ਰਿਛ ਦੇ ਫੁੱਲਾਂ ਦੀ ਤਰ੍ਹਾਂ ਸਾਰੇ ਭਾਰਤ ਵਿਚ ਫੈਲ ਚੁੱਕੀ ਸੀ। ਏਸ ਕੀਰਤੀ ਤੋਂ "ਸੰਯੋਗਤਾ" ਵੀ ਪੂਰੀ ਤਰਾਂ ਪ੍ਰਭਾਵਤ ਹੋ ਚੁਕੀ ਸੀ। ਕਮਲ ਫੁੱਲ ਉਤੇ ਜਿਵੇਂ ਆਸ਼ਕ ਹੋਇਆ ਭੌਰਾ ਸਾਰਾ ਦਿਨ ਓਸ ਦੀ ਸੁਗੰਧੀ ਵਿਚ ਮਸਤ ਹੋ ਬੈਠਾ ਰਹਿੰਦਾ ਹੈ ਅਤੇ ਰਾਤ ਨੂੰ ਜਦੋਂ ਕਮਲ ਆਪਣੀਆਂ ਖੂਬਸੂਰਤ ਵਾਸ਼ਨਾ-ਮਾਇਲ ਪੰਖੜੀਆਂ ਸਮੇਟ ਲੈਂਦਾ ਹੈ ਭੰਵਰੇ ਨੂੰ ਪਤਾ ਹੀ ਨਹੀਂ ਲਗਦਾ ਕਿ ਕਿਹੜੀ ਘਟਨਾ ਮੇਰੇ ਉਤੇ ਘਟ ਰਹੀ ਹੈ। ਤੇ ਓਹ ਆਪਣਾ ਜੀਵਨ ਹੀ ਕੁਰਬਾਨ ਕਰ ਦਿੰਦਾ ਹੈ ਕਮਲ ਤੋਂ। ਏਸੇ ਤਰ੍ਹਾਂ "ਸੰਯੋਗਤਾ" ਵੀ ਆਪਣੀ ਕੁਰਬਾਨੀ ਦੇਣ ਵਾਸਤੇ ਤਿਆਰ ਹੋ ਗਈ। ਅਤੇ ਸਭ ਕੁਝ ਪ੍ਰਿਥਵੀ ਰਾਜ ਦੇ ਅਰਪਣ ਕਰਨ ਦੀ ਤਿਆਰੀ ਵਿਚ ਰੁੱਝ ਗਈ। ਆਪਣੀਆਂ ਸਹੇਲੀਆਂ ਰਾਹੀਂ ਕਿਸੇ ਨਾ ਕਿਸੇ ਤਰ੍ਹਾਂ ਦਿੱਲੀ ਸੁਨੇਹਾ ਭੇਜ ਦਿਤਾ ਅਤੇ ਪ੍ਰਿਥਵੀ ਰਾਜ ਆਪਣੇ ਕੁਝ ਬਹਾਦਰ ਜਵਾਨਾਂ ਨੂੰ ਨਾਲ ਲੈ ਕੇ ਟਾਪੋ ਟਾਪ ਕਨੌਜ ਦੇ ਨੇੜੇ ਪਹੁੰਚ ਗਿਆ।

ਅਤੇ ਆਪਣੇ ਸੂਹੀਆਂ ਨੂੰ ਸ੍ਵਯੰਬਰ ਦੀ ਤਿਆਰੀ ਦੇ ਨਿਰੀਖਣ ਲਈ ਮੁਕਰਰ ਕਰ ਦਿਤਾ। ਸੰਯੋਗਤਾ ਓਸ ਵੇਲੇ ਖੁਸ਼ੀ ਤੇ ਗਮੀ ਦੀਆਂ ਲਹਿਰਾਂ ਵਿਚ ਤੈਰ ਰਹੀ ਸੀ। ਪਰ ਓਸ ਨੂੰ ਪੂਰਾ ਯਕੀਨ ਸੀ ਕਿ ਮੇਰਾ ਕ੍ਰਿਸ਼ਨ ਜ਼ਰੂਰ ਮੇਰੀ ਸੁੱਧ ਲੈਣ ਲਈ ਏਥੇ ਪਹੁੰਚ ਚੁੱਕਾ ਹੈ। ਓਸ ਨੂੰ ਸ਼ਾਇਦ ਓਸ ਵੇਲੇ ਸ਼ਿੱਦਤ ਨਾਲ ਰੁਕਮਣੀ ਸ੍ਵਯੰਬਰ ਦੀ ਯਾਦ ਆ ਰਹੀ ਸੀ। ਜੋ ਮਨ ਹੀ ਮਨ ਕਹਿ ਰਹੀ ਸੀ —

ਆਵਤ ਹੈ ਸ਼ਸ਼ਪਾਲ ਇਤੈ
ਮੁਹਿ ਬਯਾਹਨ ਕਉ ਪ੍ਰਭ ਢੀਲ ਨਾ ਲਾਵਹੁ
(ਕ੍ਰਿਸ਼ਨਾ ਅਵਤਾਰ, ਦਸਮ ਗ੍ਰੰਥ)

ਬਹਾਦਰ ਯੁਵਰਾਜਾਂ ਦੀ ਲਾਈਨ ਲਗ ਚੁਕੀ ਸੀ ਅਤੇ ਸੰਯੋਗਤਾ ਨੂੰ ਸ੍ਵਰਨ ਤੇ ਹੀਰਿਆਂ ਜੜੇ ਹਾਰ ਵਿਚ ਕੁਝ ਖੁਸ਼ਬੂਦਾਰ ਫੁਲ ਸਜਾ ਕੇ ਜੈ ਚੰਦ ਦੇ ਪ੍ਰੋਹਤਾਂ ਨੇ ਸਵੈ ਬਰਨ ਦਾ ਇਸ਼ਾਰਾ ਕਰ ਦਿਤਾ। ਸੰਯੋਗਤਾ ਨੇ ਇਕ ਚਕ੍ਰ ਲਾਇਆ ਤੇ ਜੀ ਭਰ ਕੇ ਰਾਜ ਕੁਮਾਰਾਂ ਨੇ ਇਸ ਸੁਕੋਮਲ ਸੁਗੰਧਤ ਕੰਚਨਾਂ ਨੂੰ ਰੱਜ ਕੇ ਅੱਖਾਂ ਵਿਚ ਸਮੋ ਲਿਆ। ਹਰ ਇਕ ਨੌਜਵਾਨ ਓਸ ਦਲੇਰ ਤੇ ਬਹਾਦਰ ਨਵ-ਜੋਬਨਾਂ ਵਲ ਖਿਚਿਆ ਗਿਆ, ਜਿਵੇਂ ਮਿਕਨਾਤੀਸੀ ਸੂਈਆਂ ਧ੍ਰੁਵ ਤਾਰੇ ਵਲ ਆਕ੍ਰਸ਼ਤ ਹੋ ਜਾਂਦੀਆਂ ਹੈਨ।

ਦੂਸਰਾ ਚੱਕਰ ਬੀਬੀ ਜੀ ਨੇ ਬਹੁਤ ਹੀ ਆਰਾਮ ਨਾਲ ਸ਼ੁਰੂ ਕੀਤਾ। ਜਿਵੇਂ ਕਿਸੇ ਪਿਆਰੇ ਦੀ ਉਡੀਕ ਵਿਚ ਸੌਂਪਿਆ ਹੋਇਆ ਕੰਮ ਭੁਲ ਰਹੀ ਹੋਵੇ। ਜਿਸ ਰਾਜਕੁਮਾਰ ਕੋਲੋਂ ਬਿਨਾਂ ਦੇਖਿਆਂ ਲੰਘ ਜਾਂਦੀ – ਓਸ ਦਾ ਸੁਨਹਿਰੀ ਸਪਨਾਂ ਏਸ ਤਰ੍ਹਾਂ ਟੁੱਟ ਜਾਂਦਾ ਜਿਵੇਂ ਐਕਸੀਡੈਂਟ ਨਾਲ ਚੂਰ ਚੂਰ ਹੋਇਆ ਸ਼ੀਸ਼ਾ। ਜਿਸ ਨੂੰ ਇਕ ਨਿਗਾਹ ਨਾਲ ਤੱਕ ਲੈਂਦੀ ਓਸ ਦੀ ਊਸ਼ਾ ਦੀ ਜਿਓਤੀ ਜਗਮਗਾ ਉਠਦੀ : ਸ਼ਾਇਦ ਤੀਸਰੇ ਚੱਕਰ ਵਿਚ ਮੇਰੀ ਵਾਰੀ ਹੀ ਆਵੇਗੀ।

ਓਹ ਹੰਸਨੀ ਜਦੋਂ ਪ੍ਰਿਥਵੀ ਰਾਜ ਦੇ ਬੁੱਤ ਕੋਲ ਪਹੁੰਚੀ, ਇਕ ਮਿੰਟ ਜੀਅ ਭਰ ਕੇ ਮੂਰਤੀ ਨੂੰ ਤਕਿਆ। ਅਤੇ ਹਾਰ ਆਪਣੇ ਭਗਵਾਨ ਦੇ ਗਲ ਪਾ ਦਿਤਾ।

ਫੇਰ ਕੀ ਸੀ, ਕੁਹਰਾਮ ਮਚ ਗਿਆ। ਸਭ ਏਸ ਹੈਰਾਨੀ ਵਿਚ ਡੁੱਬ ਗਏ ਕਿ ਏਹ ਕੀ ਹੋ ਗਿਆ। ਏਸੇ ਹੀ ਟੁੱਟ ਭਜ ਵਿਚ ਪ੍ਰਿਥਵੀ ਰਾਜ ਦੇ ਬਹਾਦਰ ਸਿਪਾਹ-ਸਲਾਰਾਂ ਨੇ ਬੁੱਤ ਨੂੰ ਘੇਰ ਲਿਆ। ਅਤੇ ਸੰਯੋਗਤਾ ਬੇ-ਹੱਦ ਚੁਸਤੀ ਨਾਲ ਪਲਕ ਝਮਕਦੇ ਹੀ ਚੌਹਾਨ ਦੇ ਪਿਛੇ, ਘੋੜੇ ਤੇ ਸਵਾਰ ਹੋ ਗਈ। ਏਸ ਸਭ ਕੁਝ ਤੇ ਬਿਜਲੀ ਦੀ ਚਮਕ ਜਿੰਨਾ ਹੀ ਸਮਾਂ ਲਗਿਆ।

ਕੰਗਨਾ ਸ਼ਿਸੂਪਾਲ ਕੇ ਹਾਥ ਰਹਿਓ ਬਿਧਿ ਨੇ ਕਛੂ ਔਰ ਕੀ ਔਰ ਠਟੀ।

ਏਸੇ ਹੀ ਕੁਸਮਲਤਾ "ਸੰਯੋਗਤਾ" ਦੀ ਤੀਸਰੀ ਚੌਥੀ ਪੀਹੜੀ ਵਿਚੋਂ ਪੈਦਾ ਹੋਇਆ – ਮਹਾਂਬਲੀ, ਸੂਰ ਵੀਰ ਬਹਾਦਰ ਸੂਰਮਾਂ "ਸੋਹੂ"। ਜਿਸ ਦੀ ਮਹਾਨ ਸ਼ਕਤੀ ਨੂੰ ਦਰਸੌਂਦੀ ਏਹ ਕਹਾਵਤ ਮਸ਼ਹੂਰ ਹੈ:

"ਸੋਹੂ ਦੀ ਸਾਂਗ ਸਵਾ ਮਣ ਸੋਨਾਂ"

ਏਸ ਬਹਾਦਰ ਜਰਨੈਲ ਨੇ ਆਪਣੀ ਤਾਕਤ, ਰਿਆਇਆ — ਪਰਵਰੀ ਤੇ ਸਦਾਕਤ ਦੇ ਜ਼ਰੀਏ ਇਕ ਰਿਆਸਤ ਕੈਮ ਕਰ ਲਈ। ਜਿਸਦੀ ਆਪਣੀ ਬਣਾਈ ਰਾਜਧਾਨੀ ਦਾ ਨਾਮ ਸੀ—

"ਦੂਰਜਾਣਾ"

ਅਤੇ ਆਪਣੇ ਨਾਮ ਉਤੇ "ਸੋਹੂ" ਗੋਤ ਚਾਲੂ ਕਰ ਦਿਤਾ। ਦੂਰਜਾਣੇ ਦੇ ਨੇੜੇ ਤੇੜੇ ਸੈਂਕੜੇ ਹੀ ਸੋਹੂਆਂ ਦੇ ਪਿੰਡ ਅੱਜ ਨਜ਼ਰ ਔਂਦੇ ਹੈਨ। ਪਰ ਦੂਰਜਾਣੇ ਦਾ ਕਿਲਾ ਇਕ ਖੰਡਰ ਬਣ ਚੁੱਕਾ ਹੈ।

ਪੰਜਾਬ ਹਰਿਆਣਾ ਅਤੇ ਰਾਜਸਥਾਨ ਵਿਚ ਹਜ਼ਾਰਾਂ ਪਿੰਡ ਹੈਨ ਸੋਹੂਆਂ ਦੇ। ਅਤੇ ਪਾਕਿਸਤਾਨ ਵਿਚ ਵੀ ਸੋਹੂ ਗੋਤ ਦੇ ਮੁਸਲਮਾਨ ਹੈਨ। ਜੋ ਅਜ ਵੀ ਸੋਹੂ ਹੋਣ ਤੇ ਫਖਰ ਕਰਦੇ ਹੈਨ।

ਏਸੇ ਸੋਹੂ ਸਰਦਾਰ ਦੀ ਪੰਜਵੀਂ ਸਤਵੀਂ ਪੀੜ੍ਹੀ ਵਿਚ ਪੈਦਾ ਹੋਏ "ਸ੍ਰੀ ਜੈ ਕਿਸ਼ਨ" ਜਿੰਨਾਂ ਦੀ ਨੌਹਰ ਭਾਦਰਾ ਕੋਲ ਪਿੰਡ ਕਰਨ ਪੁਰਾ ਵਿਚ ਬਹੁਤ ਵਡੀ ਜਾਗੀਰ ਸੀ। ਊਠਾਂ ਗਾਈਆਂ ਤੇ ਭੇਡਾਂ ਦੇ ਵੱਗ। ਅਤੇ ਹਜ਼ਾਰਾਂ ਏਕੜ ਖੁਲ੍ਹੇ ਟਿਬਿਆਂ ਦੀ ਬਰਾਨੀ ਜ਼ਮੀਨ। ਏਹੋ ਤਾਂ ਬਾਗੜੀ ਸਰਮਾਇਆ ਸੀ। ਜਾਨਵਰ ਖੁਲ੍ਹੀਆਂ ਜਾਗੀਰਾਂ ਵਿਚ ਮੰਨ ਮੰਨਿਆਂ ਚਾਰਾ ਛਕਦੇ ਤੇ ਰੱਜ ਕੇ ਜੰਗਲ ਵਿਚ ਹੀ ਵਿਸ਼ਰਾਮ ਕਰ ਲੈਂਦੇ। ਕਦੇ ਕਦੇ, ਸਾਰਿਆਂ ਵੱਗਾਂ ਦੀ ਦੇਖ ਭਾਲ ਕਰਨ ਵਾਸਤੇ ਚੌਧਰੀ ਜੈ ਕਿਸ਼ਨ ਜੀ ਆਪ ਅਤੇ ਇਹਨਾਂ ਦੇ ਕਾਰਿੰਦੇ ਝੀਂਵਰੇ ਊਠਾਂ ਉਤੇ ਕਾਠੀਆਂ ਕਸਦੇ ਅਤੇ ਆਪਦੇ ਊਠਾਂ ਦੇ ਟੋਲੇ ਗਾਂਈਆਂ ਦੇ ਵੱਗ ਅਤੇ ਭੇਡਾਂ ਬਕਰੀਆਂ ਦੇ ਇਜੜਾਂ ਦੀ ਦੇਖਭਾਲ ਕਰ ਔਂਦੇ। ਨਾ ਚੋਰੀ ਦਾ ਡਰ ਨਾ ਪਸ਼ੂਆਂ ਦੇ ਗੁਆਚਣ ਦਾ ਖੌਫ ਅਤੇ ਨਾ ਹੀ ਮਾਸ–ਖੋਰ ਜਾਨਵਰਾਂ ਦੀ ਚਿੰਤਾ ਜੋ ਸੈਂਕੜੇ ਭੇਡਾਂ ਬਕਰੀਆਂ ਨੂੰ ਕੁਝ ਦਿਨਾਂ ਵਿਚ ਹੀ ਸਮੇਟ ਕੇ ਰਖ ਦਿੰਦੇ ਹਨ। ਪਰ ਇਕੋ ਖੁਦਾਈ ਕਹਿਰ ਦੀ ਚਿੰਤਾ ਜ਼ਰੂਰ ਮਨ ਵਿਚ ਵਿਆਪਤ ਰਹਿੰਦੀ ਜੇ ਬਾਰਸ਼ ਨਾ ਹੋਈ ਤਾਂ ਕੀ ਬਣੇਗਾ ਸਾਡਾ ਤੇ ਏਹਨਾਂ ਗ੍ਰੀਬ ਗਾਈਆਂ ਭੇਡਾਂ ਅਤੇ ਊਠਾਂ ਦਾ? ਬਾਰਸ਼ ਤਾ ਹਮੇਸ਼ਾਂ ਲੁਕਣ ਮੀਟੀ ਖੇਡਦੀ ਹੀ ਰਹਿੰਦੀ ਸੀ। ਏਹਨਾਂ ਹੀ ਸੋਕੇ ਡੋਬੇ ਦੀਆਂ ਹਾਲਤਾਂ ਵਿਚ ਪੈਦਾ ਹੋਏ ਸਾਡੇ ਏਸ ਲੇਖ ਜਾਂ ਸਾਖੀ ਦੇ ਨਾਇਕ ਚੌਧਰੀ ਜੈ ਕਿਸ਼ਨ ਜੀ ਦੇ ਘਰ ਨਰ ਬਹਾਦਰ ਚੌਧਰੀ ਹਮੀਰ ਸਿੰਘ।

ਖਾਂਦੇ ਪੀਂਦੇ ਘਰਾਂ ਦੇ ਖਾਨਦਾਨਾਂ ਦੇ ਬੱਚਿਆਂ ਨੂੰ ਜੁਆਨ ਹੁੰਦਿਆਂ ਸਮਾਂ ਨਹੀਂ ਲਗਦਾ। ਅਜ ਹੋਰ ਕਲ ਹੋਰ ਤੇ ਹੋਰ ਦੇ ਹੋਰ। ਹਮੀਰ ਸਿੰਘ ਜੀ ਦਿਨਾਂ ਵਿਚ ਹੀ ਜੁਆਨ ਹੋ ਗਏ। ਤੇ ਸਾਰੀ ਜਾਗੀਰ ਤੇ ਜਾਨਵਰਾਂ ਦੀ ਦੇਖਭਾਲ ਖੁਦ ਸ਼ੁਰੂ ਕਰ ਦਿਤੀ। ਓਧਰ ਮਹਾਂ ਕਾਲ ਸ਼ੁਰੂ ਹੋ ਚੁੱਕਾ ਸੀ। ਘਾਹ ਫੂਸ ਮੁਰਝਾ ਗਿਆ ਸੀ ਤੇ ਜੰਡ ਮਲ੍ਹੇ ਤੇ ਫੋਗ ਉਤੇ ਹੀ ਸਾਰੇ ਜਾਨਵਰਾਂ ਦਾ ਗੁਜ਼ਾਰਾ ਚਲ ਰਿਹਾ ਸੀ। ਓਹ ਵੀ ਮਹਾਂ ਕਾਲ ਵਿਚ ਕਿਤਨਾ ਚਿਰ ਸਾਥ ਦਿੰਦੇ। ਅਖੀਰ ਮਵੈਸ਼ੀ ਕਮਜ਼ੋਰ ਹੁੰਦੇ ਚਲੇ ਗਏ ਤੇ ਕਮਜ਼ੋਰਾਂ ਵਿਚੋਂ ਵਿਰਲੇ ਵਿਰਲੇ ਮਰਨ ਵੀ ਲਗ ਪਏ। ਏਹ ਦੁਰਦਸ਼ਾ ਚੌਧਰੀ ਹਮੀਰ ਸਿੰਘ ਜੀ ਬਰਦਾਸ਼ਤ ਨਾ ਕਰ ਸਕੇ ਅਤੇ ਓਹਨਾਂ ਰਾਜਸਥਾਨ ਤੋਂ ਦੂਰ ਆਪਣੀ ਸਰਦਾਰੀ ਬਣੌਣ ਦੀ ਠਾਣ ਲਈ।

ਪੰਜਾਬ ਵਿਚ ਪਾਣੀ ਦੀ ਆਵਾਜਾਈ ਜ਼ੋਰ ਸ਼ੋਰ ਨਾਲ ਚਲ ਰਹੀ ਸੀ। ਸਾਰਾ ਬਾਗੜ ਸਰਹਿੰਦ ਨਹਿਰ ਦੀ ਪੁਟਾਈ ਵਾਸਤੇ ਪੰਜਾਬ ਪਹੁੰਚ ਚੁੱਕਾ ਸੀ। ਓਹ ਨਹਿਰ ਜੋ ਓਸ ਵੇਲੇ ਸਭ ਤੋਂ ਚੌੜੀ ਡੂੰਘੀ ਅਤੇ ਲੰਮੀ ਨਹਿਰ ਸੀ, ਸਿਰਾਂ ਉਤੇ ਟੋਕਰੀਆਂ ਤੇ ਕਹੀਆਂ ਨਾਲ ਪੁੱਟੀ ਜਾ ਰਹੀ ਸੀ। ਨਾਲ ਦੀ ਨਾਲ ਹੀ ਅੰਗ੍ਰੇਜ਼ ਇੰਜੀਨੀਅਰ ਪੁਲਾਂ ਦੀ ਉਸਾਰੀ ਕਰੀ ਜਾ ਰਹੇ ਸਨ। ਸੂਏ, ਰਜਵਾਹੇ ਅਤੇ ਕੱਸੀਆਂ ਦੀ ਪੁਟਾਈ ਵੀ ਚਾਲੂ ਹੋ ਚੁਕੀ ਸੀ। ਪੰਜਾਬ ਦੇ ਸਭ ਤੋਂ ਵੱਡੇ ਦਰਿਆ ਸਤਿਲੁਜ ਦਾ ਹੈਡ ਵੀ ਰਾਤ ਦਿਨ ਜ਼ੋਰ ਸ਼ੋਰ ਨਾ

ਤਿਆਰ ਹੋ ਰਿਹਾ ਸੀ। ਸੂਇਆਂ ਵਿਚ ਮੋਘੇ ਫਿਟ ਕੀਤੇ ਜਾ ਰਹੇ ਸਨ ਅਤੇ ਪਿੰਡਾਂ ਦੇ ਖਾਲ ਵੀ ਨਾਲੋ ਨਾਲ ਹੀ ਤਿਆਰ ਹੋ ਰਹੇ ਸਨ। ਸਰਹਿੰਦ ਨਹਿਰ ਦੀਆਂ ਅਫਵਾਹਾਂ ਦੂਰ ਵਲੈਤਾਂ ਤਕ ਫੈਲ ਚੁਕੀਆਂ ਸਨ। ਏਹ ਨਹਿਰ ਭਾਰਤ ਲਈ ਇਕ ਕਰਾਮਾਤ ਜਾਂ ਮੋਅਜਜ਼ੇ ਤੋਂ ਘਟ ਨਹੀਂ ਸੀ। ਏਹ ਇਕ ਸੁਨਹਿਰੀ ਸਪਨਾ ਹੀ ਸੀ, ਜਿਸਦਾ ਖਾਬ ਅਜ ਤੋਂ ਪਹਿਲਾਂ ਕੇਵਲ ਦੇਵਤੇ ਹੀ ਲੈਂਦੇ ਸਨ। ਕਿਉਂਕਿ ਇੰਦ੍ਰ ਦੇ ਨੰਦਨ ਵਣ ਵਿਚ ਹੀ ਆਬਸ਼ਾਰਾਂ, ਝਰਨੇ ਤੇ ਨਹਿਰਾਂ, ਬਾਗਾਂ ਨੂੰ ਸਿੰਜਦੇ ਸਨ। ਜਿੰਨ੍ਹਾਂ ਸਦਕਾ ਹੀ ਸ੍ਵਰਗਾਂ ਵਿਚ ਕਾਮਧੇਨ ਗਊਆਂ ਪਲਦੀਆਂ ਸਨ। ਅਤੇ ਦੁਧ ਦੀਆਂ ਨਦੀਆਂ ਵਗਦੀਆਂ ਸਨ। ਬਾਗਾਂ ਉਤੇ ਸ਼ਹਿਦ ਦੀਆਂ ਮੱਖੀਆਂ ਦੇ ਛਤੇ ਲਟਕਦੇ ਸਨ। ਜਿੰਨ੍ਹਾਂ ਕਰਕੇ ਮਿਠੇ ਸ਼ਹਿਦ ਦੇ ਕੁੰਡ ਭਰੇ ਰਹਿੰਦੇ ਸਨ ਸ੍ਵਰਗਾਂ ਵਿਚ। ਅੱਜ ਓਹੋ ਸਪਨੇ ਮਾਤ ਲੋਕ ਉਤੇ ਸਾਕਾਰ ਹੋਣ ਜਾ ਰਹੇ ਸਨ।

ਜਦੋਂ ਸਰਹਿੰਦ ਨਹਿਰ ਪੁੱਟਣੀ ਸ਼ੁਰੂ ਹੋਈ ਸੀ ਓਸ ਤੋਂ ਸੌ ਡੇਢ ਸੌ ਸਾਲ ਪਹਿਲਾਂ ਹੀ ਏਸ ਨੇ ਬਣ ਜਾਣਾ ਸੀ। ਜੇ ਚੌਧਰੀ ਡੱਲਾ ਵਿਚ ਰੋੜੇ ਨਾਂ ਅਟਕੌਂਦਾ। ਸਾਖੀ ਏਸ ਤਰ੍ਹਾਂ ਹੈ:

ਸਾਬੋ ਕੀ ਤਲਵੰਡੀ ਜੋ ਡੱਲੇ ਦੀ ਰਿਆਸਤ ਵਿਚ ਪੈਂਦੀ ਸੀ ਅਤੇ ਚੌਧਰੀ ਡੱਲੇ ਦੀ ਰਾਜਧਾਨੀ ਵੀ ਸੀ। ਏਸ ਦੇ ਆਲੇ ਦੁਆਲੇ ਟਿਬੇ ਹੀ ਟਿੱਬੇ ਸਨ। ਥੋੜੀ ਜਿੰਨੀ ਤੇਜ਼ ਹਵਾ ਚਲਣ ਉਤੇ ਸਾਰੇ, ਘਰ, ਬਾਜ਼ਾਰ, ਰੇਤ ਨਾਲ ਭਰ ਜਾਂਦੇ। ਸ਼ਨਾਨ ਵਾਸਤੇ ਪਾਣੀ ਬਸ ਨਾਮ ਹੀ ਹੱਛਾ ਹੈ। ਵੱਧ ਤੋਂ ਵਧ ਪੀਣ ਦੇ ਪਾਣੀ ਦੀ ਹੀ ਗੱਲ ਕਰ ਸਕਦੇ ਹੋ। ਜਲ, ਉਹ ਵੀ ਬਰਸਾਤ ਨਾਲ ਭਰੇ ਛਪੜਾਂ ਟੋਭਿਆਂ ਤੇ ਢਾਬਾਂ ਦਾ। ਛਪੜਾਂ ਦੇ ਕੰਢੇ ਵਿਰਲੇ ਵਿਰਲੇ ਪਿੰਡਾਂ ਵਿਚ ਮਿਠੇ ਪਾਣੀ ਦੇ ਖੂਹ ਵੀ ਸਨ ਅਤੇ ਸਾਬੋ ਕੀ ਤਲਵੰਡੀ ਵਿਚ ਵੀ ਮਿਠੇ ਜਲ ਦਾ ਇਕ ਖੂਹ ਸੀ। ਜਿਥੋਂ ਸੋਕਾ ਪੈਣ ਉਤੇ ਗੁਆਂਢੀ ਪਿੰਡਾਂ ਦੇ ਆਦਮੀ ਵੀ ਪਾਣੀ ਲੈ ਕੇ ਜਾਂਦੇ ਤੇ ਆਪਣੇ ਪਸੂ ਡੰਗਰਾਂ ਨੂੰ ਵੀ ਕੁਝ ਭੁੰਗਾ ਦੇ ਕੇ ਪਾਣੀ ਪਿਆਲਦੇ ਸਨ। ਰਾਜਸਥਾਨ ਦਾ ਬਾਡਰ ਹੀ ਤਾਂ ਸੀ ਮਾਲਵਾ ਪ੍ਰਾਂਤ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਈ ਡੱਲੇ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਇਕ ਦਿਨ ਕਹਿਣ ਲੱਗੇ –

ਵੇਖ ਓਏ ਡੱਲਿਆ ਨਹਿਰਾਂ।

ਨਹੀਂ ਪਾਤਿਸ਼ਾਹ ਨਹੀਂ! ਏਹ ਤਾਂ ਮ੍ਰਿਗ ਤ੍ਰਿਸ਼ਨਾਂ ਦੇ ਡਉ ਹੈਨ।

ਵੇਖ ਉਏ ਡੱਲਿਆਂ ਕਣਕਾਂ!

ਨਹੀਂ ਪਾਤਸ਼ਾਹ ਨਹੀਂ। ਏਹ ਤਾਂ ਬਰੂ ਤੇ ਕਾਈ ਹੈ।

ਸਚੇ ਪਾਤਿਸ਼ਾਹ ਜੀ ਕਿਹਾ – ਵੇਖ ਓਏ ਡਲਿਆ ਅੰਬਾਂ ਦੇ ਬਾਗ।

ਡਲੇ ਹੱਥ ਜੋੜ ਕੇ ਕਿਹਾ, ਸਤਿਗੁਰੋ ਏਹ ਤਾਂ ਅੱਕ ਹੈਨ। ਅਤੇ ਏਹਨਾਂ ਨਾਲ ਲਗੀਆਂ ਹੈਨ ਕੁਕੜੀਆਂ। ਜੋ ਅੰਬਾਂ ਦਾ ਭੁਲੇਖਾ ਪੌਂਦੀਆਂ ਹੈਨ।

ਸਚੇ ਪਾਤਿਸ਼ਾਹ ਜੀ ਫੇਰ ਕਿਹਾ — ਵੇਖ ਉਏ ਡੱਲਿਆ ਬਾਗ਼ ਬਗੀਚੇ ਤੇ ਫੁੱਲਾਂ ਦੀਆਂ ਕਿਆਰੀਆਂ।

ਡੱਲੇ ਨੂੰ ਏਨੀ ਸਮਝ ਕਿਥੇ। ਜੋ ਸਤਿ ਬਚਨ ਕਹਿ ਦਿੰਦਾ – ਕਹਿਣ ਲਗਾ ਮਹਾਰਾਜ! ਏਹ ਤੇ ਬੂਈਆਂ, ਅੱਕ, ਸਿੰਨ ਤੇ ਸੱਜੀ ਖਾਰ ਦੇ ਬੂਟੇ ਹੈਨ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੱਕ ਕੇ ਕਿਹਾ – ਜਾਹ ਉਏ ਡੱਲਿਆ

ਝੱਲਿਆ ਜੇ ਸਤ ਬਚਨ ਆਖ ਦਿੰਦੋਂ ਤਾਂ ਏਹ ਸਭ ਕੁਝ ਤੇਰੀਆਂ ਅੱਖਾਂ ਸਾਹਮਣੇ ਵੇਖਦੇ ਵੇਖਦੇ ਹੀ ਹੋ ਜਾਣਾ ਸੀ। ਹੁਣ ਹੋਵੇਗਾ ਤਾਂ ਸਭ ਕੁਝ! ਪਰ ਦੇਰ ਪਾ ਕੇ।

ਅਬੋਹਰ ਦਾ ਇਲਾਕਾ, ਸੌ ਹੱਥ ਡੂੰਘੇ ਪਾਣੀ, ਓਹ ਵੀ ਖਾਰੇ, ਤੇ ਕੌੜੇ। ਖੁਸ਼ਕਿਸਮਤੀ ਨਾਲ ਛਪੜਾਂ ਦੇ ਕੰਢੇ ਉਤੇ ਪੁਟੇ ਖੂਹ ਕਿਤੇ ਕਿਤੇ ਮਿਠੇ ਨਿਕਲ ਪੈਂਦੇ ਸਨ। ਜੋ ਏਨੇ ਡੂੰਘੇ ਹੁੰਦੇ ਕਿ ਪਾਣੀ ਤਾਰੇ ਵਾਂਗ ਹੀ ਚਮਕਦਾ ਤੇ ਕਦੇ ਕਦੇ ਦਿਸ ਵੀ ਪੈਂਦਾ। ਅਸੀਂ ਛੋਟੇ ਛੋਟੇ ਹੁੰਦੇ ਸਾਂ। ਭੈਣੀ ਸਾਹਿਬ ਇਕ ਵਾਰ ਮਾਲਵੇ ਦੇ ਪਾਣੀ ਦੀ ਗੱਲ ਚੱਲੀ। ਸੰਤ ਕੁੰਦਨ ਸਿੰਘ ਜੀ ਭਗੌਤੇ ਕਹਿਣ ਲਗੇ — ਮਾਲਵੇ ਵਿਚ ਅਰਜਨ ਦੇ ਬਾਣ ਚਲੇ ਹਨ, ਜਿੰਨ੍ਹਾਂ ਨੇ ਮਿਠਾ ਪਾਣੀ ਸਾਰਾ ਸੋਖ ਲਿਆ ਹੈ। ਤੇ ਰਹਿ ਗਿਆ ਹੈ ਖਾਰਾ ਓਹ ਵੀ ਪਤਾਲ ਵਿਚ। ਪਰ ਅਜ ਸਾਡੇ ਇਲਾਕੇ ਵਿਚ ਸੇਮ ਆ ਗਈ ਹੈ ਨਹਿਰਾਂ ਦੇ ਪਾਣੀ ਕਰਕੇ ਅਤੇ ਏਸ ਭੱਠ ਤਪਦੇ ਜੰਗਲਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਰ ਸਦਕਾ ਬਾਗਾਂ ਦੀ ਭਰਮਾਰ ਹੈ। ਵੈਸੇ ਵਰ ਸਦਕਾ ਹੀ ਸਾਰੇ ਭਾਰਤ ਵਿਚੋਂ ਮਾਲਵੇ ਨੂੰ ਭਾਗ ਲਗੇ ਸਭ ਤੋਂ ਪਹਿਲਾਂ, ਸਰਹਿੰਦ ਨਹਿਰ ਦੀ ਸਿਰਜਣਾ ਨਾਲ।

ਕਹਾਣੀ 'ਰੱਤਾਵਾਸ' ਦੀ

ਆਓ ਹੁਣ ਆਪਾਂ ਪਿਛੇ ਦੀ ਸੁਧ ਲਈਏ। ਛੇਤੀ ਹੀ ਸਰਹਿੰਦ ਨਹਿਰ ਦੇ ਪਾਣੀ ਦੀ ਆਓ ਆਈ। ਸਾਡੇ ਏਸ ਕਹਾਣੀ ਦੇ ਨਾਇਕ ਚੌਧਰੀ ਹਮੀਰ ਸਿੰਘ ਦੇ ਕੰਨੀ ਪੈ ਗਈ। ਏਹ ਬਹਾਦਰ ਨੌਜਵਾਨ ਨੇ ਝੀਂਗਰੇ ਊਠ ਉਤੇ ਪਾਈ ਕਾਠੀ ਅਤੇ ਨਾਲ ਹੀ ਲੈ ਲਿਆ ਬਿਸਤਰਾ ਤੇ ਥੋੜੇ ਬਹੁਤ ਕਪੜੇ ਅਤੇ ਰਿਆਸਤ ਪਟਿਆਲਾ ਦੇ ਮਸ਼ਹੂਰ ਸ਼ਹਿਰ ਬਠਿੰਡਾ ਦੇ ਇਲਾਕੇ ਜੋਗੇਵਾਲਾ ਪਿੰਡ ਵਿਚ, ਬਾਰਾਂ ਸੌ ਘੁਮਾਂ ਜ਼ਮੀਨ ਜਾ ਖ੍ਰੀਦੀ। ਏਹ ਪਿੰਡ ਕਿਉਂਕਿ ਸ੍ਰਦਾਰਾਂ ਦੇ ਸਨ ਜੋ ਮਹਾਰਾਜਾ ਪਟਿਆਲਾ ਨੇ ਖੁਸ਼ ਹੋ ਕੇ ਆਪਣੇ ਰਿਸ਼ਤੇਦਾਰਾਂ ਤੇ ਅਹਿਲਕਾਰਾਂ ਨੂੰ ਜਾਗੀਰ ਵਜੋਂ ਸੌਂਪ ਦਿਤੇ ਸਨ। ਓਸ ਵੇਲੇ ਰਿਆਸਤ ਪਟਿਆਲੇ ਵਿਚ ਸਿਖ ਸਰਦਾਰਾਂ ਦੀ ਬ੍ਹੁਤ ਚੜ੍ਹ ਸੀ ਅਤੇ ਓਹਨਾਂ ਦੀ ਸੰਗਤ ਵਿਚ ਆ ਕੇ ਚੌਧਰੀ ਹਮੀਰ ਸਿੰਘ ਨੇ ਧੋਤੀ ਲੰਗੋਟੀ ਲਾਹ ਕੇ ਅੰਮ੍ਰਿਤ ਛਕ ਲਿਆ। ਅਤੇ ਤਿਆਰ ਬਰ ਤਿਆਰ ਸਿੰਘ ਸਜ ਗਏ-ਤੇ-ਬਣ ਗਏ ਹੁਣ ਚੌਧਰੀ ਤੋਂ ਸ੍ਰਦਾਰ ਹਮੀਰ ਸਿੰਘ। ਜੋਗੇਵਾਲੇ ਦੇ ਅਸਲੋਂ ਨੇੜੇ ਪੈਂਦਾ ਸੀ ਸਿਧੂ ਬਰਾੜ ਸਰਦਾਰਾਂ ਦਾ ਪਿੰਡ ਮਲਕਾਣੇਂ ਦੂਸਰਾ ਵਿਆਹ ਏਥੇ ਕਰਵਾ ਲਿਆ, ਸਰਦਾਰਾਂ ਦੇ ਪਿੰਡ "ਮਲਕਾਣੇ" ਵਿੱਚ।

ਏਹਨਾਂ ਦਾ ਇਕ ਵਿਆਹ ਪਹਿਲਾਂ ਵੀ ਹੈ ਸੀ ਮਾਤਾ ਗੋਤਮੀ ਜੀ ਨਾਲ। ਜਿਸਦਾ ਗੋਤ ਸਿਆਰਾਈ ਸੀ। ਪਰ ਓਸ ਦੇ ਬੱਚਾ ਕੋਈ ਨਹੀ ਸੀ ਹੋਇਆ ਜਿਸ ਵਾਸਤੇ ਦੂਸਰਾ ਵਿਆਹ ਲਾਜ਼ਮੀ ਸੀ। ਕਿਉਂਕਿ **"ਪੁਤੀਂ ਗੰਢਿ ਪਵੈ ਸੰਸਾਰ"**।

ਗੁਰੂ ਜੀ ਨੇ ਲਿਖ ਦਿਤਾ ਹੈ "ਪੁੱਤੀਂ ਗੰਢ" ਤੇ ਅਸੀਂ ਮੰਨ ਲੈਂਦੇ ਹਾਂ। ਪਰ ਅੱਜ ਕਲ ਜੇ ਕਿਸੇ ਆਦਮੀ ਨੂੰ ਗਲਤੀ ਨਾਲ ਦਾਦੇ ਪੜਦਾਦੇ ਦਾ ਨਾਮ ਪੁਛ ਬੈਠੀਏ ਤਾਂ ਉਤਰ ਹੋਵੇਗਾ ਓਸਦੇ ਨਾਮ ਦਾ ਪਤਾ ਨਹੀਂ।

ਸ੍ਰ. ਹਮੀਰ ਸਿੰਘ ਜੀ ਦੀਆਂ ਰਗਾਂ ਵਿਚ ਵੀ ਆਪਣੇ ਦਾਦੇ, ਪੜਦਾਦੇ "ਸੋਹੂ" ਸਰਦਾਰ-ਬਾਦਸ਼ਾਹ-ਦਾ ਖੂਨ ਦੌੜਦਾ ਸੀ। ਓਹ ਏਸ ਬਾਰਾਂ ਸੌ ਘੁਮਾ ਤੇ ਕਦੋਂ ਰੁਕਣ ਵਾਲਾ ਸੀ। ਓਸਨੇ ਓਹ ਜ਼ਮੀਨ ਅਸਲੋਂ ਥੋੜ੍ਹੇ ਜਿੰਨੇ ਪੈਸਿਆਂ ਵਿਚ ਗਹਿਣੇ ਧਰ ਦਿਤੀ ਘੁਮਿਆਰਾਂ ਕੋਲ। ਕੇਵਲ ਦੋ ਸੌ ਰੁਪਏ ਵਿਚ। ਏਹ ਬੜੀ ਹੈਰਾਨੀ ਦੀ ਗੱਲ ਹੈ ਜਿਸ

ਗੱਲ ਨੂੰ ਅਜ ਕਲ ਦੇ ਵਕੀਲ ਨੂੰ ਵੀ ਜੇ ਪੁਛੀਏ ਕਿ ਮੈਂ ਏਡੀ ਵਡੀ ਜਾਇਦਾਦ ਨੂੰ ਕਿਵੇਂ ਸੁਰਖਿਅਤ ਰਖਾਂ, ਤਾਂ ਓਸਨੂੰ ਵੀ ਕਈ ਕਿਤਾਬਾਂ ਫੋਲਣੀਆਂ ਪੈਣਗੀਆਂ। ਤੇ ਫਿਰ ਦਸੇਗਾ ਕਿ ਗਿਰਵੀ ਹੀ ਏਸਦਾ ਇਕੋ ਇਕ ਹੱਲ ਹੈ। ਪਰ ਸਾਡੇ ਏਸ ਬਾਂਕੇ ਸਰਦਾਰ ਨੂੰ ਅਜ ਤੋਂ ਸੌ ਸਾਲ ਤੋਂ ਵੀ ਪਹਿਲਾਂ ਪਤਾ ਸੀ। ਕਾਨੂੰਨ ਦੀ ਮਾਰ ਤੋ ਬਚਣ ਦਾ ਸਾਧਨ ਜਾਇਦਾਦ ਗਿਰਵੀ ਹੀ ਹੈ।

ਪਟਿਆਲੇ ਦੀ ਰਿਆਸਤ ਛਡ ਕੇ ਸ੍ਰਦਾਰ ਹਮੀਰ ਸਿੰਘ ਹੁਣ, ਜ਼ਿਲਾ ਫਿਰੋਜ਼ਪੁਰ ਵਿਚ ਆਣ ਦਾਖਲ ਹੋਇਆ। ਜਿਥੇ ਅੰਗ੍ਰੇਜ਼ ਦੀ ਹਕੂਮਤ ਸੀ। ਏਥੇ ਵੀ ਨਹਿਰ ਪੁਟੀ ਜਾ ਚੁਕੀ ਸੀ। ਅਤੇ ਸੂਏ ਖਾਲ ਬਣੌਣ ਦਾ ਕੰਮ ਰਾਤ ਦਿਨ, ਚਲ ਰਿਹਾ ਸੀ। ਨਹਿਰ ਦੇ ਨੇੜੇ ਹੀ ਇਕ ਵਧੀਆ ਥਾਂ ਵੇਖਕੇ ਪਿੰਡ 'ਰੱਤਾ ਵਾਸ' ਦੀ ਨੀਂਹ ਰੱਖ ਦਿਤੀ। ਅੰਗ੍ਰੇਜ਼ ਦੀ ਏਹ ਸ਼ਰਤ ਸੀ – ਕਿ ਓਤਨੀ ਜ਼ਮੀਨ ਉਤੇ ਹੀ ਕਬਜ਼ਾ ਕਰੋ ਜਿਤਨੀ ਸਾਂਭ ਤੇ ਆਬਾਦ ਕਰ ਸਕਦੇ ਹੋ। ਏਥੇ ਸੋਲਾਂ ਸੌ ਘੁਮਾਂ ਉਤੇ ਕਬਜ਼ਾ ਰਖ ਕੇ ਬਾਕੀ ਜ਼ਮੀਨ ਰਿਸ਼ਤੇਦਾਰਾਂ ਵਿਚ ਵੰਡ ਦਿਤੀ। ਸਮੇਂ ਦੇ ਮੁਤਾਬਕ ਪੜੇ ਲਿਖੇ ਤਾਂ ਹੈ ਵੀ ਸਨ। ਪੰਜਾਬ ਵਿਚ ਆ ਕੇ ਉਰਦੂ ਤੇ ਪੰਜਾਬੀ ਵਿਚ ਪੂਰੀ ਮੁਹਾਰਤ ਹਾਸਲ ਕਰ ਲਈ ਅਤੇ ਏਥੋਂ ਦੇ ਸਰਕਰਦਾ ਆਦਮੀਆਂ, ਨੰਬਰਦਾਰਾਂ, ਜ਼ੈਲਦਾਰਾਂ ਨਾਲ ਵਾਕਫ਼ੀ ਗੰਢ ਲਈ ਅਤੇ ਪਿੰਡ ਦੀ ਨੰਬਰਦਾਰੀ ਖੁਦ ਸਾਂਭ ਲਈ। ਜਿਸ ਵਾਸਤੇ ਸਾਰੇ ਅਫਸਰਾਂ ਤੇ ਅਹਿਲਕਾਰਾਂ ਵਿਚ ਵੱਡੀ ਇੱਜ਼ਤ ਹਾਸਲ ਹੋਈ। ਨੰਬਰਦਾਰ ਓਸ ਵੇਲੇ ਪਿੰਡ ਦਾ ਹਰਤਾ ਕਰਤਾ ਹੁੰਦਾ ਸੀ। ਨੰਬਰਦਾਰ ਜੋ ਰਾਤ ਨੂੰ ਦਿਨ ਕਹਿ ਦੇਵੇ ਤਾਂ ਸਾਰੇ ਪਿੰਡ ਨੂੰ ਦਿਨ ਹੀ ਕਹਿਣਾ ਤੇ ਮੰਨਣਾ ਪੈਂਦਾ ਸੀ।

ਪਿੰਡ 'ਰੱਤਾ ਵਾਸ' ਦੇ ਆਲੇ ਦੁਆਲੇ ਬਹੁਤ ਵੱਡੇ ਵੱਡੇ ਸਰਦਾਰਾਂ ਤੇ ਪੀਰਾਂ ਦੇ ਪਿੰਡ ਸਨ। ਜੋ ਆਮ ਤੌਰ ਤੇ ਮੁਸਲਮਾਨ ਸਨ। ਕੁਝ ਕੁ ਬਹੁਤ ਪੁਰਾਣੇ ਤੇ ਬਹੁਤ ਸਾਰੇ ਨਵੇਂ ਆਬਾਦਕਾਰ ਸਨ ਏਥੇ। ਅਤੇ ਸਿੰਘਾਂ ਸਰਦਾਰਾਂ ਦੇ ਪਿੰਡ ਵੀ ਬਹੁਤ ਸਨ। ਏਸ ਤਰਾਂ ਏਹ ਆਬਾਦੀ ਪੂਰੀ ਤਰਾਂ ਸਿਖਾਂ ਤੇ ਮੁਸਲਮਾਨਾਂ ਵਿਚ ਵੰਡੀ ਹੋਈ ਸੀ। ਪਰ ਆਪਸੀ ਭਾਈਚਾਰਾ ਬਹੁਤ ਵੱਡਾ ਸੀ। ਆਬਾਦੀ ਬਹੁਤ ਹੀ ਵਿਰਲੀ ਸੀ ਅਤੇ ਜ਼ਿਲਾ ਫਿਰੋਜ਼ਪੁਰ ਦੀ ਏਹੋ ਸਬ ਤਹਿਸੀਲ ਅਜ ਕਲ੍ਹ ਦੇ ਜ਼ਿਲੇ ਜੇਡੀ ਸੀ। ਤੁਸੀਂ ਏਹ ਸੁਣ ਕੇ ਹੈਰਾਨ ਹੋਵੋਗੇ–ਕਿ ਓਸ ਵੇਲੇ ਸਾਡੀ ਵੱਡੀ ਤਹਿਸੀਲ ਸਿਰਸਾ ਸੀ। ਅਤੇ ਓਥੇ ਹੀ ਸਾਡੇ ਬਜ਼ੁਰਗ ਤਾਰੀਖਾਂ ਭੁਗਤ ਕੇ ਔਂਦੇ ਸਨ। ਫ਼ਾਜ਼ਿਲਕਾ ਸਬ ਤਹਿਸੀਲ ਵੀ ਏਡੀ ਵੱਡੀ ਸੀ ਕਿ ਮਲੋਟ, ਲੰਮੀ, ਦੱਬ੍ਹਵਾਲੀ, ਗਿਦੜਬਾਹਾ, ਮੁਕਤਸਰ, ਲਖੇਵਾਲੀ, ਰੋੜਾਂ ਵਾਲੀ, ਲਾਧੂਕਾ ਮੰਡੀ, ਅਬੋਹਰ ਅਤੇ ਫ਼ਾਜ਼ਿਲਕਾ ਸਭ ਨਿਕੇ ਮੋਟੇ ਦਸ ਸ਼ਹਿਰ ਤੇ ੩੯੫ ਪਿੰਡ ਏਸੇ ਵਿਚ ਸਮਾਏ ਹੋਏ ਸਨ।

ਅੱਜ ੧੯੪੭ ਵਿਚ ਜਦੋਂ ਪਾਕਿਸਤਾਨ ਬਣਨ ਲਗਾ ਸੀ ਓਸ ਵੇਲੇ ਏਹ ਅਫਵਾਹ ਬੜੀ ਗਰਮ ਸੀ ਕਿ ਫਾਜ਼ਲਿਕਾ ਵੀ ਪਾਕਿਸਤਾਨ ਵਿਚ ਜਾ ਰਹੀ ਹੈ।

ਤੇ ਅਸੀਂ ਬਚ ਗਏ

ਬੇਅੰਤ ਜੀ ਹੁਣ ਵੀਹਵਿਆਂ ਨੂੰ ਪਾਰ ਕਰ ਗਏ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੈਨੂੰ ਕਿਹਾ.–

ਤੂੰ ਤੇ ਹਰਨਾਮ ਸਿੰਘ ਬਹਾਵਲ ਪੁਰ ਜਾਓ। ਤੂੰ ਆਪਣੀ ਮਾਸੀ ਦੀ ਧੀ ਨੂੰ ਗੁਰੂ

ਸਰ ਲੈ ਆ। ਅਤੇ ਨਾਲ ਹੀ ਦੂਸਰੇ ਟੱਬਰ ਨੂੰ ਵੀ ਲੈ ਆ, ਨਾਹਰ ਸਿੰਘ ਦੇ ਨੂੰ। ਸਮੇਤ ਆਪਣੀ ਮਾਸੀ ਜੀ ਦੇ। ਅਸੀਂ ਚਾਹੁੰਦੇ ਹਾਂ ਤੇਰੀ ਮਾਸੀ ਦੀ ਧੀ ਮੇਰੀ ਨੂੰਹ ਬਣੇ। ਕਿਉਂਕਿ ਓਸ ਖਾਨਦਾਨ ਦਾ ਹੱਡ ਖਰਾ ਹੈ। ਤੇਰੀ ਮਾਸੀ ਜੀ ਗੁਮਟੀ ਵਾਲੇ ਬਾਬਾ ਲਾਲ ਸਿੰਘ ਜੀ ਦੀ ਪੋਤਰੀ ਹੈ। ਜਿਸ ਵਾਸਤੇ ਮੇਰੀ ਖਾਹਸ਼ ਹੈ ਬਾਬਾ ਜੀ ਦੀ ਦੋਹਤੀ ਨੂੰ ਮੈਂ ਭੈਣੀ ਸਾਹਿਬ ਲੈ ਆਵਾਂ, ਅੱਗੋਂ ਜੋ ਗੁਰੂ ਨੂੰ ਭਾਵੇ।

ਮੈਂ ਤੇ ਹਰਨਾਮ ਸਿੰਘ ਸੰਤਾਲੀ ਚਕ (ਤਹਿਸੀਲ ਚਿਸਤੀਆ) ਪਹੁੰਚ ਕੇ ਮਾਸੜ ਜੀ ਨੂੰ ਸਾਰੀ ਗੱਲ ਦੱਸ ਦਿਤੀ। ਏਹ ਵੀ ਦੱਸਿਆ ਕਿ ਸਾਰਾ ਟੱਬਰ ਤੁਹਾਡਾ ਗੁਰੂ ਸਰ ਪਹੁੰਚ ਜਾਵੇ। ਏਹ ਸਤਿਗੁਰੂ ਜੀ ਦਾ ਹੁਕਮ ਹੈ। ਇਕੱਲੇ ਤੁਸੀਂ ਏਥੇ ਰਹੋ – ਜਿੰਨਾਂ ਚਿਰ ਪਾਕਿਸਤਾਨ ਦੀ ਹੱਦ ਬੰਦੀ ਦਾ ਫੈਸਲਾ ਨਾ ਹੋ ਜਾਵੇ। ਕੁਝ ਹੀ ਦਿਨ ਬਾਕੀ ਹੈਨ। ਪਾਕਿਸਤਾਨ ਦਾ ਐਲਾਨ ਹੋਣ ਹੀ ਵਾਲਾ ਹੈ। ਤੁਹਾਨੂੰ ਵੀ ਏਥੋਂ ਨਿਕਲਨਾ ਪਵੇਗਾ।

ਹਾੜ੍ਹ ਦੇ ਦਿਨ ਸਨ। ਵਾਤਾਵਰਨ ਵਿਚ ਏਨੀ ਗਰਮੀ ਸੀ ਜਿਸਨੂੰ ਸਿਖ ਸਰਦਾਰ ਏਸ ਵਾਸਤੇ ਬਰਦਾਸ਼ਤ ਕਰ ਰਹੇ ਸਨ ਕਿ ਘਰ ਛਡ ਕੇ ਕਿਥੇ ਜਾਵਾਂਗੇ? ਕੌਣ ਸਾਨੂੰ ਝੱਲੇਗਾ? ਵਾਪਸ ਜਦੋਂ ਅਸੀਂ ਭੋਲੇ ਵਾਲੇ ਪਹੁੰਚੇ, ਗੱਡੀ ਲੰਘ ਗਈ। ਲਗੇ ਦੂਸਰੀ ਗੱਡੀ ਦਾ ਇੰਤਜ਼ਾਰ ਕਰਨ। ਸਾਰੀ ਰਾਤ ਜਿਸ ਤਰ੍ਹਾਂ ਅਸੀਂ ਭੋਲੇ ਵਾਲੇ ਦੇ ਸਟੇਸ਼ਨ ਤੇ ਕੱਟੀ, ਓਸ ਨੂੰ ਯਾਦ ਕਰਕੇ ਅੱਜ ਵੀ ਲੂੰ ਕੰਡੇ ਖੜੇ ਹੋ ਜਾਂਦੇ ਹੈਨ। ਸੁੱਖ ਏਹ ਸੀ ਕਿ ਨਵਾਬ ਸਾਹਿਬ ਬਿਲਕੁਲ ਨਹੀਂ ਸੀ ਚਾਹੁੰਦੇ, ਸਾਡੀ ਰਿਆਸਤ ਬਹਾਵਲਪੁਰ ਵਿਚ ਗੜਬੜ ਹੋਵੇ ਤੇ ਸਿਖ ਏਥੋਂ ਚਲੇ ਜਾਣ।

ਲਾਣੇ ਬਾਣੇ ਨੂੰ ਗੁਰੂ ਸਰ ਛੱਡ ਕੇ ਅਸੀਂ ਭੈਣੀ ਸਾਹਿਬ ਪਹੁੰਚ ਗਏ। ਸੁਬਹ ਚਾਰ ਵਜੇ ਸ੍ਰ: ਗੁਰਦੇਵ ਸਿੰਘ ਜੀ ਨੇ ਕਾਰ ਸਟਾਰਟ ਕੀਤੀ। ਸਤਿਗੁਰੂ ਜੀ ਨੇ ਤਿੰਨ ਚਾਰ ਗੰਨ ਮੈਨ ਨਾਲ ਲਏ ਤੇ ਅਸੀਂ ਵਿੰਗ ਟੇਢ ਛੱਡ ਕੇ, ਕਾਰ ਨਹਿਰ ਸਰਹਿੰਦ ਦੀ "ਅਬੋਹਰ ਬ੍ਰਾਂਚ" ਉਤੇ ਪਾ ਲਈ। ਓਸ ਵੇਲੇ ਸੜਕਾਂ ਦਾ ਮੰਦਾ ਹਾਲ ਸੀ। ਅਤੇ ਨਹਿਰ ਦੀ ਪਟੜੀ ਹੀ ਸਭ ਤੋਂ ਵਧੀਆ ਸੜਕ ਸੀ। ਜਦੋਂ ਅਸੀਂ ਫਾਜ਼ਿਲਕਾ ਦੀ ਤਹਿਸੀਲ ਵਿਚ ਦਾਖਲ ਹੋਏ – ਗੰਨ ਮੈਨਾਂ ਨੂੰ ਸਤਿਗੁਰੂ ਜੀ ਕਿਹਾ – ਬੰਦੂਕਾਂ ਦੀਆਂ ਨਾਲੀਆਂ ਬਾਰੀਆਂ ਵਿਚੋਂ ਬਾਹਰ ਕਢ ਲਓ। ਨਹਿਰ ਉਤੇ ਏਨੀ ਚੁੱਪ ਚਾਂ ਸੀ ਕਿ ਦਿਨ ਨੂੰ ਹੀ ਉਲੂ ਬੋਲਣ ਲਗ ਪਏ ਸਨ। ਕਿਤੇ ਕਿਤੇ ਨਹਿਰ ਉਤੇ ਮਾਲ ਚਾਰਨ ਵਾਲੇ ਮੁੰਡੇ ਜ਼ਰੂਰ ਦਿੱਸ ਪੈਂਦੇ ਸਨ। ਅਸੀਂ ਛੇਤੀ ਹੀ ਪਿੰਡ ਪਹੁੰਚ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਰੇ ਜੀਆਂ ਨੂੰ ਕੱਠੇ ਕਰਕੇ – ਮੇਰੇ ਪਿਤਾ ਜੀ ਨੂੰ ਕਿਹਾ —

ਨਾਹਰ ਸਿਆਂ ਤੁਹਾਨੂੰ ਕੋਈ ਖ਼ਤਰਾ ਨਹੀਂ। ਫ਼ਾਜ਼ਿਲਕਾ ਓਧਰ ਨਹੀਂ ਜਾਵੇਗੀ। ਤੁਸੀਂ ਪੂਰੀ ਤਿਆਰੀ ਨਾਲ ਸਾਰੇ ਪਿੰਡ ਨੇ ਕਠੇ ਹੋਕੇ ਰਹਿਣਾ। ਕਿਸੇ ਤਰ੍ਹਾਂ ਦੀ ਵੱਧ ਘਟ ਗੱਲ ਨਹੀਂ ਕਰਨੀ। ਅਤੇ ਨਾ ਹੀ ਤੁਹਾਡੇ ਪਿੰਡ ਵਲੋਂ ਕੋਈ ਸ਼ਰਾਰਤ ਕਰੇ। ਸਤਿਗੁਰੂ ਭਲੀ ਕਰਨਗੇ।

ਰਤਨ ਸਿੰਘ ਨੇ ਲੰਗਰ ਤਿਆਰ ਕੀਤਾ, ਸਤਿਗੁਰੂ ਜੀ ਨੇ ਪ੍ਰਸਾਦ ਛਕ ਕੇ ਕੁਝ ਮਿੰਟ ਆਰਾਮ ਕਰਨ ਪਿਛੋਂ ਮੈਨੂੰ ਅਲਹਿਦਾ ਸੱਦ ਕੇ ਕਿਹਾ —

ਬੀਬੀ ਤਾਂ ਸਾਨੂੰ ਪਸੰਦ ਹੈ ਛੋਟੀ। ਪਰ ਉਮਰ ਬਹੁਤ ਛੋਟੀ ਹੈ। ਕਾਕਾ ਜੁਆਨ ਹੈ ਤੇ ਏਹ ਹੈ ਨਿਆਣੀ। ਆਪ ਦੀ ਮਾਸੀ ਜੀ ਨੂੰ ਸਮਝਾ ਦੇਵੀਂ ਕਿ ਮਹਿਸੂਸ ਨਾ ਕਰੇ।

ਮੈਂ ਤਾਂ ਪਿੰਡ ਹੀ ਰਹਿ ਗਿਆ ਸਾਂ। ਦੂਸਰੇ ਦਿਨ ਏਹ ਅਫ਼ਵਾਹ ਬੜੇ ਜ਼ੋਰ ਸ਼ੋਰ

ਨਾਲ ਆਲੇ ਦੁਆਲੇ ਦੇ ਮੁਸਲਮਾਨ ਪਿੰਡਾਂ ਵਿਚ ਫੈਲ ਗਈ ਕਿ —

ਸਿਖਾਂ ਦੇ ਗੁਰੂ ਗਦਾਂ ਡੋਬ ਵਾਲਿਆਂ ਨੂੰ ਏਨਾਂ ਅਸਲਾ ਦੇ ਗਿਆ ਹੈ ਕਿ ਕੁਝ ਨਾ ਪੁਛੋ ਮੋਟਰ ਕਾਰ, ਬੰਦੂਕਾਂ ਤੇ ਕਾਰਤੂਸਾਂ ਨਾਲ ਭਰੀ ਹੋਈ ਸੀ। ਏਹਨਾਂ ਤੋਂ ਬਚ ਕੇ ਰਹਿਣਾ।

ਨਾਲ ਦੀ ਨਾਲ ਹੀ ਪਿੰਡ ਸਰਾਵਾਂ ਦੇ ਪੀਰਾਂ ਨੇ – ਜਿੰਨ੍ਹਾਂ ਦੀ ਹੱਦ ਗੁਰੂ ਸਰ ਸਾਡੇ ਪਿੰਡ ਦੇ ਨਾਲ ਲਗਦੀ ਸੀ, ਪਿੰਡ ਵਾਲਿਆਂ ਨੂੰ ਸ਼ਾਂਤੀ ਵਾਰਤਾ ਵਾਸਤੇ ਸੱਦ ਲਿਆ। ਅਤੇ ਫੈਸਲਾ ਕੀਤਾ ਕਿ ਸਾਡੇ ਤੁਹਾਡੇ ਵਿਚਾਲੇ ਰੱਬ ਹੈ। ਅਸੀਂ ਤੁਹਾਨੂੰ ਕੁਝ ਨਹੀਂ ਕਹਾਂਗੇ ਅਤੇ ਤੁਸੀਂ ਸਾਨੂੰ ਕੁਝ ਨਾ ਕਹਿਣਾ। ਅਸੀਂ ਆਪਣੇ ਚਾਰੇ ਪਿੰਡਾਂ ਦੀ ਜ਼ਿੰਮੇਦਾਰੀ ਲੈਂਦੇ ਹਾਂ। "ਅੰਨ੍ਹਾ ਕੀ ਭਾਲੇ ਦੋ ਅੱਖਾਂ"।

ਪੰਦਰਾਂ ਅਗਸਤ ਨੇੜੇ ਆ ਰਿਹਾ ਸੀ। ਅਤੇ ਏਹ ਅਫ਼ਵਾਹ ਜ਼ੋਰਾਂ ਉਤੇ ਸੀ ਕਿ ਤਹਿਸੀਲ ਫ਼ਾਜ਼ਿਲਕਾ ਪਾਕਿਸਤਾਨ ਵਿਚ ਸ਼ਾਮਲ ਕਰ ਦਿਤੀ ਹੈ। ਸਾਰੇ ਭਗਦੜ ਮਚ ਗਈ ਅਤੇ ਅਬੋਹਰ, ਜੋ ਮੁਸਲਮਾਨਾਂ ਦਾ ਗੜ੍ਹ ਸੀ ਓਥੇ ਓਸ ਵੇਲੇ ਚੁਫੇਰੇ ਨਾਹਰੇ ਲਗ ਰਹੇ ਸਨ। ਇਤਿਫ਼ਾਕ ਨਾਲ ਓਸ ਦਿਨ ਮੈਂ ਵੀ ਅਬੋਹਰ ਗਿਆ ਹੋਇਆ ਸਾਂ। ਬਹੁਤ ਬੜਾ ਜਲੂਸ ਜੰਮੂ ਵਸਤੀ ਤੋਂ ਸ਼ੁਰੂ ਹੋ ਕੇ ਸ਼ਹਿਰ ਵਿਚ ਦਾਖਲ ਹੋ ਚੁੱਕਾ ਸੀ — ਮੁਸਲਮਾਨਾਂ ਵਿਚ ਜੋਸ਼ ਏਨਾਂ, ਕਿ ਝਲਿਆ ਨਹੀਂ ਸੀ ਜਾਂਦਾ। ਅਗਲੀ ਟੋਲੀ ਕਹਿ ਰਹੀ ਸੀ —

ਲੈ ਕੇ ਰਹੇਂਗੇ ਪਾਕਿਸਤਾਨ।

ਦੂਸਰੇ ਕਹਿੰਦੇ ਸਨ – ਕਿਸ ਤਰ੍ਹਾਂ ਲੋਗੇ ਪਾਕਿਸਤਾਨ।

ਤੇ ਜੁਆਬ ਸੀ – ਜਿਸ ਤਰ੍ਹਾਂ ਲੀਆ ਥਾ ਹਿੰਦੁਸਤਾਨ।

ਐਨ ਮੌਕੇ ਉਤੇ ਕਿਸੇ ਤਰ੍ਹਾਂ ਅਬੋਹਰ ਦੇ ਨੌਜਵਾਨਾਂ ਨੂੰ ਮਰਦੁਮ ਸ਼ੁਮਾਰੀ ਦੇ ਕਾਗਜ਼ ਹੱਥ ਲੱਗ ਗਏ। ਜਿਹਨਾਂ ਮੁਤਾਬਕ ਹਿੰਦੂ ਸਿਖਾਂ ਦੀ ਅਬਾਦੀ ਮੁਸਲਮਾਨਾਂ ਤੋਂ ਵਧ ਬਣਦੀ ਸੀ। ਓਹ ਓਸੇ ਵੇਲੇ ਵੱਡੇ ਵੱਡੇ ਅਫ਼ਸਰਾਂ ਕੋਲ ਜਾ ਪਿੱਟੇ ਅਤੇ ਲੀਡਰਾਂ ਨੂੰ ਜਾ ਦਿਖਾਏ ਕਾਗਜ਼। ਓਸ ਵੇਲੇ ਫ਼ਾਜ਼ਿਲਕਾ ਦਾ ਸਭ ਤੋਂ ਵੱਡਾ ਅਫ਼ਸਰ ਸੀ ਐਸ. ਡੀ. ਐਮ. ਹੁਕਮ ਚੰਦ। ਜੋ ਬੇ-ਹੱਦ ਇਨਸਾਫ਼ ਪਸੰਦ ਵਿਅਕਤੀ ਸੀ। ਓਸ ਨੇ ਬੜੀ ਦਲੇਰੀ ਨਾਲ ਵਡੇ ਅਫਸਰਾਂ ਕੋਲ ਪਹੁੰਚ ਕੀਤੀ ਤੇ ਫ਼ਾਜ਼ਿਲਕਾ ਨੂੰ ਪਾਕਿਸਤਾਨ ਵਿਚ ਜਾਣੋਂ ਰੋਕ ਦਿਤਾ। ਨਹੀਂ ਤੇ ਬੇਅੰਤ ਜੀ ਦੇ ਨਾਨਕੇ ਵੀ ਅਜ ਨਾਨਕਿਆਣਾ ਸਾਹਿਬ ਵਾਂਗ ਪਾਕਿਸਤਾਨ ਵਿਚ ਪਹੁੰਚ ਗਏ ਹੁੰਦੇ।

ਏਥੋਂ ਦੇ ਮੁਸਲਮਾਨਾਂ ਦੀਆਂ ਕਛਾਂ ਪਿਟਾਈਆਂ ਐਵੇਂ ਹੀ ਗਈਆਂ ਅਤੇ ਓਹਨਾਂ ਵਾਸਤੇ ਤਾਂ :

ਗੱਲਾਂ ਦਿਲਾਂ ਦੀਆਂ ਦਿਲਾਂ ਵਿਚ ਰਹੀਆਂ
ਪਾਸਾ ਕਿਸਮਤਾਂ ਹੋਰ ਪਲੱਟਿਆ ਸੀ।

ਅਜ ੨੫-੨-੯੨ ਨੂੰ ਸੁਭਾ ਛੇ ਚਾਲੀ ਤੇ ਬੀ. ਬੀ. ਸੀ. ਲੰਦਨ ਮੈਂ ਸੁਣ ਰਿਹਾ ਸਾਂ। ਜਦੋਂ ਏਹ ਖਬਰ ਸੁਣੀ, ਮੈਂ ਹੈਰਾਨ ਰਹਿ ਗਿਆ। ਲਓ ਤੁਸੀਂ ਵੀ ਸੁਣੋ ਬੀ. ਬੀ. ਸੀ. ਦੀ ਏਹ ਖਬਰ—

ਲੰਦਨ ਦੇ ਇਕ ਅਖਬਾਰ ਨੇ ਇਕ ਸਨਸਨੀ ਖੇਜ਼ ਖਬਰ ਏਸ ਤਰਾਂ ਛਾਪੀ-

ਓਹ ਕਮਿਸ਼ਨ ਜਿਸ ਨੇ ਭਾਰਤ ਨੂੰ ਦੋ ਖੰਡ ਕਰਕੇ – ਪਾਕਿਸਤਾਨ ਨੂੰ ਜਨਮ ਦਿਤਾ, ਓਸ ਕਮਿਸ਼ਨ ਦੀ ਇਕ ਡਾਇਰੀ ਹੁਣੇ ਪ੍ਰਾਪਤ ਹੋਈ ਹੈ। ਓਸ ਵਿਚ ਬੜੇ ਕਰੜੇ ਸ਼ਬਦਾਂ ਵਿਚ ਏਹ ਇੰਕਸ਼ਾਫ ਕੀਤਾ ਗਿਆ ਹੈ ਕਿ —

ਲਾਰਡ ਮਾਊਂਟ ਬੈਟਨ ਨੇ ਕਮਿਸ਼ਨ ਦੀ ਹੱਦ ਬੰਦੀ ਤੋੜ ਕੇ ਭਾਰਤ ਨੂੰ ਬਹੁਤ ਭਾਰੀ ਰਿਐਤ ਦਿਤੀ ਹੈ।

ਪਹਿਲੀ ਗੱਲ – ਲਾਰਡ ਮਾਊਂਟ ਬੈਟਨ ਜਵਾਹਰ ਲਾਲ ਤੇ ਮੁਹੰਮਦ ਅਲੀ ਜਿਨਾਹ ਇਕੋ ਜਿੰਨੇ ਦੋਸ਼ੀ ਹੈਨ – ਜ਼ਿੰਨ੍ਹਾਂ ਨੇ ਕਮਿਸ਼ਨ ਨੂੰ ਪੰਤਾਲੀ ਦਿਨਾਂ ਵਿਚ ਹੀ ਹੱਦ ਬੰਦੀ ਫੈਸਲਾ ਸੁਣੌਂਣ ਦਾ ਹੁਕਮ ਦੇ ਦਿਤਾ। ਏਹ ਕੰਮ ਏਡਾ ਸੌਖਾ ਨਹੀਂ ਸੀ।

ਦੂਸਰੀ ਗੱਲ – ਜਦੋਂ ਪੰਡਿਤ ਜਵਾਹਰ ਲਾਲ ਤੇ ਕ੍ਰਿਸ਼ਨਾ ਮੈਨਨ ਨੂੰ ਪਤਾ ਲਗਾ — ਕਿ ਫ਼ਿਰੋਜ਼ਪੁਰ ਤੇ ਏਸਦੀ ਤਹਿਸੀਲ ਜ਼ੀਰਾ ਪਾਕਿਸਤਾਨ ਵਿਚ ਜਾ ਰਹੀਆਂ ਹੈਨ – ਤਾਂ ਬੇ–ਹੱਦ ਘਬਰਾਹਟ ਫੈਲ ਗਈ ਅਤੇ ਮਾਊਂਟ ਬੈਟਨ ਨੂੰ ਕਿਹਾ –

ਜੇ ਫ਼ਿਰੋਜ਼ਪੁਰ ਦੇ ਏਹ ਹਿੱਸੇ ਪਾਕਿਸਤਾਨ ਨੂੰ ਦੇ ਦਿਤੇ ਤਾਂ ਖਾਨਾਂਜੰਗੀ ਹੋ ਜਾਇਗੀ। ਸਿਟੇ ਵਜੋਂ ਦੋਹਾਂ ਧਿਰਾਂ ਵਿਚ ਜੰਗ। ਬਲਦੀ ਤੇ ਤੇਲ ਦਾ ਕੰਮ ਕੀਤਾ ਮਹਾਰਾਜ ਗੰਗਾ ਸਿੰਘ ਜੀ (ਵਾਲੀਏ ਰਿਆਸਤ ਬੀਕਾਨੇਰ) ਨੇ। ਜਿੰਨ੍ਹਾਂ ਨੇ ਕਿਹਾ:–

ਅਗਰ ਫਿਰੋਜ਼ਪੁਰ ਹੈੱਡਵਰਕਸ ਫਿਰੋਜ਼ਪੁਰ ਦਾ ਏਹ ਇਲਾਕਾ ਪਾਕਿਸਤਾਨ ਕੋਲ ਪਹੁੰਚ ਗਿਆ ਤਾਂ ਬੀਕਾਨੇਰ ਦੀ ਗੰਗ ਕੈਨਾਲ ਖਤਰੇ ਵਿਚ ਪੈ ਜਾਵੇਗੀ। ਅਸੀਂ ਏਹ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ (ਕਿ ਏਸ ਨਹਿਰ ਦੇ ਪੱਕੀ ਕਰਨ ਉਤੇ ਜੋ ਕਰੋੜਾਂ ਰੁਪਏ ਰਿਆਸਤ ਦੇ ਖਰਚ ਹੋ ਗਏ ਹੈਨ ਓਹ ਜ਼ਾਇਆ ਹੋ ਜਾਣ) ਜੇ ਇਹ ਇਲਾਕਾ ਪਾਕਿਸਤਾਨ ਕੋਲ ਚੁਲਾ ਗਿਆ ਤਾਂ ਸਾਨੂੰ ਪਾਕਿਸਤਾਨ ਵਿਚ ਸ਼ਾਮਲ ਹੋਣ ਵਾਸਤੇ ਸੋਚਣਾ ਪਵੇਗਾ।

ਲਾਰਡ ਮਾਊਂਟ ਬੈਟਨ ਨੇ ਫੌਰਨ ਮੀਟਿੰਗ ਸੱਦੀ, ਜਿਸ ਵਿਚ ਓਹਨਾਂ ਆਪਣੇ ਪੱਖ ਦੇ ਆਦਮੀ ਰੈਡੱਕਲਿਫ ਨੂੰ ਹੀ ਬੁਲਾਇਆ। ਤੇ ਏਹ ਇਲਾਕਾ ਫੇਰ ਭਾਰਤ ਵਿਚ ਸ਼ਾਮਲ ਕਰ ਦਿਤਾ। ਏਹ ਸਭ ਕੁਝ ਹੋਇਆ ਕਿਵੇਂ?

ਏਸ ਕਮਿਸ਼ਨ ਨੂੰ ਸਖ਼ਤ ਹਿਦਾਇਤ ਸੀ — ਏਹ ਰਿਪੋਰਟ ਅਤੇ ਏਸ ਦੀ ਕਾਰਗੁਜ਼ਾਰੀ ਗੁਪਤ ਰਖਣ ਦੀ – ਪਰ ਏਸ ਕਮਿਸ਼ਨ ਵਿਚ ਅਇਅੰਗਰ ਨੂੰ ਵੀ ਸ਼ਾਮਲ ਕਰ ਦਿੜਾ ਗਿਆ ਸੀ। ਤੇ ਓਹ ਮਿੰਟ ਮਿੰਟ ਦੀ ਖਬਰ ਜਵਾਹਰ ਲਾਲ ਤੇ ਮੈਨਨ ਨੂੰ ਦੇ ਰਿਹਾ ਸੀ।

ਏਹ ਸੀ ਅਜ ਦੀ ਬੀ. ਬੀ. ਸੀ. ਲੰਡਨ ਦੀ ਤਾਜ਼ਾ ਖਬਰ, ਤਾਰੀਖ ੨੪–੨–੯੨ ਦੀ ਰਾਤ ਅਤੇ ੨੫–੨–੯੨ ਦੀ ਸੁਬਾਹ ਦੀ ਬ੍ਰਾਡਕਾਸਟਿੰਗ ਦੀ ਰਿਪੋਰਟ। ਏਸ ਖਬਰ ਉਤੇ ਟਿਪਣੀ ਕਰਦਿਆਂ ਮਿ: ਲੈਬ ਨੇ ਕਿਹਾ— ਸ਼ੈਤਾਨ ਅੰਗ੍ਰੇਜ਼ ਨੇ ਮੂਰਖ ਰੈਡ ਕਲਿਫ ਨੂੰ ਵੰਡ ਵਾਸਤੇ ਭੇਜ ਕੇ ਬੱਜਰ ਗਲਤੀ ਕੀਤੀ ਜਿਸ ਨੇ ਫ਼ਿਰੋਜ਼ਪੁਰ ਤੇ ਗੁਰਦਾਸਪੁਰ ਭਾਰਤ ਨੂੰ ਦੇ ਦਿਤੇ। ਵਰਨਾ ਅੰਮ੍ਰਿਤਸਰ ਅਜ ਚੁਫੇਰਿਓਂ ਪਾਕਿਸਤਾਨ ਨਾਲ ਘਿਰਿਆ ਹੁੰਦਾ ਤੇ ਕਸ਼ਮੀਰ ਵਿਚ ਭਾਰਤ ਬੁਰੀ ਤਰ੍ਹਾਂ ਫਸ ਜਾਂਦਾ।

ਅਜ ਤੋਂ ਸੌ ਸਾਲ ਪਹਿਲਾਂ ਗੁਰੂ ਹਰੀ ਸਿੰਘ ਜੀ ਦਾ ਦੌਰਾ ਗੁਰੂ ਸਰ ਆਇਆ ਸੀ। ਓਸ ਵੇਲੇ ਦੇ ਸਿਖਾਂ ਵਿਚ ਸੌ ਸਾਖੀ ਦੇ ਬਚਨ ਰਾਤ ਦਿਨ ਹੁੰਦੇ ਰਹਿੰਦੇ ਸਨ। ਸਾਧਾਂ ਨੇ ਤੇ ਸ੍ਰ: ਸੁੰਦਰ ਸਿੰਘ ਜੀ ਨੇ ਇਹ ਬਚਨ ਸਤਿਗੁਰੂ ਜੀ ਅੱਗੇ ਕੀਤੇ। ਅਤੇ ਨਾਲ ਹੀ ਹਰੀ ਪੁਰੇ ਵਡਤੀਰਥ ਦੇ ਤਾਲਾਬ ਪੁੱਟਣ ਉਤੇ ਜੋ ਪੁਸਤਕ ਨਿਕਲੀ ਸੀ – – ਓਸਦੇ ਭਵਿਖਤ ਵਾਕਾਂ ਦੀ ਗੱਲ ਵੀ ਕੀਤੀ।

ਰੌਲੀ ਪਵੇ ਦੇਸ ਸਭ ਰੁਲੈ।

ਹੋਵੇਗਾ ਤਾਂ ਆਟਾ - ਨਹੀਂ ਦਲੀਆ ਜ਼ਰੂਰ ਹੋਵੇਗਾ।

ਸਤਿਗੁਰੂ ਜੀ ਬਚਨ ਕੀਤਾ ਭਾਈ ਸੁੰਦਰ ਸਿੰਘ ਜੀ ਗੁਰੂ ਤੁਹਾਡੇ ਉਤੇ ਦਿਆਲ ਹੈ। ਗੁਰੂ ਸਰ-ਵਡ ਤੀਰਥ ਹਰੀ ਪੁਰੇ ਦੀ ਡਿਓਢੀ ਹੈ। ਤੁਹਾਡੇ ਪਿੰਡ ਨੂੰ ਤੱਤੀ ਵਾਉ ਨਹੀਂ ਲਗੇਗੀ।

ਅਸਲ ਵਿਚ ਜ਼ਿਲਾ ਫਿਰੋਜ਼ਪੁਰ ਜੋ ਪਾਕਿਸਤਾਨ ਵਿਚ ਨਹੀਂ ਗਿਆ ਤਾਂ ਏਹ ਕਰਾਮਾਤ ਤੋਂ ਘੱਟ ਨਹੀਂ ਸੀ। ਪਾਕਿਸਤਾਨ ਜਾਣ ਦੇ ਸਪਸ਼ਟ ਕਾਰਨ ਸਨ, ਜਿੰਨ੍ਹਾਂ ਵਿਚ ਸਭ ਤੋਂ ਵੱਡੀ ਗਲ ਏਹ ਸੀ ਕਿ ਰਿਆਸਤ “ਮਮਦੋਟ” ਜੋ ਬਾਡਰ ਦੇ ਨਾਲ ਨਾਲ ਫਿਰੋਜ਼ਪੁਰ ਤੋਂ ਸ਼ੁਰੂ ਹੋ ਕੇ ਫ਼ਾਜ਼ਿਲਕਾ ਤਕ ਪੰਜਾਹ ਮੀਲਾਂ ਤਕ ਫੈਲੀ ਹੋਈ ਹੈ।

ਰਿਆਸਤ ਮਮਦੋਟ ਇਕ ਮੁਸਲਮਾਨ ਨਵਾਬ ਇਫਤਖਾਰ ਹੁਸੈਨ ਦੀ ਮਲਕੀਅਤ ਸੀ। ਤੇ ਅਬਾਦੀ ਵੀ ਬਹੁਤੀ ਮੁਸਲਮਾਨਾਂ ਦੀ ਹੀ ਸੀ। ਅਤੇ ਭਾਰਤ ਪਾਕਿਸਤਾਨ ਦੀ ਵੰਡ ਦੀ ਕਾਨੂੰਨ ਦੇ ਮੁਤਾਬਿਕ ਰਿਆਸਤ ਦਾ ਮਾਲਕ ਜਿਸ ਮੁਲਕ ਵਿਚ ਚਾਹੇ ਜਾ ਸਕਦਾ ਹੈ। ਅਤੇ ਯਕੀਨਨ ਇਫਤਖਾਰ ਹੁਸੈਨ ਪਾਕਿਸਤਾਨ ਵਿਚ ਹੀ ਜਾਣਾ ਚਾਹੁੰਦਾ ਸੀ। ਕਿਉਂਕਿ ਓਹ ਕੱਟੜ ਮੁਸਲਿਮ ਲੀਗੀ ਸੀ। ਅਤੇ ਪੰਜਾਬ ਵਿਚ ਪਾਕਿਸਤਾਨ ਦਾ ਮੋਢੀ। ਏਹ ਗਲ ਠੀਕ ਏਸੇ ਤਰ੍ਹਾਂ ਹੈ ਜਿਸਤਰ੍ਹਾਂ ਰਿਆਸਤ ਕਸ਼ਮੀਰ। ਜਿਸ ਦੀ ਜ਼ਿਆਦਾ ਆਬਾਦੀ ਮੁਸਲਿਮ ਸੀ। ਪਰ ਹੁਕਮਰਾਨ ਹਿੰਦੂ ਸੀ—ਮਹਾਰਾਜਾ ਹਰੀ ਸਿੰਘ। ਜਿਸ ਵਾਂਸਤੇ ਰਿਆਸਤ ਭਾਰਤ ਵਿਚ ਸ਼ਾਮਲ ਹੋ ਗਈ। ਏਸੇ ਹੀ ਆਧਾਰ ਉਤੇ ਰਿਆਸਤ ਮਮਦੋਟ ਜੋ ਚੁਰਾਸੀ ਪਿੰਡਾਂ ਤਕ ਫੈਲੀ ਹੋਈ ਸੀ, ਕਿਸੇ ਵੀ ਤਰ੍ਹਾਂ ਭਾਰਤ ਵਿਚ ਨਹੀਂ ਸੀ ਰਹਿ ਸਕਦੀ। ਅਤੇ ਏਸ ਤੋਂ ਬਿਨਾਂ ਤਹਿਸੀਲ ਫਾਜ਼ਿਲਕਾ ਦੇ ਬਾਰਾਂ ਪਿੰਡ ਮੁਹੰਮਦ ਸਰਵਰ ਦੇ ਸਨ। ਅਤੇ ਕਈ ਪਿੰਡ ਪੂਰੇ ਦੇ ਪੂਰੇ ਜੋ ਹਰੀਪੁਰਾ ਵਡਤੀਰਥ ਦੇ ਇਰਦ ਗਿਰਦ ਫੈਲੇ ਹੋਏ ਸਨ ਭੰਡਾਰੀਆਂ ਦੇ ਸਨ, ਏਹ ਪਿੰਡ ਪੂਰੇ ਦੇ ਪੂਰੇ ਮੁਸਲਮਾਨ ਸਨ। ਤੇ ਹੋਰ ਬਹੁਤ ਸਾਰੇ ਪਿੰਡ ਅਬੋਹਰ ਉਦਾਲੇ ਵੀ ਮੁਸਲਮਾਨਾਂ ਦੇ ਸਨ—ਬੋਦਲਿਆਂ ਦੇ ਪਿੰਡ ਤੇ ਸਿਆਲਾਂ, ਸੋਹਲਾਂ ਅਤੇ ਬੇਟੂਆਂ ਦੇ ਪਿੰਡ। ਜਿੰਨ੍ਹਾਂ ਨੇ ਸਾਡੇ “ਗੁਰੂ ਸਰ” ਨੂੰ ਚੁਫੇਰਿਓਂ ਘੇਰਿਆ ਹੋਇਆ ਸੀ। ਏਹੋ ਕਾਰਨ ਸੀ ਫ਼ਿਰੋਜ਼ਪੁਰ ਦਾ ਪਾਕਿਸਤਾਨ ਵਿਚ ਜਾਣ ਦਾ:

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ।।
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਅਟਲਾਧਾ।।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਗੁਰੂਸਰ ਨੂੰ ਦਿਤਾ ਹੋਇਆ ਵਰ ਕਿ:-

ਵਿਚਿ ਕਰਤਾ ਪੁਰਖੁ ਖਲੋਆ।। ਵਾਲੁ ਨ ਵਿੰਗਾ ਹੋਆ।।

ਕਿਸ ਤਰ੍ਹਾਂ ਵਿਫਲ ਹੋ ਸਕਦਾ ਸੀ। ਗੁਰੂ ਸਰ ਹਰੀ ਪੁਰਾ ਵਡਤੀਰਥ ਦੀ ਡਿਉਢੀ ਹੈ। ਤੇ ਹੁਣੇ ਹੁਣੇ ਕੀਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨ:-

‘ਨਾਹਰ ਸਿਆਂ ਤੁਹਾਨੂੰ ਕੋਈ ਖਤਰਾ ਨਹੀਂ। ਫਾਜ਼ਿਲਕਾ ਪਾਕਿਸਤਾਨ ਨੂੰ ਨਹੀਂ ਜਾਵੇਗਾ। ਸਾਰੇ ਪਿੰਡ ਨੇ ਕੱਠੇ ਹੋਕੇ ਰਹਿਣਾ। ਕਿਸੇ ਤਰ੍ਹਾਂ ਵਧ ਘਟ ਗਲ ਨਹੀਂ ਕਰਨੀ। ਤੁਹਾਡੇ ਪਿੰਡ ਵਲੋਂ ਸ਼ਰਾਰਤ ਕਰਨ ਦੀ ਪਹਿਲ ਨਹੀਂ ਕਰਨੀ। ਸਤਿਗੁਰੂ ਭਲੀ ਕਰਨਗੇ।”

ਆਓ ਹੁਣ ਆਪਾਂ ਸੂ: ਹਮੀਰ ਸਿੰਘ ਜੀ ਦੀ ਗੱਲ ਨੂੰ ਅੱਗੇ ਤੋਰੀਏ

ਮਨੁਖ ਦੀ ਹਰ ਥਾਂ ਹੀ ਲੋੜ ਹੁੰਦੀ ਹੈ। ਫਾਜ਼ਿਲਕਾ ਦੇ ਨੇੜੇ ਤੇੜੇ ਛੋਟੇ ਛੋਟੇ ਕਈ

ਪਿੰਡ ਮੁਸਲਮਾਨਾਂ ਦੇ ਸਨ- ਜੋ ਮਾਮਲਾ ਨਹੀਂ ਸਨ ਭਰ ਰਹੇ। ਖੇਤੀ ਉਤੇ ਟੈਕਸ ਤਾਂ ਭਾਵੇ ਬਹੁਤ ਮਾਮੂਲੀ ਸੀ ਪਰ ਓਸ ਵੇਲੇ ਦੁਆਨੀ ਚੁਆਨੀ ਵੀ ਚਾਂਦੀ ਦੀ ਹੀ ਸੀ। ਸਿਰਫ ਪੈਸਾ ਤੇ ਟਕੇ ਤਾਂਬੇ ਦੇ ਹੁੰਦੇ ਸਨ। ਤੇ ਆਨਾਂ ਜੋ ਓਸ ਵੇਲੇ ਚਾਰ ਪੈਸੇ ਦਾ ਹੁੰਦਾ ਸੀ - ਓਹ ਗਿਲਟ ਦਾ ਹੁੰਦਾ ਸੀ। ਬਾਕੀ ਸਾਰੇ ਸਿਕੇ ਚਾਂਦੀ ਜਾਂ ਸੋਨੇ ਦੇ ਹੁੰਦੇ ਸਨ। ਸਿਲਵਰ ਟੀਨ ਨਿਕਲ ਤੇ ਕਾਗਜ਼ ਦਾ ਤਾਂ ਓਸ ਵੇਲੇ ਸੁਪਨਾ ਵੀ ਨਹੀਂ ਸੀ ਹੁੰਦਾ। ਜਿਸ ਦੇ ਅਜ ਸਿੱਕੇ ਬਣ ਰਹੇ ਹੈਨ। ਮੁਸਲਿਮ ਭਾਈਚਾਰਾ ਓਸ ਵੇਲੇ ਅੱਤ ਗਰੀਬੀ ਹਾਲਤ ਵਿਚੋਂ ਲੰਘ ਰਿਹਾ ਸੀ। ਏਥੋਂ ਦੇ ਮੁਸਲਮਾਨ ਪੂਰੇ 'ਐਸ਼ੀ ਪੱਠੇ' ਸਨ। ਸਾਰਾ ਦਿਨ ਹੁੱਕੇ ਗੁੜ ਗੁੜੌਂਦੇ ਰਹਿੰਦੇ ਸਨ। ਹੁਕੇ ਵੀ ਵਿਰਲੇ ਵਿਰਲੇ ਆਦਮੀਆਂ ਕੋਲ ਹੀ ਹੁੰਦੇ ਸਨ ਤੇ ਬਹੁਤੇ ਮੰਗ ਪਿੰਨ ਤੇ ਖੰਘ ਕੇ ਹੀ ਗੁਜ਼ਾਰਾ ਕਰਦੇ ਸਨ। ਏਹਨਾਂ ਦੀ ਖੇਤੀ ਹੁੰਦੀ ਸੀ - ਇਕ ਖੱਤੀ ਤਮਾਕੂ, ਥੋੜੇ ਜਿੰਨੇ ਪੱਠੇ ਮੱਕੀ ਦਾ ਕਿਆਰਾ ਤੇ ਮੂਲੀਆਂ ਓਹ ਵੀ ਜੇ ਕਿਸੇ ਨੇ ਗਲਤੀ ਨਾਲ ਲਾ ਲਈਆਂ ਹੋਣ। ਬਾਕੀ ਸਭ ਖੇਤੀ ਬਰਾਨੀ। ਜਿਸ ਉਤੇ ਬਹੁਤ ਮੇਹਨਤ ਕਰਨੀ ਪੈਂਦੀ ਸੀ। ਅਤੇ ਮਿਹਨਤ ਤੋਂ ਏਹ ਇਉਂ ਨੱਸਦੇ ਸਨ ਜਿਵੇਂ ਪਾਣੀ ਅਗੇ ਸੱਪ। ਆਪਦਾ ਖੇਤ ਵਾਹੁੰਦੇ ਵਾਹੁੰਦੇ ਦੂਰ ਦੇ ਖੇਤਾਂ ਵਿਚ ਕੇਵਲ ਹੁੱਕਾ ਪੀਣ ਚਲੇ ਜਾਂਦੇ। ਜਦੋਂ ਹੁਕੇ ਦੀ ਘੁਟ ਕਿਤੋਂ ਵੀ ਨਾ ਮਿਲਦੀ ਤਾਂ ਕਹਿੰਦੇ:-

ਵਾਹੀ ਓਂਹਦੀ ਜਿੰਧੇ ਘਰ ਦੇ ਹੁੱਕੇ।

ਏਹਨਾਂ ਕੋਲ ਪੈਸੇ ਕਿਥੋਂ। ਮੁਸਲਮਾਨ ਵੀ ਹੈਰਾਨ ਤੇ ਸਰਕਾਰ ਵੀ ਹੈਰਾਨ। ਬੇਹੱਦ ਸਖਤੀ ਕਰਨ ਪਿਛੋਂ ਦੀ ਇਕ ਪਿੰਡ ਸੀ 'ਰਾਟਾਂ' ਜਿਥੋਂ ਕਿਸੇ ਤਰ੍ਹਾਂ ਵੀ ਮਾਮਲਾ ਵਸੂਲ ਨਹੀਂ ਸੀ ਹੋ ਰਿਹਾ। ਓਸ ਵੇਲੇ ਏਥੇ ਅੰਗ੍ਰੇਜ਼ ਹਾਕਮ ਸੀ - ਓਸ ਕਿਹਾ - ਸ੍ਰਦਾਰ ਹਮੀਰ ਸਿੰਘ ਆਪ ਮਾਮਲਾ ਭਰ ਦਿਓ। ਏਹ ਸਾਰਾ ਪਿੰਡ ਆਪ ਕੇ ਨਾਮ ਹੋ ਜਾਇਗਾ। ਅਤੇ ਏਸ ਤਰ੍ਹਾਂ ਤਿੰਨ ਪਿੰਡਾਂ ਦੇ ਮਾਲਕ ਬਣੇ ਸੀ ਸ੍ਰ: ਹਮੀਰ ਸਿੰਘ।

ਜੁਆਨੀ ਢਲ ਰਹੀ ਸੀ ਤੇ ਸ੍ਰਦਾਰ ਜੀ ਦੇ ਘਰ ਇਕ ਬੀਬੀ ਨੇ ਜਨਮ ਲਿਆ। ਜਿਸ ਦਾ ਨਾਮ ਸੀ ਸਦਾ ਕੌਰ। ਬਾਬਾ ਜੀ ਨੇ ਹੌਕਾ ਭਰ ਕੇ ਕਿਹਾ - ਜੇ ਸੱਦਾ ਸਿੰਘ ਜੰਮ ਪੈਂਦਾ ਮੈਂ ਫ਼ਾਜ਼ਿਲਕਾ ਦੇ ਕਈ ਹੋਰ ਪਿੰਡ ਖ੍ਰੀਦ ਲੈਂਦਾ। ਆਖਿਰ ਕੁਝ ਚਿਰ ਪਿਛੋਂ ਸੱਦਾ ਸਿੰਘ ਵੀ ਜੰਮ ਪਿਆ ਤੇ ਏਸ ਦੂਲੇ ਸਰਦਾਰ ਨੇ ਰਿਆਸਤ ਬਹਾਵਲਪੁਰ ਵਿਚ ਜਾ ਝੰਡੇ ਗੱਡੇ। ਅਤੇ ਓਥੇ ਵੀ ਇਕ ਪਿੰਡ ਖ੍ਰੀਦ ਲਿਆ। ਫੇਰ ਪੈਦਾ ਹੋਏ ਮੇਰੇ ਦਾਦਾ ਸ੍ਰਦਾਰ ਸੁੰਦਰ ਸਿੰਘ ਜੀ ਜਿਨ੍ਹਾਂ ਦੀ ਸਪੁਤਰੀ ਸੀ ਬੀਬੀ "ਭੂਪਿੰਦਰ ਕੌਰ" ਜੀ।

ਸ੍ਰ: ਸੁੰਦਰ ਸਿੰਘ ਜੀ ਦੇ ਤਿੰਨ ਪੁਤ੍ਰ ਤੇ ਦੋ ਧੀਆਂ ਸਨ। ਵਡੇ ਤਾਇਆ ਕ੍ਰਿਪਾਲ ਸਿੰਘ ਜੀ, ਛੋਟੇ ਸੂਬਾ ਮੀਹਾਂ ਸਿੰਘ ਜੀ ਅਤੇ ਸਭ ਤੋਂ ਛੋਟੇ ਸਨ ਸਰਦਾਰ ਨਾਹਰ ਸਿੰਘ ਜੀ ਮੇਰੇ ਪਿਤਾ। ਪਿਤਾ ਜੀ ਤੋਂ ਵੱਡੀ ਸੀ ਭੂਆ ਹਰਨਾਮ ਕੌਰ ਜੀ ਤੇ ਛੋਟੀ ਸੀ ਭੂਆ ਵੀਰੋ ਜੀ।

ਜਦੋਂ ਬੀਬੀ ਵੀਰੋ ਜੀ ਦਾ ਜਨਮ ਹੋਇਆ, ਪਿਤਾ ਜੀ ਦਸਦੇ ਸਨ - ਇਕ ਸਾਧੂ ਮਹਾਂ ਪੁਰਖ ਘਰ ਆਇਆ। ਓਸ ਨੇ ਬੀਬੀ ਵੀਰੋ ਜੀ ਦਾ ਚਿਹਰਾ ਮੋਹਰਾ ਤਕ ਕੇ ਕਿਹਾ ਏਹ ਬੀਬੀ ਬੜੇ ਭਾਗਾਂ ਵਾਲੀ ਹੈ। ਏਹ ਕਿਸੇ ਵਡੇ ਘਰ ਜਾਵੇਗੀ। ਏਸ ਦਾ ਕਦੇ ਮੂੰਹ ਨਹੀਂ ਫਿਟਕਾਰਨਾ। ਏਸ ਦੇ ਕਪੜੇ ਅਗਨੀ ਭੇਟ ਕਰਕੇ ਸੁਆਹ ਜਲ ਪ੍ਰਵਾਹ ਕਰ ਦੇਣੀ। ਕਪੜੇ ਗ੍ਰਿਬ ਗੁਰਬੇ ਵਿਚ ਨਹੀਂ ਵੰਡਣੇ। ਏਸ ਤਰ੍ਹਾਂ ਬੇ-ਅਦਬੀ ਹੁੰਦੀ ਹੈ। ਓਸ ਦਿਨ ਤੋਂ ਸਾਰੇ ਘਰ ਵਾਲੇ ਬੀਬੀ ਜੀ ਨੂੰ ਬਹੁਤ ਆਦਰ ਸਤਿਕਾਰ ਦੀ ਨਿਗਾਹ ਨਾਲ

ਵੇਖਣ ਲੱਗ ਪਏ। ਬੀਬੀ ਜੀ ਵੀ ਆਪਣੇ ਆਪ ਨੂੰ ਬਹੁਤ ਸਾਂਭ ਕੇ ਰਖਦੀ। ਅਤੇ ਕਦੇ ਮੈਲੀ ਨਾ ਹੁੰਦੀ। ਸਾਰੀਆਂ ਖੇਡਾਂ ਓਸ ਦੀਆਂ ਸਿਆਣਿਆਂ ਵਾਲੀਆਂ ਹੁੰਦੀਆਂ।

ਬੀਬੀ ਵੀਰੋ ਤੇ ਸੰਯੋਗਤਾ

ਸਤਿਗੁਰੂ ਜਗਜੀਤ ਸਿੰਘ ਜੀ ਦੇ ਬਚਪਨ ਦੇ ਹੋਰ ਇਤਿਹਾਸ ਲਿਖਣ ਤੋਂ ਪਹਿਲਾਂ ਮੈਂ ਮਾਤਾ ਭੂਪਿੰਦਰ ਕੌਰ ਜੀ ਦੀ ਸਾਖੀ ਦੁਹਰੌਣੀ ਚਾਹਾਂਗਾ ਅਤੇ ਸ਼ਾਦੀ ਤੋਂ ਪਹਿਲਾਂ ਦੇ ਵਿਖਿਆਨ ਵਿਚ ਮੈਂ ਏਹਨਾਂ ਨੂੰ ਬੀਬੀ ਜੀ ਦੇ ਸੰਬੋਧਨ ਨਾਲ ਲਿਖਾਂਗਾ। ਬੀਬੀ ਜੀ ਦੇ ਵਿਆਹ ਦੀ ਸੰਪੂਰਨ ਕਿਰਿਆ ਏਹਨਾਂ ਦੀ ਦਾਦੀ ਪੜਦਾਦੀ ਸੰਯੋਗਤਾ ਨਾਲ ਪੂਰੀ ਤਰ੍ਹਾਂ ਮਿਲਦੀ ਹੈ। ਫ਼ਰਕ ਹੈ ਤਾਂ ਸਮੇਂ ਦਾ ਤੇ ਸਦੀਆਂ ਦਾ। ਬੀਬੀ ਜੀ ਦੇ ਪਿਤਾ ਸ੍ਰ. ਸੁੰਦਰ ਸਿੰਘ ਜੀ ਭਰਵੇਂ ਤੇ ਪੂਰੇ ਪੈਂਸੇ ਜੁਆਨ ਸਨ ਪਰ ਸੁਭਾਅ ਦੇ ਅਤੀ ਵਿਨਮਰ। ਸਰਦਾਰ ਸੱਦਾ ਸਿੰਘ ਜੀ ਏਹਨਾਂ ਦੇ ਵੱਡੇ ਭਰਾਤਾ, ਪਿੰਡ ਦੇ ਨੰਬਰਦਾਰ ਸਨ। ਜੋ ਜੁਸੇ ਦੇ ਬਹੁਤ ਪਤਲੇ, ਸੁਭਾਅ ਦੇ ਜੋਸ਼ੀਲੇ ਅਤੇ ਧੱਕੜ। ਛੋਟੇ ਭਰਾ ਦੀ ਅਲੈਹਦਾ ਹੋਣ ਪਿਛੋਂ ਭੀ ਨਹੀਂ ਸੀ ਚਲਦੀ। ਨੰਬਰਦਾਰ ਆਪਣੀ ਹੀ ਗੱਲ ਮੁੱਖ ਰਖਦਾ ਸੀ।

ਸ੍ਰਦਾਰ ਗੁਰਮੁਖ ਸਿੰਘ ਜੀ ਨੀਲਿਆਂ ਵਾਲੀ ਦੇ ਜੈਲਦਾਰ ਸਨ ਜੋ ਬਹੁਤ ਵੱਡੀ ਜਾਇਦਾਦ ਦੇ ਮਾਲਕ ਸਨ। ਰਿਆਸਤ ਬਹਾਵਲਪੁਰ ਵਿਚ ਏਹਨਾਂ ਦਾ ਬਹੁਤ ਆਦਰ ਤੇ ਸਤਿਕਾਰ ਸੀ। ਅਤੇ ਤਹਿਸੀਲ ਬਹਾਵਲ ਨਗਰ ਦੇ ਤਾਂ ਏਹ ਸਰਵੇ-ਸਰਵਾ ਹੀ ਸਨ। ਓਸ ਵੇਲੇ ਅੰਗ੍ਰੇਜ਼ ਦੇ ਜ਼ਮਾਨੇ ਵਿਚ ਜੋ ਸਭ ਤੋਂ ਵੱਡਾ ਅਹੁਦਾ ਜੱਟਾਂ ਸਰਦਾਰਾਂ ਨੂੰ ਮਿਲਦਾ ਸੀ ਓਹ ਜੈਲਦਾਰੀ ਹੀ ਸੀ। ਸਬ ਤਹਿਸੀਲ ਮਿਚਨਾਬਾਦ ਨੂੰ ਤਾਂ ਏਹਨਾਂ ਨੇ ਆਪਣੀ ਜਾਗੀਰ ਹੀ ਬਣਾ ਰਖਿਆ ਸੀ। ਏਸ ਦੀ ਮੈਂ ਇਕ ਹੀ ਮਿਸਾਲ ਦੇਂਦਾ ਹਾਂ।

ਸ੍ਰ: ਗੁਰਮੁਖ ਸਿੰਘ ਸੇਠ ਕਨ੍ਹਈਆ ਲਾਲ ਇਫਤਖਾਰ ਹੁਸੈਨ ਆਦਿ ਵਡੇ ਵਡੇ ਸਰਦਾਰਾਂ ਨੇ ਪਟਵਾਰੀ ਕਾਨੂੰਨਗੋ ਤੇ ਤਹਿਸੀਲਦਾਰ ਵਗੈਰਾ ਨਾਲ ਮਿਲਕੇ ਇਕ ਅਜੇਹੀ ਸਾਜਸ਼ ਰਚੀ ਤੇ ਨਵਾਬ ਬਹਾਵਲ ਪੁਰ ਨੂੰ ਯਕੀਨ ਦੁਆ ਦਿਤਾ ਕਿ ਸਬਤਹਿਸੀਲ ਮਿਚਨਾਬਾਦ ਦੀ ਜ਼ਮੀਨ ਖਰਾਬ ਹੈ ਜਿਸ ਵਾਸਤੇ ਏਹਦਾ ਮਾਲੀਆ ਮਾਫ ਕਰ ਦਿਤਾ ਜਾਵੇ। ਨਵਾਬ ਸਾਹਿਬ ਨੇ ਏਹਨਾਂ ਦੀਆਂ ਗੱਲਾਂ ਵਿਚ ਆ ਕੇ ਮਿਚਨਾਬਾਦ ਦਾ ਮਾਲੀਆ ਦੋ ਪੈਸੇ ਫੀ ਏਕੜ ਕਰ ਦਿਤਾ। ਅਤੇ ਪਾਕਿਸਤਾਨ ਬਨਣ ਤਕ ਦੋ ਰੁਪੈ ਫੀ ਕਿੱਲਾ ਦੇਣ ਦੀ ਥਾਂ ਕੇਵਲ ਦੋ ਪੈਸੇ ਹੀ ਦਿੰਦੇ ਰਹੇ। ਜਦੋਂ ਏਸ ਤਹਿਸੀਲ ਦੇ ਜੱਟ ਪੰਜਾਬ ਵਿਚ ਆਏ ਤਾਂ ਲੈਣੇ ਦੇ ਦੇਣੇ ਪੈ ਗਏ। ਤੇ ਜੋ ਜ਼ਮੀਨ ਵਧੀਆ ਪਿਛੇ ਇਕ ਕਿੱਲਾ ਹੀ ਏਹਨਾਂ ਨੂੰ ਮਿਲਿਆ ਫੇਰ ਹੋਈਆਂ ਅਪੀਲਾਂ ਤੇ ਧਰਨੇ ਤੇ ਮਿੰਨਤਾਂ ਮਸਾਂ ਜਾ ਕੇ ਪੰਜ ਛੀ ਆਨੇ ਕੀਮਤ ਹੀ ਮਿਲੀ ਕਿੱਲੇ ਦੀ।

ਏਹ ਸਰਦਾਰ ਗੁਰਮੁਖ ਸਿੰਘ ਅਤੇ ਏਹਨਾਂ ਦੀ ਬਰਾਦਰੀ ਪੱਕੇ ਨਾਮਧਾਰੀ ਸਨ ਅਤੇ ਦੋਹਾਂ ਭਰਾਵਾਂ ਸ੍ਰ: ਸੁੰਦਰ ਸਿੰਘ ਜੀ ਤੇ ਨੰਬਰਦਾਰ ਸੱਦਾ ਸਿੰਘ ਜੀ ਨੇ ਬੀਬੀ ਵੀਰੋ ਜੀ ਦਾ ਰਿਸ਼ਤਾ ਸ੍ਰ: ਗੁਰਮੁਖ ਸਿੰਘ ਦੇ ਪੁੱਤਰ ਨਾਲ ਪੱਕਾ ਕਰ ਦਿਤਾ। ਮੁੰਡਾ ਬਹੁਤ ਸੋਹਣਾ ਅਤੇ ਪੜ੍ਹਿਆ ਲਿਖਿਆ ਨੌਜਵਾਨ ਸੀ। ਸਾਰੇ ਘਰ ਵਿਚ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ ਤੇ ਸਾਰੇ ਪਿੰਡ ਵਿਚ ਗੁੜ ਵੰਡਿਆ ਗਿਆ। ਏਹ ਰਿਸ਼ਤਾ ਵੀ ਸ੍ਰ: ਸੁੰਦਰ ਸਿੰਘ ਜੀ ਨੇ ਨੰਬਰਦਾਰ ਦੇ ਦਬਾ ਵਿਚ ਆ ਕੇ ਹੀ ਕੀਤਾ ਸੀ। ਵਰਨਾ ਓਹਨਾਂ ਦੀ ਨਿਗਾਹ ਤਾਂ ਹੋਰ ਕਿਤੇ ਸੀ। ਪਰ –

ਮਨ ਕੀ ਮਨ ਹੀ ਮਾਹਿ ਰਹੀ।

ਹਰੀਪੁਰੇ ਦਾ ਗੁਰਦਵਾਰਾ ਸ੍ਰ: ਗੁਰਮੁਖ ਸਿੰਘ ਜੀ ਨੇ ਹੀ ਆਪਣੀ ਤਰਫੋਂ ਬਣਵਾ ਕੇ ਨਾਮਧਾਰੀ ਸਾਧ ਸੰਗਤ ਦੇ ਅਰਪਣ ਕੀਤਾ ਸੀ। ਪਰ ਸਰਕਾਰੀ ਦਬਾਵ ਤੇ ਸਿੰਘ ਸਭਾ ਦੀ ਕਾਂਗ ਅੱਗੇ ਸਰਦਾਰ ਜੀ ਠਹਿਰ ਨਾ ਸਕੇ ਅਤੇ ਛੇਤੀ ਹੀ ਰਿਆਸਤ ਦੀ ਸਿੰਘ ਸਭਾ ਲਹਿਰ ਦੇ ਮੋਢੀ ਬਣ ਗਏ। ਜਿਸ ਵਾਸਤੇ ਬੀਬੀ ਵੀਰੋ ਜੀ ਦਾ ਏਹ ਰਿਸ਼ਤਾ ਅਧੂਰਾ ਹੀ ਰਹਿ ਗਿਆ। ਮਾਤਾ ਰਾਮ ਕੌਰ ਜੀ ਨੂੰ ਏਸ ਦਾ ਬਹੁਤ ਸੰਤਾਪ ਹੋਇਆ, ਪਰ ਸ੍ਰਦਾਰ ਸੁੰਦਰ ਸਿੰਘ ਜੀ ਦਾ ਹੱਥ ਹੁਣ ਉਤੇ ਸੀ। ਤੇ ਓਹਨਾਂ ਕਿਹਾ — ਰਾਮ ਕੌਰੇ ਤੂੰ ਉਦਾਸ ਨਾ ਹੋ। ਏਹ ਜੋ ਕੁਝ ਹੋਇਆ ਚੰਗਾ ਹੀ ਹੋਇਆ। ਸਾਡੇ ਵਾਸਤੇ ਤਾਂ ਏਹ ਔਸ਼ਧੀ ਬਣ ਗਿਆ ਹੈ। ਅਤੇ —

ਔਖਧ ਆਣੇ ਰਾਸ ਵਿਚ ਆਪ ਖਲੋਇਆ।

ਮੈਂ ਅੱਜ ਤੋਂ ਏਹ ਰਿਸ਼ਤਾ ਗੁਰੂ ਹਰੀ ਸਿੰਘ ਜੀ ਦੇ ਸਾਹਬਜ਼ਾਦੇ ਟਿੱਕਾ ਪ੍ਰਤਾਪ ਸਿੰਘ ਜੀ ਵੱਲ ਪੱਕਾ ਕਰ ਦਿਤਾ ਹੈ। ਹੁਣ ਜੋ ਭੀ ਮੁਸੀਬਤ ਆਵੇਗੀ ਸਿਰ ਤੇ ਝੱਲਾਂਗਾ। ਪਰ ਵਚਨ ਤੋਂ ਨਹੀਂ ਫਿਰਾਂਗਾ। ਮੇਰਾ ਏਹ ਨਿਸਚਾ ਅਟੱਲ ਹੈ। ਅਤੇ ਏਥੋਂ ਹੀ ਸ਼ੁਰੂ ਹੁੰਦੀ ਹੈ ਸੰਯੋਗਤਾ ਦੀ ਦਾਸਤਾਨ।

ਮਾਤਾ ਰਾਮ ਕੌਰ ਜੀ

ਫੂਲੇ ਵਾਲੇ ਦੇ ਬਾਬਾ ਖੜਕ ਸਿੰਘ ਜੀ, ਰਿੱਧੀਆਂ ਸਿੱਧੀਆਂ ਦੇ ਮਾਲਕ ਤੇ ਸਚ ਮੁਚ ਹੀ ਬੜੇ ਖਾੜਕੂ ਸੁਭਾਅ ਦੇ ਵਿਅਕਤੀ ਸਨ। ਆਲੇ ਦੁਆਲੇ ਮੁਕਤਸਰ ਦੇ ਪਿੰਡਾਂ ਵਿਚ ਆਪ ਦੀ ਬੜੀ ਮਹਿੰਮਾ ਸੀਂ। ਆਪ ਜੀ ਵਲੋਂ ਦਿਤਾ ਹੁਕਮ ਇਲਾਹੀ ਸਮਝ ਕੇ ਮੰਨਿਆ ਜਾਂਦਾ ਸੀ। ਇਲਾਕੇ ਦੇ ਨਾਮਧਾਰੀਆਂ ਵਿਚੋਂ ਆਪ ਜੀ ਸਿਰਮੌਰ ਵਿਅਕਤੀ ਸਨ। ਇਲਾਕੇ ਦੇ ਹਾਕਮ ਵੀ ਆਪ ਤੋਂ ਭੈਅ ਖਾਂਦੇ ਸਨ। ਆਪ ਜੋ ਵੀ ਕਹਿ ਦਿੰਦੇ ਸਨ ਪੂਰਾ ਹੁੰਦਾ ਸੀ। ਓਹਨਾਂ ਦੀ ਹੀ ਪੋਤਰੀ ਸੀ ਮਾਤਾ ਰਾਮ ਕੌਰ। ਅਤੇ ਏਹਨਾਂ ਦੀ ਸ਼ਾਦੀ ਹੋਈ ਸੀ ਸ੍ਰ: ਸੁੰਦਰ ਸਿੰਘ ਜੀ ਨਾਲ। ਮੇਰੇ ਦਾਦੀ ਜੀ ਅਤੇ ਬੇਅੰਤ ਜੀ ਦੇ ਨਾਨੀ ਜੀ ਸਨ। ਏਹਨਾਂ ਦੇ ਪੇਕਿਆਂ ਦੀ ਸੰਗਤ ਨਾਲ ਸ੍ਰਦਾਰ ਸੁੰਦਰ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੇ ਦ੍ਰਿੜ੍ਹ ਵਿਸ਼ਵਾਸੀ ਸੇਵਕ ਸਨ।

ਨਿੱਕੀ ਜੇਹੀ ਗੱਲ

ਪਿੰਡ ਰੱਤਾਵਾਸ ਵਿਚ ਇਕ ਬਹੁਤ ਡੂੰਘੀ ਢਾਬ ਸੀ (ਜੋ ਅੱਜ ਭੀ ਹੈ) ਏਸ ਦਾ ਪਾਣੀ ਲੋਕੀਂ ਇਸ਼ਨਾਨ ਕਰਨ ਵਾਸਤੇ ਵਰਤਦੇ ਸਨ। ਸਿਰਫ ਊਠ ਤੇ ਗੋਕਾ ਹੀ ਏਥੋਂ ਪਾਣੀ ਪੀ ਸਕਦਾ ਸੀ। ਜਾਂ ਫਿਰ ਘੋੜੇ। ਮੜਾਂ ਵਾਸਤੇ ਛਪੜ ਵਖਰਾ ਸੀ। ਏਸ ਢਾਬ ਉਤੇ ਓਡਾਂ ਦਾ ਡੇਰਾ ਆਣ ਉਤਰਿਆ। ਜਿੰਨ੍ਹਾਂ ਕੋਲ ਬਹੁਤ ਸਾਰੇ ਗਦੋਂ ਸਨ। ਏਹ ਮਾਲ ਹੁੰਦਾ ਤਾਂ ਭਲਾ ਮਾਣਸ ਹੀ ਹੈ। ਟੀਟਣੋਂ ਟੀਟਣੀ ਹੁੰਦੇ ਦੋ ਗਧੇ ਢਾਬ ਵਿਚ ਜਾ ਪਏ। ਤਕੜਾ ਹੋ ਹੱਲਾ ਮਚ ਗਿਆ। ਢਾਬ ਦੇ ਕਿਨਾਰੇ ਬੜੇ ਤਿਲਕਵੇਂ ਸਨ। ਤੇ ਪਾਣੀ ਪੱਤਣ ਉਤੇ ਵੀ ਬਹੁਤ ਡੂੰਘਾ ਸੀ। ਇਕ ਗਧਾ ਤਾਂ ਓਡਾਂ ਨੇ ਕਢ ਲਿਆ। ਪਰ ਦੂਸਰੇ ਨੇ ਨਿਕਲਣ ਤੋਂ ਇਨਕਾਰ ਕਰ ਦਿਤਾ। ਅਤੇ ਡੂੰਘੇ ਪਾਣੀ ਵਿਚ ਸ਼ਹੀਦ ਹੋ ਗਿਆ। ਓਡਾਂ ਨੂੰ ਏਸ ਦਾ ਬੜਾ ਧੱਕਾ ਵਜਾ ਤੇ ਜਦੋਂ ਕੋਈ ਪੁਛਦਾ ਕਿਥੋਂ ਆਏ ਹੋ? ਓਹਨਾਂ ਦਾ ਉ

ਹੁੰਦਾ - ਗੱਦਾਂ ਡੋਬ ਤੋਂ! ਆਲੇ ਦੁਆਲੇ ਮੁਸਲਮਾਨਾਂ ਦੇ ਪਿੰਡ ਸਨ ਤੇ ਓਹਨਾਂ ਨੂੰ ਏਹ ਨਾਮ ਪਸੰਦ ਆ ਗਿਆ। ਅਤੇ ਬਣ ਗਿਆ 'ਰੱਤਾ ਵਾਸ' ਗੱਦਾਂ ਡੋਬ। ਸਤਿਗੁਰੂ ਹਰੀ ਸਿੰਘ ਜੀ ਨੇ ਬਦਲ ਕੇ ਪਿੰਡ ਦਾ ਨਾਮ ਗੁਰੂ ਸਰ ਰਖ ਦਿਤਾ। ਕਾਗਜ਼ਾਂ ਵਿਚ ਦਾਖਲ ਖਾਰਜ ਨਾਮ ਨਾ ਹੋਣ ਕਰਕੇ, ਫਿਰ ਗੱਦਾਂ ਡੋਬ ਹੀ ਬਣਿਆ ਰਹਿ ਗਿਆ। ਅਤੇ ਅਜ ਵੀ ਨਾਮਧਾਰੀਆਂ ਵਿਚ ਗੁਰੂਸਰ ਤੇ ਇਲਾਕੇ ਵਿਚ ਗੱਦਾਂ ਡੋਬ ਹੀ ਚਲ ਰਿਹਾ ਹੈ। ਏਸ ਨਾਲ ਸਭ ਤੋਂ ਵਡਾ ਕਾਰਨ ਇਕ ਹੋਰ ਰਲ ਗਿਆ। ਸਾਡੇ ਏਸ ਪਿੰਡ ਦੇ ਆਲੇ ਦੁਆਲੇ ਦੋ ਗੁਰਦੁਆਰਿਆਂ ਦਾ ਨਾਮ ਵੀ ਗੁਰੂ ਸਰ ਹੀ ਹੈ। ਜੋ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲਾਂ ਨਾਲ ਨਿਵਾਜੇ ਹੋਏ ਹਨ। ਅਤੇ ਇਕ ਪਿੰਡ ਹੋਰ ਹੈ - ਜੋਧੇ ਕਾ ਗੁਰੂ ਸਰ। ਬਹੁਤ ਵੱਡਾ ਪਿੰਡ ਗਿਦੜਵਾਹੇ ਕੋਲ ਪੈਂਦਾ ਹੈ 'ਗੁਰੂ ਸਰ' ਤੇ ਓਸੇ ਪਿੰਡ ਵਿਚੋਂ ਗਿਲ ਝੋਰੜਾਂ ਦੀ ਇਕ ਪੱਤੀ ਸਾਡੇ ਏਸ ਪਿੰਡ ਵਿਚ ਵਸਦੀ ਹੈ। ਜਿਸ ਵਾਸਤੇ ਸਾਡਾ ਪਿੰਡ ਲਟਕ ਗਿਆ ਹੈ, ਗੁਰੂ ਸਰ ਤੇ ਗੱਦਾਂ ਡੋਬ ਦੇ ਵਿਚਾਲੇ।

ਬੀਬੀ ਵੀਰੋ ਜੀ ਤੇ ਸੰਯੋਗਤਾ

ਸ੍ਰ. ਸੁੰਦਰ ਸਿੰਘ ਜੀ ਚਾਹੁੰਦੇ ਸਨ- ਮੈਂ ਨੰਬਰਦਾਰ ਸੱਦਾ ਸਿੰਘ ਨੂੰ ਬਿਨਾਂ ਦਸੇ ਪੁਛੇ ਬੀਬੀ ਦੇ ਅਨੰਦ ਕਾਰਜ ਦੀ ਗੱਲ ਓਥੇ ਅਪੜਾ ਦਿਆਂ, ਜਿਥੋਂ ਪਿਛੇ ਵਾਪਸ ਔਣਾ ਅਸੰਭਵ ਹੋ ਜਾਵੇ। ਬੀਬੀ ਜੀ ਦਾ ਤਾਇਆ ਸੱਦਾ ਸਿੰਘ ਕਿਸੇ ਵੀ ਹਾਲਤ ਵਿਚ ਆਪਣੀ ਭਤੀਜੀ ਨੂੰ ਗੁਰੂ ਘਰ ਨਾਲ ਜੋੜਨਾ ਪਸੰਦ ਨਹੀਂ ਸੀ ਕਰਦਾ। ਓਹ ਕਹਿੰਦਾ ਸੀ ਗੁਰੂ ਪੀਰ ਮੱਥਾ ਟੇਕਣ ਵਾਸਤੇ ਹੁੰਦੇ ਹੈਨ ਰਿਸ਼ਤੇਦਾਰੀ ਵਾਸਤੇ ਨਹੀਂ। ਓਸ ਨੂੰ ਏਹ ਵੀ ਪਤਾ ਸੀ - ਅੰਦਰੋ ਅੰਦਰੀਂ ਭੈਣੀ ਸਾਹਿਬ ਰਿਸ਼ਤਾ ਕਰਨ ਬਾਬਤ ਖਿਚੜੀ ਰਿੱਝ ਰਹੀ ਹੈ। ਪਰ ਓਸ ਨੂੰ ਹੰਕਾਰ ਏਨਾ ਸੀ ਕਿ ਓਹ ਆਪਣੇ ਆਪ ਨੂੰ ਹਰਨਾਕਸ਼ ਤੋਂ ਘੱਟ ਨਹੀਂ ਸੀ ਸਮਝਦਾ। ਓਸ ਨੇ ਧਮਕੀ ਦੇ ਰਖੀ ਸੀ - ਜੋ ਵੀ ਆਦਮੀ ਮੇਰੀ ਮਰਜ਼ੀ ਦੇ ਖਿਲਾਫ਼ ਵਿਆਹ ਵਿਚ ਹਿੱਸਾ ਲਵੇਗਾ, ਓਸ ਨੂੰ ਮੈਂ ਪਿੰਡ ਤੋਂ ਬਾਹਰ ਕਢ ਦਿਆਂਗਾ ਅਤੇ ਜਾਂਞੀਆਂ ਨੂੰ ਸਮੇਤ ਲਾੜੇ ਦੇ, ਮੌਤ ਦੇ ਘਾਟ ਉਤਾਰ ਦਿਆਂਗਾ। ਪਿੰਡ ਵਿਚ ਵੀ ਬਾਬੇ ਦੀ ਪਾਰਟੀ ਬੜੀ ਤਕੜੀ ਸੀ। ਅਤੇ ਬਾਹਰ ਦੇ ਬਦਮਾਸ਼ਾਂ ਨਾਲ ਵੀ ਪੂਰੀ ਗੰਢ-ਸੰਢ ਕਰ ਰਖੀ ਸੀ। ਜਿਸ ਵਾਸਤੇ ਕੋਈ ਉਭਾਸਰ ਨਹੀਂ ਸੀ ਸਕਦਾ। ਨੰਬਰਦਾਰ ਹੋਣ ਕਰਕੇ ਸਰਕਾਰੇ ਦਰਬਾਰੇ ਵੀ ਬਾਬੇ ਦਾ ਟੌਹਰ ਸੀ।

ਸ੍ਰ: ਸੁੰਦਰ ਸਿੰਘ ਜੀ ਨੇ ਨੰਬਰਦਾਰ ਦੇ ਇਕ ਸਰਕਰਦਾ ਲੀਡਰ - ਮਿਸਤ੍ਰੀ ਜੁਆਲਾ ਸਿੰਘ ਨੂੰ ਬੁਲਾਕੇ ਸਾਰੀ ਗਲ ਦੱਸੀ ਤੇ ਕਿਹਾ ਤੇਰੀ ਤਾਕਤ ਨਾਲ ਏਹ ਕੰਮ ਸਿਰੇ ਚੜ੍ਹ ਸਕਦਾ ਹੈ। ਸ੍ਰ: ਜੁਆਲਾ ਸਿੰਘ ਪਿਛੋਂ ਦੁਆਬੇ ਦਾ ਸੀ ਅਤੇ ਪੱਕਾ ਨਾਮਧਾਰੀ ਸੀ। ਧੜੇ ਦੇ ਤੌਰ ਉਤੇ ਉਹ ਨੰਬਰਦਾਰ ਦਾ ਹਮੈਤੀ ਸੀ। ਓਸ ਕਿਹਾ - ਏਸ ਕੰਮ ਵਿਚ ਮੈਂ ਤੁਹਾਡੇ ਨਾਲ ਹਾਂ ਤੇ ਅਖੀਰ ਤੱਕ ਰਹਾਂਗਾ। ਤੁਸੀਂ ਮੇਰੇ ਜ਼ਿੰਮੇ ਕੰਮ ਲਾਓ?

ਗੁਰੂ ਹਰੀ ਸਿੰਘ ਜੀ ਚੜ੍ਹਾਈ ਕਰ ਚੁੱਕੇ ਸਨ ਅਤੇ ਗੱਦੀ ਉਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਰਾਜਮਾਨ ਸਨ। ਓਹਨਾਂ ਨੂੰ ਅਤੇ ਮਾਤਾ ਜੀਵਨ ਕੌਰ ਜੀ ਨੂੰ ਏਹ ਪਤਾ ਸੀ ਕਿ ਬੀਬੀ ਵੀਰੋ ਹੁਣ ਸਾਡੀ ਹੋ ਚੁਕੀ ਹੈ ਅਤੇ ਅਸੀਂ ਗੁਰੂ ਸਰ ਵਾਲਿਆਂ ਦਾ ਸਾਥ ਨਿਭੌਣਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕਿਸੇ ਦੀ ਮਾਰਫ਼ਤ ਗਵਰਨਰ ਪੰਜਾਬ ਤਕ ਏਹ

ਖਬਰ ਪਹੁੰਚਾ ਦਿਤੀ ਸੀ। ਤੇ ਓਸ ਨੇ ਫ਼ਿਰੋਜ਼ਪੁਰ ਦੇ ਡੀ. ਸੀ. ਨੂੰ ਆਪਣੇ ਵਲੋਂ ਟੈਲੀਫੋਨ ਤੇ ਕਹਿ ਦਿਤਾ ਸੀ ਕਿ ਗੁਰੂ ਸਰ ਤੋਂ ਜਦੋਂ ਵੀ ਤੇਰੇ ਕੋਲੋਂ ਮਦਦ ਮੰਗੀ ਜਾਵੇ, ਫੌਰਨ ਮਦਦ ਪਹੁੰਚਦੀ ਕਰ ਦੇਣੀ। ਕਿਸੇ ਵੀ ਤਰ੍ਹਾਂ ਇਲਾਕੇ ਵਿਚ ਬਦਅਮਨੀ ਨਹੀਂ ਹੋਣੀ ਚਾਹੀਦੀ। ਅਤੇ ਸ਼ਾਦੀ ਦੀ ਰਸਮ ਅਮਨ-ਅਮਾਨ ਨਾਲ ਪੂਰੀ ਹੋਣੀ ਚਾਹੀਦੀ ਹੈ।

ਸ੍ਰ: ਜੁਆਲਾ ਸਿੰਘ ਲੁਧਿਆਣੇ ਆਣ ਪਹੁੰਚਾ। ਸਬੱਬ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਲਾਹੌਰ ਤੋਂ ਆ ਰਹੇ ਸਨ। ਏਥੇ ਹੀ ਮਿਸਤ੍ਰੀ ਜੀ ਨੇ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਅਰਜ ਕੀਤੀ ਕਿ ਤੁਹਾਨੂੰ ਸ੍ਰ: ਸੁੰਦਰ ਸਿੰਘ ਜੀ ਨੇ ਯਾਦ ਕੀਤਾ ਹੈ। ਸ੍ਰੀ ਸਤਿਗੁਰੂ ਜੀ ਨੇ ਬਾਕੀ ਸੰਗਤ ਨੂੰ ਭੈਣੀ ਸਾਹਿਬ ਲਈ ਵਿਦਾ ਕਰ ਦਿਤਾ। ਆਪ ਇਕ ਲਾਂਗਰੀ ਨਾਲ ਲੈ ਕੇ ਧੂਰੀ ਨੂੰ ਜਾਣ ਵਾਲੀ ਗੱਡੀ ਉਤੇ ਸਵਾਰ ਹੋ ਗਏ।

ਅਗਲੀ ਸੁਬਹ ਗੱਡੀ ਪੱਕੀ ਸਟੇਸ਼ਨ ਤੇ ਪਹੁੰਚੀ। ਅਗੋਂ ਸਵਾਰੀਆਂ ਤਿਆਰ ਸਨ। ਬਹੁਤ ਸਵੱਖਤੇ ਹੀ ਸਤਿਗੁਰੂ ਜੀ ਨੇ ਗੁਰੂ ਸਰ ਆਣ ਦਰਸ਼ਨ ਦਿਤੇ।

ਸਾਡੇ ਤੇ ਨੰਬ੍ਰਦਾਰ ਦੇ ਘਰਾਂ ਵਿਚਲੇ ਕੰਧੋਲੀ ਹੀ ਸੀ। ਜਿਸ ਵਿਚ ਲਾਂਘਾ ਵੀ ਰਖਿਆ ਹੋਇਆ ਸੀ। ਸਤਿਗੁਰੂ ਜੀ ਤਾਂ ਭਾਵੇਂ ਨਿਰਭੈ ਹੀ ਸਨ, ਪਰ ਦੂਸਰੇ ਸਾਰੇ ਪਰਿਜਨ ਪੂਰੀ ਖਾਮੋਸ਼ੀ ਵਰਤ ਰਹੇ ਸਨ। ਜ਼ਰੂਰੀ ਆਦਮੀ ਪਹਿਲਾਂ ਹੀ ਘਰ ਵਿਚ ਵਿਦਮਾਨ ਸਨ।

ਬਾਬਾ ਹੁਕਮਾ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਜੋ ਹਜ਼ਾਰੀ ਬਾਗ਼ ਜ਼ੇਲ੍ਹ ਅੰਦਰ ੧੯ ਸਾਲ ਦੀ ਸਜ਼ਾ ਭੁਗਤਣ ਪਿਛੋਂ ਗੁਰੂ ਸਰ ਆਣ ਟਿਕੇ ਸਨ। ਅਤੇ ਗੁਰੂ ਸਰ ਹੀ ਓਹਨਾਂ ਦੀ ਸਮਾਧੀ ਬਣੀ ਹੋਈ ਹੈ, ਜਿਸ ਦੀ ਪੂਜਾ ਸਾਰਾ ਪਿੰਡ ਕਰਦਾ ਹੈ ਅਤੇ —

ਜੋ ਜੋ ਕਹਿਤੇ ਸੰਤ ਜਨ ਸੋ ਲੇਤਾ ਮਾਨ੍ਹ

ਸਭ ਦੀਆਂ ਸੁੱਖਣਾਂ ਪੂਰੀਆਂ ਹੁੰਦੀਆਂ ਹੈਨ ਏਸ ਸਮਾਧ ਤੋਂ। ਸਿੱਖਾਂ ਤੇ ਹਿੰਦੂਆਂ ਵਿਚ ਏਸ ਦੀ ਬਹੁਤ ਹੀ ਮਾਨਤਾ ਹੈ। ਬਾਬਾ ਹੁਕਮਾ ਸਿੰਘ ਜੀ ਦੀ ਸਮਾਧ ਉਤੇ। ਬਾਬਾ ਸਾਵਣ ਸਿੰਘ ਜੀ ਬਿਹੰਗਮ ਸਾਧੂ ਸਾਡੇ ਘਰ ਵਿਚ ਹੀ ਰਹਿੰਦੇ ਸਨ ਪਰਿਵਾਰ ਮੈਂਬਰ ਦੀ ਤਰ੍ਹਾਂ। ਸਤਿਗੁਰੂ ਜੀ ਦੇ ਜਲ ਪਾਣੀ ਛਕਣ ਪਿਛੋਂ ਸ੍ਰ. ਸੁੰਦਰ ਸਿੰਘ ਜੀ ਨੇ ਬਾਬਾ ਸਾਵਣ ਸਿੰਘ ਜੀ ਨੂੰ ਕਿਹਾ — "ਬਾਬਾ ਜੀ! ਦਰਬਾਰ ਸਾਹਿਬ ਪ੍ਰਕਾਸ਼ ਹੈ ਤੁਸੀਂ ਵਾਕ ਲੈ ਕੇ ਆਓ।" ਚੁਬਾਰੇ ਉਤੋਂ ਵਾਕ ਆਇਆ —

ਵਰ ਪਾਇਆ ਪ੍ਰਭੁ ਪੁਰਖ ਅਨੰਦਾ ਸਾਂਤ ਮਿਲੀ ਭੇਟੇ ਗੋਵਿੰਦਾ।

ਵਾਕ ਸੁਣ ਕੇ ਸਾਰੇ ਪਰਿਵਾਰ ਵਿਚ ਖੁਸ਼ੀਆਂ ਵਿਆਪ ਗਈਆਂ। ਬਾਬਾ ਹੁਕਮਾ ਸਿੰਘ ਜੀ ਕਿਹਾ - "ਹੁਣ ਸ੍ਰਦਾਰ ਜੀ! ਬੇ-ਝਿਜਕ ਹੋ ਕੇ ਕੰਮ ਕਰੋ। ਸਤਿਗੁਰੂ ਆਪ ਤੁਹਾਡੀ ਸਹੈਤਾ ਕਰਨਗੇ।"

ਬਾਬਾ ਸਾਵਣ ਸਿੰਘ ਜੀ ਅਰਦਾਸ ਕੀਤੀ ਅਤੇ ਬੀਬੀ ਵੀਰੋ ਜੀ ਨੇ ਮੁਸਕਰੌਂਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗਲ ਵਿਚ ਵਰ ਮਾਲਾ-ਉਨ ਦੀ ਮਾਲਾ ਪਾ ਦਿਤੀ। ਅਤੇ ਸਤਿਗੁਰੂ ਜੀ ਨੇ ਓਸੇ ਤਰ੍ਹਾਂ ਹੀ ਆਪਣੀ ਸੁਪਤਨੀ ਬੀਬੀ ਵੀਰੋ ਜੀ ਨੂੰ ਉਨ ਦੀ ਮਾਲਾ ਪਹਿਨਾ ਦਿਤੀ ਅਤੇ ਪਤਾਸਿਆਂ ਦਾ ਪਰਸ਼ਾਦ ਵਰਤਾ ਦਿਤਾ।

ਸਤਿਗੁਰੂ ਜੀ ਓਹਨੀਂ ਪੈਰੀਂ ਹੀ ਸ੍ਰੀ ਭੈਣੀ ਸਾਹਿਬ ਪਰਤ ਆਏ। ਪਰ ਏਹ ਘਟਨਾ ਕੋਈ ਅਜੇਹੀ ਨਹੀਂ ਸੀ ਜਿਸ ਦਾ ਕਿਸੇ ਨੂੰ ਪਤਾ ਨਾ ਚਲਦਾ। ਖੰਭਾਂ ਦੀਆਂ ਡਾਰਾਂ ਤੋਂ ਲੋਕੀਂ ਓਸੇ ਦਿਨ ਬਣੌਣ ਲਗ ਪਏ ਜਿਸ ਦਿਨ ਤੋਂ ਸ੍ਰ. ਜੁਆਲਾ ਸਿੰਘ ਜੀ ਦਾ

ਜਾਣ ਏਸ ਘਰ ਵਿਚ ਹੋ ਗਿਆ ਸੀ।

ਬਾਬਾ ਸੱਦਾ ਸਿੰਘ ਜੀ ਨੇ ਮਿਸਤ੍ਰੀ ਜੁਆਲਾ ਸਿੰਘ ਨੂੰ ਸਦ ਕੇ ਧਮਕੌਣ ਦੀ ਕੋਸ਼ਸ਼ ਕੀਤੀ। ਪਰ ਓਸ ਨੇ ਦੋ ਟੂਕ ਜੁਆਬ ਦੇ ਕੇ ਕਿਹਾ — "ਨੰਬਰਦਾਰਾ! ਏਸ ਕੰਮ ਵਿਚ ਮੈਂ ਸ੍ਰ. ਸੁੰਦਰ ਸਿੰਘ ਜੀ ਦੀ ਹੀ ਮਦਦ ਕਰਾਂਗਾ। ਮੇਰਾ ਭਾਵੇਂ ਸਿਰ ਲਗ ਜਾਵੇ, ਪਿਛੇ ਨਹੀਂ ਹਟਾਂਗਾ। ਸਾਡਾ ਹੁਣ ਗੁਰੂ ਘਰ ਨਾਲ ਦੂਹਰਾ ਰਿਸ਼ਤਾ ਜੁੜ ਗਿਆ ਹੈ। ਬੀਬੀ ਵੀਰੋ ਮੇਰੀ ਭੈਣ ਹੈ ਤੇ ਓਹ ਮੇਰੇ ਗੁਰੂ ਹੈਨ।"

ਨੰਬਰਦਾਰ ਹੁਣ ਸਮਝ ਗਿਆ ਸੀ ਕਿ ਏਹ ਲੜਾਈ ਹੁਣ ਲੜੀ ਹੀ ਜਾਵੇਗੀ। ਅਤੇ ਓਸ ਨੇ ਅਜ ਤੋਂ ਹੀ ਤਿਆਰੀ ਸ਼ੁਰੂ ਕਰ ਦਿਤੀ ਸੀ। ਨੰਬਰਦਾਰ ਦੇ ਹੱਕ ਵਿਚ ਜੋ ਸਭ ਤੋਂ ਮਾਰ੍ਹਕੇ ਦੀ ਗੱਲ ਹੋਈ-ਓਹ ਸੀ – ਸਪੇਦ ਪੋਸ਼ ਸ੍ਰ. ਅਮਰ ਸਿੰਘ ਕੁਰਸੀ ਨਸ਼ੀਨ ਦਾ ਏਸ ਲੜਾਈ ਵਿਚ ਨੰਬਰਦਾਰ ਦਾ ਸਾਥ ਦੇਣਾ। ਸਪੇਦਪੋਸ਼ ਪੱਕਾ ਸਰਕਾਰੀ ਆਦਮੀ ਸੀ। ਅਤੇ ਕਈ ਪਿੰਡਾਂ ਵਿਚ ਅਸਰ ਰਸੂਖ ਸੀ ਏਸ ਦਾ। ਏਸ ਤਰ੍ਹਾਂ ਗਲਤ ਢੰਗ ਨਾਲ ਗਲਤ ਪ੍ਰਚਾਰ ਕਰਕੇ ਆਲੇ ਦੁਆਲੇ ਦੇ ਪਿੰਡਾਂ ਨੂੰ ਭੜਕਾ ਦਿਤਾ ਸੀ ਏਸ ਵਿਆਹ ਦੇ ਖਿਲਾਫ਼।

੧.ਗੁਰੂ ਪੀਰਾਂ ਨੂੰ ਮੱਥਾ ਟੇਕਣਾ ਤਾਂ ਬਣਦਾ ਹੈ ਪਰ ਰਿਸ਼ਤੇਦਾਰੀ ਨਹੀਂ।

੨.ਓਹ ਸਾਡੀ ਜ਼ਾਤ ਬਰਾਦਰੀ ਵਿਚੋਂ ਵੀ ਨਹੀਂ। ਅਸੀਂ ਜੱਟ ਤੇ ਓਹ ਰਾਮਗੜ੍ਹੀਏ।

ਜਿਸ ਤਰ੍ਹਾਂ ਸੁੰਦਰ ਸਿੰਘ ਚਾਹੁੰਦਾ ਹੈ – ਬਿਲਕੁਲ ਨਹੀਂ ਹੋਵੇਗਾ। ਮੈਂ ਕਿਸੇ ਵੀ ਹਾਲਤ ਵਿਚ ਆਪਣੀ ਭਤੀਜੀ ਦਾ ਅਨੰਦ ਪ੍ਰਤਾਪ ਸਿੰਘ ਨਾਲ ਨਹੀਂ ਹੋਣ ਦਿਆਂਗਾ। ਸਿਰ ਦਿਆਂਗਾ ਜਾਂ ਸਿਰ ਲਵਾਂਗਾ।

ਇਕ ਭਰਾ ਪੂਰਨ ਗੁਰਸਿੱਖ ਤੇ ਦੂਸਰਾ ਅੱਖੜ ਜੱਟ। ਏਧਰ ਬੀਬੀ ਵੀਰੋ ਦੇ ਭਰਾਤਾ ਸ੍ਰ. ਮੀਹਾਂ ਸਿੰਘ ਜੀ ਨੇ ਨੰਬਰਦਾਰ ਦੇ ਖ਼ਿਲਾਫ਼ ਕਮਰ ਕੱਸ ਲਈ। ਜੋ ਨੰਬਰਦਾਰ ਦਾ ਹੀ ਖ਼ੂਨ ਸੀ। ਪਰ ਸ੍ਰ. ਮੀਹਾਂ ਸਿੰਘ ਨੇ ਸਬਰ ਸੰਤੋਖ ਤੋਂ ਕੰਮ ਲੈਣ ਦਾ ਮਨ ਬਣਾਇਆ ਹੋਇਆ ਸੀ, ਤੇ ਓਹ ਚੁਪ-ਚਾਪ ਵਿਆਹ ਦੀਆਂ ਤਿਆਰੀਆਂ ਵਿਚ ਮਗਨ ਸਨ।

ਸੰਤਾਂ ਦੇ ਕਾਰਜ ਆਪ ਖਲੋਇਆ ਹਰਿ ਕੰਮ ਕਰਾਵਣ ਆਇਆ ਰਾਮ।

ਬੋਦਲਿਆਂ ਦਾ ਪਿੰਡ 'ਸਰਾਵਾਂ' ਬਹੁਤ ਪੁਰਾਣਾ ਤੇ ਵੱਡਾ ਸੀ ਜਿੰਨ੍ਹਾਂ ਦੀ ਜਾਗੀਰ ਚਹੁੰ ਪਿੰਡਾਂ ਵਿਚ ਸੀ ਅਤੇ ਭਾਈਚਾਰਾ ਵੀ ਬਹੁਤ ਵੱਡਾ ਸੀ। ਮੁਸਲਮਾਨਾਂ ਦੇ ਬੋਦਲੇ ਪੀਰ ਸਨ। ਹਰੀਜਨ ਵੀ ਓਹਨਾਂ ਦੀ ਇਜ਼ਤ ਕਰਦੇ ਸਨ ਤੇ ਸਰਕਾਰ ਵਿਚ ਵੀ ਓਹਨਾਂ ਦਾ ਕਾਫੀ ਦਬ-ਦਬਾ ਸੀ। ਸ੍ਰ. ਮੀਹਾਂ ਸਿੰਘ ਜੀ ਨੇ ਓਹਨਾਂ ਨਾਲ ਜਾ ਕੇ ਗਰੁਪ ਬੰਦੀ ਕਰ ਲਈ। ਜਦੋਂ ਬੋਦਲਿਆਂ ਨੂੰ ਪਤਾ ਲਗਾ ਕਿ ਗੁਰੂ ਸਰ ਸਿਖਾਂ ਦੇ ਪੀਰ ਨੇ ਢੁੱਕਣਾਂ ਹੈ ਤਾਂ ਤਹਿ ਦਿਲੋਂ ਨਾਲ ਹੋ ਤੁਰੇ। ਓਧਰ ਫੂਲੇਵਾਲ, ਕਰਾਈ ਵਾਲ, ਦੂਹੇ ਵਾਲ, ਥਰਾਜ, ਖੂਨਣਾਂ ਆਦਿ ਪਿੰਡਾਂ ਜਿੰਨ੍ਹਾਂ ਵਿਚ ਨਾਮਧਾਰੀਆਂ ਦਾ ਬੜਾ ਜ਼ੋਰ ਸੀ ਬੜਾ ਉਤਸ਼ਾਹ ਤੇ ਜੋਸ਼ ਸੀ। ਉਹਨਾਂ ਕਿਹਾ ਮੀਹਾਂ ਸਿੰਘਾਂ ਡਰੀਂ ਨਾਂ ਗੁਰੂ ਤੇਰੇ ਅੰਗ ਸੰਗ ਹੈ। ਜਦੋਂ ਯਾਦ ਕਰੇਂਗਾ, ਓਸੇ ਵੇਲੇ ਹਾਜ਼ਰ ਹੋ ਜਾਵਾਂਗੇ। ਏਸ ਤਰ੍ਹਾਂ ਸ੍ਰਦਾਰ ਮੀਹਾਂ ਸਿੰਘ ਜੀ ਵੀ ਹੌਸਲੇ ਵਿਚ ਹੋ ਗਏ ਅਤੇ ਨਿਧੜਕ ਹੋਕੇ ਅਨੰਦ ਦੀ ਪੈਰਵੀ ਵਿਚ ਜੁੱਟ ਗਏ।

ਦੂਸਰੀ ਤਰਫ ਨੰਬਰਦਾਰ ਵੀ ਢਿੱਲਾ ਨਹੀਂ ਸੀ। ਓਸ ਨੂੰ ਵੀ ਮਿੰਟ ਮਿੰਟ ਦੀ ਖਬਰ ਮਿਲ ਰਹੀ ਸੀ। ਓਸਨੇ ਰਿਆਸਤ ਬਹਾਵਲਪੁਰ ਦੇ ਜੈਲਦਾਰ ਗੁਰਮੁਖ ਸਿੰਘ ਨੂੰ ਗੰਢ ਲਿਆ ਕਿ ਤੁਹਾਡੀ ਮੰਗ ਭੈਣੀ ਸਾਹਿਬ ਵਾਲੇ ਵਿਆਹ ਕੇ ਲੈ ਜਾ ਰਹੇ ਨੇ। ਏਸ ਤਰ੍ਹਾਂ

ਸਾਡਾ ਸਾਰਿਆਂ ਦਾ ਨੱਕ ਵਢਿਆ ਜਾਵੇਗਾ ਅਤੇ ਜ਼ੈਲਦਾਰ ਗੁਰਮੁਖ ਸਿੰਘ ਵੀ ਪੂਰੀ ਤਿਆਰੀ ਨਾਲ ਲੜਾਈ ਵਿਚ ਕੁੱਦ ਪਿਆ। ਭੂਆ ਹਰਨਾਮ ਕੌਰ, ਬੀਬੀ ਵੀਰੋ ਜੀ ਦੀ ਵੱਡੀ ਭੈਣ "ਵਿੜੰਗੀ" ਜੈਲਦਾਰ ਮਘਰ ਸਿੰਘ ਦੇ ਛੋਟੇ ਭਰਾ ਸ੍ਰਦਾਰ ਚੱਘੜ ਸਿੰਘ ਨੂੰ ਵਿਆਹੀ ਹੋਈ ਸੀ। ਓਹ ਵੀ ਏਸ ਵਿਆਹ ਦੇ ਖਿਲਾਫ ਹੋ ਗਏ। ਪਰ ਓਹਨਾਂ ਮੁਖਾਲਫ਼ ਹੁੰਦੇ ਹੋਏ ਵੀ ਸਿਆਣਪ ਤੋਂ ਕੰਮ ਲਿਆ ਅਤੇ ਜ਼ਾਹਰਾ ਤੌਰ ਤੇ ਲੜਾਈ ਵਿਚ ਸ਼ਰੀਕ ਨਹੀਂ ਹੋਏ। ਓਸ ਤਰ੍ਹਾਂ ਵਿਆਹ ਦਾ ਬਾਈਕਾਟ ਕਰ ਦਿਤਾ ਅਤੇ ਅਨੰਦ ਦੀ ਰਸਮ ਵਿਚ ਸ਼ਾਮਲ ਨਹੀਂ ਹੋਏ। ਏਸ ਝਗੜੇ ਦਾ ਅਸਰ ਸਰਕਾਰ ਤੇ ਵੀ ਪਿਆ ਤੇ ਓਹ ਵੀ ਚੌਕਸ ਹੋ ਗਈ। ਪਰ ਜੋ ਕੁਝ ਹੋ ਰਿਹਾ ਸੀ – ਅੰਦਰੋ ਅੰਦਰ ਲੁਕਾ ਛਿਪਾ ਵਿਚ ਹੀ ਹੋ ਰਿਹਾ ਸੀਂ। ਅਤੇ ਬਾਬਾ ਸੱਦਾ ਸਿੰਘ ਜੀ ਨੇ ਧਾੜਵੀ ਤੇ ਡਾਕੂਆਂ ਨੂੰ ਆਪਣੇ ਹੱਥ ਹੇਠ ਕਰ ਲਿਆ ਸੀ। ਜੋ ਗਾਹੇ ਬਗਾਹੇ ਮਾਰਾ ਬੁਕਾਰਾ ਕਰਦੇ ਰਹਿੰਦੇ ਸਨ। ਅਤੇ ਬਰਛੇ ਗੰਡਾਸੇ ਤੇ ਬੰਦੂਕਾਂ ਪਹਿਲਾਂ ਹੀ ਨੰਬਰਦਾਰ ਦੇ ਚੁਬਾਰੇ ਉਤੇ ਪਹੁੰਚਾ ਦਿਤੇ ਸਨ।

ਸ੍ਰ. ਸੁੰਦਰ ਸਿੰਘ ਜੀ ਦਸਤਾਂ ਦੀ ਬੀਮਾਰੀ ਨਾਲ ਕੁਝ ਦਿਨ ਬੀਮਾਰ ਰਹਿ ਕੇ ਚੜ੍ਹਾਈ ਕਰ ਗਏ। ਓਹਨਾਂ ਦੀਆਂ ਮਾਤਮੀ ਰਸਮਾਂ ਵੀ ਏਥੇ ਹੀ ਤਣਾ ਤਣੀ ਵਿਚ ਪੂਰੀਆਂ ਕੀਤੀਆਂ ਗਈਆਂ। ਤੇ ਹੁਣ ਸਾਰਾ ਭਾਰ ਮੇਰੇ ਤਾਇਆ – ਸ੍ਰ. ਮੀਹਾਂ ਸਿੰਘ ਜੀ ਦੇ ਸਿਰ ਆ ਪਿਆ। ਕਿਉਂਕਿ ਮੇਰੇ ਪਿਤਾ ਸ੍ਰ. ਨਾਹਰ ਸਿੰਘ ਜੀ ਅਜੇ ਉਮਰ ਵਿਚ ਬਹੁਤ ਛੋਟੇ ਸਨ ਅਤੇ ਬੀਬੀ ਵੀਰੋ ਜੀ ਦੇ ਵੱਡੇ ਭਰਾ ਸ੍ਰ. ਕਿਰਪਾਲ ਸਿੰਘ ਜੀ ਬੀਮਾਰ ਰਹਿੰਦੇ ਸਨ। ਸਿਆਲ ਸੰਘਣਾਂ ਹੁੰਦਾ ਜਾ ਰਿਹਾ ਸੀ। ਤੇ ਪਾਲਾ ਦਿਨੋ ਦਿਨ ਵਧ ਰਿਹਾ ਸੀ। ਦੋਵੇਂ ਘਰ ਚਾਹੁੰਦੇ ਸਨ ਅਨੰਦ ਜਿੰਨੀ ਛੇਤੀ ਹੋ ਸਕੇ ਸੰਪੂਰਨ ਹੋ ਜਾਏ।

ਪੋਹ ਦੀ ਤਾਰੀਖ ਮੁਕਰਰ ਕਰਕੇ ਭੈਣੀ ਸਾਹਿਬ ਮਾਤਾ ਜੀਵਨ ਕੌਰ ਜੀ ਨੂੰ ਖਬਰ ਭੇਜ ਦਿਤੀ ਗਈ। ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦਸ ਬਹਾਦਰ ਸਿੰਘਾਂ ਨੂੰ ਗੁਰੂ ਸਰ ਭੇਜ ਦਿਤਾ। ਅਤੇ ਹਦੈਤ ਕਰ ਦਿਤੀ ਕਿ ਪਹਿਲ ਤੁਸੀਂ ਕਿਸੇ ਤਰ੍ਹਾਂ ਨਹੀਂ ਕਰਨੀ, ਪੂਰੇ ਸੰਜਮ ਨਾਲ ਰਹਿਣਾ। ਜੇ ਓਹਨਾਂ ਵਿਚੋਂ ਕੋਈ ਵੀ ਆਦਮੀ ਲੜਾਈ ਸ਼ੁਰੂ ਕਰੇ ਫੇਰ ਪਿਛੇ ਨਹੀਂ ਹਟਣਾ। ਜਾਓ, ਗੁਰੂ ਤੁਹਾਡੇ ਅੰਗ ਸੰਗ ਹੈ। ਸਿੰਘਾਂ ਦੇ ਔਣ ਦੀ ਦੇਰ ਸੀ ਨੰਬਰਦਾਰ ਦੇ ਚੁਬਾਰੇ ਬਦਮਾਸ਼ਾਂ ਨਾਲ ਭਰ ਗਏ।

ਸ੍ਰ. ਮੀਹਾਂ ਸਿੰਘ ਜੀ ਨੇ ਬਹੁਤ ਬੜੀ ਸਿਆਣਪ ਤੋਂ ਕੰਮ ਲਿਆ। ਅਤੇ ਫ਼ਿਰੋਜ਼ਪੁਰ ਅੰਗ੍ਰੇਜ਼ ਅਫ਼ਸਰ ਮਿਸਟਰ ਕਾਨਰ ਨੂੰ ਜਾ ਦਰਖਾਸਤ ਦਿਤੀ। ਜਿਸ ਵਿਚ ਸਾਰੀ ਪੁਜ਼ੀਸ਼ਨ ਦੱਸੀ ਗਈ ਸੀ। ਅੱਠਾਂ ਪਹਿਰਾਂ ਅੰਦਰ ਅਬੋਹਰ ਦੀ ਪੁਲੀਸ ਨੇ ਗੁਰੂ ਸਰ ਆਣ ਛੌਣੀ ਪਾਈ। ਇਨਸਪੈਕਟਰ ਪੋਲੀਸ ਨੇ ਸ੍ਰ: ਸੱਦਾ ਸਿੰਘ ਜੀ ਨੂੰ ਬੁਲਾ ਕੇ ਕਿਹਾ, "ਨੰਬਰਦਾਰ ਸਾਹਿਬ! ਜਾਂ ਤਾਂ ਆਪ ਇਕ ਮਹੀਨੇ ਵਾਸਤੇ ਪਿੰਡ ਛਡ ਕੇ ਕਿਸੇ ਰਿਸ਼ਤੇਦਾਰ ਕੋਲ ਚਲੇ ਜਾਓ। ਜਾਂ ਅੰਦਰ ਹੋਣ ਦੀ ਤਿਆਰੀ ਕਰ ਲਓ।'

ਨੰਬਰਦਾਰ ਸੱਦਾ ਸਿੰਘ ਜੀ ਰੁਪਾਣੇ ਆਪਣੀ ਭੈਣ ਕੋਲ ਚਲੇ ਗਏ ਅਤੇ ਬਦਮਾਸ਼ ਰਾਤੋ ਰਾਤ ਛਾਈਂ ਮਾਈਂ ਹੋ ਗਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਆਦਰਸ਼ ਗੁਰੂ ਸਨ। ਅਤੇ ਓਹ ਸ਼ੁਰੂ ਤੋਂ ਹੀ ਗੁਰੂ ਨਾਨਕ ਨਾਮ ਲੇਵਾ ਦੀਆਂ ਸਾਰੀਆਂ ਸ਼੍ਰੇਣੀਆਂ ਨੂੰ ਗੁਰੂ ਨਾਨਕ ਦੇਵ ਜੀ ਦਾ ਹੀ ਰੂਪ ਸਮਝਦੇ ਸਨ, ਜਿਸ ਵਾਸਤੇ ਨਿਰਮਲੇ ਸੰਤ ਤੇ ਉਦਾਸੀ ਸਾਧੂਆਂ ਨੂੰ ਓਹ ਏਨਾਂ ਹੀ ਮਾਣ ਬਖਸ਼ਦੇ ਸਨ ਜਿੰਨਾਂ ਨਾਮਧਾਰੀ ਸੰਤਾਂ ਸਾਧਾਂ ਨੂੰ ਜਾਣਦੇ ਸਨ। ਸੋ ਓਹਨਾਂ ਦੀ

ਜੰਞ ਵਿਚ ਸਰਕਰਦਾ ਸਾਧੂ ਵੀ ਸ਼ਾਮਲ ਸਨ ਤੇ ਨਾਮਧਾਰੀ ਸੰਗਤ ਦੇ ਸਿਰ-ਕੱਢ ਲੀਡਰਾਂ ਦੀ ਤਾਂ ਥਾਹ ਹੀ ਨਹੀਂ ਸੀ। ਅਨੰਦ ਦੀਆਂ ਤਾਰੀਖਾਂ ਪੂਰੀ ਤਰ੍ਹਾਂ ਗੁਪਤ ਰਖੀਆਂ ਗਈਆਂ ਸਨ। ਪਰ ਪੂਰਨਮਾਸ਼ੀ ਦੇ ਚੜ੍ਹ ਰਹੇ ਚੰਦ ਦੀ ਜੋੜੀ ਵੇਖਣ ਦੀ ਲੋੜ ਨਹੀਂ ਪੈਂਦੀ। ਬਹੁਤ ਸਾਰੇ ਸਾਧ ਸਤਿਗੁਰੂ ਜੀ ਨਾਲ ਰੁੱਸ ਵੀ ਗਏ ਸਨ ਕਿ ਸਾਨੂੰ ਨਾਲ ਕਿਉਂ ਨਹੀਂ ਖੜਿਆ।

ਲੁਧਿਆਣੇ ਤੋਂ ਇਕ ਪੂਰੀ ਟਰੇਨ ਚਲੀ ਸੀ – ਪ੍ਰਿਅ-ਜਨਾਂ ਨੂੰ ਲੈ ਕੇ। ਜਥੇਦਾਰ ਤੇ ਰਾਗੀ ਰਬਾਬੀ ਤਾਂ ਅਮੂਮਨ ਸਾਰੇ ਹੀ ਨਾਲ ਸਨ। ਮਹਾਰਾਜ ਨਿਹਾਲ ਸਿੰਘ ਜੀ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਵੀ ਸਤਿਗੁਰੂ ਜੀ ਦੀ ਜੰਞ ਵਿਚ ਸ਼ਾਮਲ ਸਨ। ਏਸਤਰ੍ਹਾਂ ਪੱਕੀ ਸਟੇਸ਼ਨ ਉੱਤੇ ਜਿਵੇਂ ਸੰਗਤ ਦਾ ਠਾਠਾਂ ਮਾਰਦਾ ਸਮੁੰਦਰ ਹੀ ਉਛਲ ਪਿਆ ਹੋਵੇ। ਇਲਾਕੇ ਦੀ ਸੰਗਤ ਤਾਂ ਕਹਿਣਾ ਹੀ ਕੀ ਸੀ। ਸਾਧਾਂ ਦੀਆਂ ਟੋਲੀਆਂ ਬਾਰ੍ਹਾਂ ਪੋਹ ਨੂੰ ਸੁਬ੍ਹਾ-ਸਵਖਤੇ ਲਹਿਰ ਦਰ ਲਹਿਰ ਔਣੀਆਂ ਸ਼ੁਰੂ ਹੋ ਗਈਆਂ।

ਏਸ ਅਨੰਦ ਦਾ ਬਿਨਾਂ ਕੀਤੇ ਹੀ ਏਨਾਂ ਪ੍ਰਚਾਰ ਹੋ ਗਿਆ ਸੀ ਕਿ ਅਨੰਦ ਵਾਲੇ ਦਿਨ ਬਹੁਤ ਸੁਬ੍ਹਾ ਮੁਸਲਮਾਨਾਂ ਤੇ ਬਾਗੜੀ ਜਾਟਾਂ ਦੀਆਂ ਬਹੂ ਬੇਟੀਆਂ ਤੇ ਨੌਂ ਜੁਆਨ ਕੁੜੀਆਂ ਮੁੰਡੇ ਵੀ ਸੈਂਕੜਿਆਂ ਦੀ ਗਿਣਤੀ ਵਿਚ ਆਣ ਜੁੜੇ।

ਚਾਹ ਜਾਂ ਚਾਹਟੇ ਦਾ ਓਸ ਵੇਲੇ ਨਾਮ ਤਕ ਨਹੀਂ ਸੀ। ਸਿਰਫ ਸਰਦਾਈ ਜਾਂ ਲੱਸੀ ਹੀ ਚਲਦੀ ਸੀ ਸਭ ਜਗ੍ਹਾ। ਸਾਧ ਸੰਗਤ ਦੇ ਪਹੁੰਚਣ ਤੋਂ ਪਹਿਲਾਂ ਹੀ ਦੁੱਧ ਦੀਆਂ ਦੇਗਾਂ ਤੇ ਕੜਾਹੇ ਭਰ ਗਏ ਸਨ। ਕਿਸੇ ਨੂੰ ਕਹਿਣ ਸੁਣਨ ਦੀ ਜ਼ਰੂਰਤ ਬਿਲਕੁਲ ਨਹੀਂ ਸੀ। ਜੋ ਵੀ ਵਿਆਹ ਦੀ ਅਵਾਈ ਸੁਣਦਾ ਸੀ-ਦੋਹਣੇ ਜਾਂ ਬਾਲਟੀਆਂ ਦੁੱਧ ਦੀਆਂ ਭਰੀ ਲਿਔਂਦੇ। ਲਾਂਗਰੀ ਸ੍ਰੀ ਸਤਿਗੁਰੂ ਜੀ ਨੇ ਪਹਿਲੋਂ ਹੀ ਭੈਣੀ ਸਾਹਿਬ ਤੋਂ ਭੇਜ ਦਿਤੇ ਸਨ ਅਤੇ ਮਾਤਾ ਜੀਵਨ ਕੌਰ ਜੀ ਵੀ, ਇੰਤਜ਼ਾਮ ਕਰਨ ਵੇਖਣ ਵਾਸਤੇ ਪਹਿਲਾਂ ਹੀ ਗੁਰੂ ਸਰ ਪਹੁੰਚ ਗਏ ਸਨ।

ਹਵਾ ਹੁਣ ਅਨੰਦ ਦੇ ਹੱਕ ਵਿਚ ਬਹਿ ਰਹੀ ਸੀ। ਪਿੰਡਾਂ ਵਿਚ ਰਹਿਣ ਵਾਲੇ ਅਤੇ ਇਲਾਕੇ ਦੇ ਚੌਧਰੀਆਂ ਨੂੰ ਬਾਹਰਲੇ ਸੰਸਾਰ ਦਾ ਕਿਤਨਾ ਕੁ ਗਿਆਨ ਹੋ ਸਕਦਾ ਹੈ। ਫੇਰ ਸਤਿਗੁਰਾਂ ਦੀਆਂ ਸ਼ਕਤੀਆਂ ਤਾਂ ਹੈਨ ਹੀ ਅਨੰਤ। ਜਦੋਂ ਸਿੰਘਾਂ ਸਰਦਾਰਾਂ ਦੇ ਜਥੇ ਚੁਫੇਰੇ ਹੀ ਘੁੰਮਦੇ ਵੇਖੇ ਤਾਂ ਅੰਦਰੋ ਅੰਦਰ ਘੁਸਰ ਮੁਸਰ ਤੇ ਮੁਖਾਲਫਤ ਕਰਨ ਵਾਲੇ ਸਭ ਸ਼ੁਰ ਹੋ ਗਏ। ਪਿੰਡ ਦੇ ਮਿਸਤ੍ਰੀ ਜੋ ਪਹਿਲਾਂ ਦਬਦੇ ਸਨ ਹੁਣ ਚੁਫੇਰੇ ਓਹਨਾਂ ਦਾ ਬੋਲ ਬਾਲਾ ਸੀ। ਸ੍ਰ. ਜਵਾਲਾ ਸਿੰਘ (ਡਬਵਾਲੀ ਤੋਂ ਗੁਰਦਿਤ ਸਿੰਘ ਦਾ ਪਿਤਾ) ਤਾਂ ਜਿਵੇਂ ਸਭ ਪਾਸੇ ਹੀ ਹਰਤਾ ਕਰਤਾ ਸੀ। ਅਤੇ ਤਾਇਆ ਮੀਹਾਂ ਸਿੰਘ ਜੀ ਦੀ ਸਜੀ ਬਾਂਹ ਬਣਿਆ ਹੋਇਆ ਸੀ। ਸਰਕਾਰ ਤੋਂ ਬਿਨਾਂ ਸਤਿਗੁਰੂ ਜੀ ਵਲੋਂ ਕੀਤਾ ਇੰਤਜ਼ਾਮ ਏਨਾਂ ਮਜਬੂਤ ਸੀ ਕਿ ਚਾਰ ਚੁਫੇਰਿਉਂ ਹੀ ਵਾਤਾਵਰਣ ਵਿਚ ਏਨੀ ਗਰਮੀ ਸੀ ਜਿਸਦਾ ਅੰਦਾਜ਼ਾ ਸ਼ਬਦਾਂ ਤੋਂ ਹੀ ਲਗਦਾ ਸੀ।

ਆਲਿਮ ਜੀ ਕਹਿ ਰਹੇ ਸਨ—

ਸੂਰਬੀਰਾ ਸਜੇ ਘੋਰ ਵਾਜੇ ਵਜੇ ਭਾਜ ਕੰਤਾਂ ਸੁਣੇ ਰਾਮ ਆਏ।

ਸੰਤ ਭਗਤ ਸਿੰਘ ਦਾਤੇ ਵਾਲੀਏ ਦਾ ਜਥਾ ਪੜ੍ਹ ਰਿਹਾ ਸੀ—

ਲੈਂਦੀ ਦਸਤ ਹੁਲਾਰੇ ਕੁੱਤਕ ਲੈਂਦੀ ਏ।

ਸੰਤਾ ਬੰਤਾ ਸਿੰਘ ਬੂੜੇ ਡਲੇ ਵਾਲਿਆਂ ਦਾ ਜਥਾ ਪੜ੍ਹ ਰਿਹਾ ਸੀ —

ਭੇਜਾਂ ਇਕੋ ਬਾਜ਼ ਨੂੰ ਭੇਜਾਂ ਇਕੋ ਬਾਜ਼ ਨੂੰ।

ਉਸਤਾਦ ਹਰਨਾਮ ਸਿੰਘ ਜੀ ਗਾ ਰਹੇ ਸਨ—

ਚੜ੍ਹੇ ਦਲ ਤੇਰੇ ਮਹਾਰਾਜ - ਗੁਰੂ ਗੋਬਿੰਦ ਸਿੰਘ।

ਸ਼ਾਂਤ ਮੂਰਤ ਸੰਤ ਲਾਲ ਸਿੰਘ ਜੀ ਦੇ ਬੋਲ ਸਨ —

ਉਮਲ ਲਥੇ ਜੋਧੇ ਮਾਰੂ ਬਜਿਆ।

ਭਾਈ ਕਾਲੂ ਤੇ ਮੱਤੂ ਕਹਿ ਰਹੇ ਸਨ —

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ।

ਸੰਤ ਮੋਹਣ ਸਿੰਘ ਜੀ ਵਡਾਲੇ ਜੌਹਲਾਂ ਦਾ ਜਥਾ ਏਹ ਸੁਰਾਂ ਅਲਾਪ ਰਿਹਾ ਸੀ —

ਤੇਰਾ ਅੰਤ ਨਾ ਪਾਇਆ ਸੁਰਗ ਮਛ ਪਇਆਲ ਜੀਓ।

ਮਸਤਾਨੇ ਵੀ ਪਿੱਛੇ ਨਹੀਂ ਸਨ — ਓਹ ਗਲਾਸਾਂ ਤੇ ਗੜਵੀਆਂ ਤੋਂ ਹੀ ਸਾਜ਼ਾਂ ਦਾ ਕੰਮ ਲੈ ਰਹੇ ਸਨ ਤੇ ਸ਼ਬਦ ਓਹਨਾਂ ਏਸ ਤਰ੍ਹਾਂ ਲਿਆ —

ਨਾਮਦੇਵ ਨੇ ਸਮਾਧੀਆਂ ਲਾਈਆਂ ਦੇਹੁਰੇ ਦਾ ਘੁਕਾਟ ਪੈ ਗਿਆ।

ਗੁਰੂ ਸਰ ਸਾਰਾ ਪਿੰਡ ਹੀ ਅਜ ਮਾਘੀ ਦੇ ਮੇਲੇ ਦਾ ਰੂਪ ਧਾਰਨ ਕਰ ਰਿਹਾ ਸੀ। ਕਿਧਰੇ ਦਾਲ ਪ੍ਰਸ਼ਾਦੇ ਦਾ ਲੰਗਰ ਚਲ ਰਿਹਾ ਸੀ। ਕਿਧਰੇ ਦੇਗਾਂ ਦੇ ਗੱਫੇ ਵਰਤ ਰਹੇ ਸਨ। ਅਜ ਸਾਰਾ ਪਿੰਡ ਹੀ ਸਤਿਗੁਰਾਂ ਨੂੰ ਅਰਪਨ ਸੀ। ਸਾਰੇ ਪਿੰਡ ਦੇ ਬੂਹੇ ਖੁਲ੍ਹੇ ਸਨ। ਜੋ ਚਾਹੋ ਸੋ ਪਾਓ। ਕੋਈ ਰੋਕ ਟੋਕ ਨਹੀਂ ਸੀ। 'ਦਿਗ ਵਿਜੈ' ਹੋ ਚੁੱਕੀ ਸੀ ਤੇ ਮੈਦਾਨ ਹੁਣ ਖਾਲਸੇ ਦੇ ਹੱਥ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਘਰ ਵਿਚ ਪਲੰਘ ਉਤੇ ਬਿਰਾਜਮਾਨ ਸਨ। ਬੀਬੀਆਂ ਦੀ ਸ਼ਕਤੀ ਅਥਾਹ ਹੁੰਦੀ ਹੈ। ਜਿਥੇ ਏਹ ਦੇਵੀਆਂ ਪਹੁੰਚ ਜਾਂਦੀਆਂ ਹਨ ਓਥੇ ਹਵਾ ਅਤੇ ਸੂਰਜ ਦੀ ਰੌਸ਼ਨੀ ਦੀ ਵੀ ਪਹੁੰਚ ਹੀਂ ਹੁੰਦੀ

ਹੁਣ ਸਤਿਗੁਰੂ ਜੀ ਦੀ ਏਹ ਹਾਲਤ ਸੀ —

ਲਾੜ੍ਹਾ ਦੇਖਣ ਲਾੜੀਆਂ ਚਉਗਿਰਦੇ ਹੋਈਆਂ।

ਰੰਗ ਬਰੰਗੇ ਕਪੜਿਆਂ ਵਿਚ ਰਾਜਸਥਾਨੀ ਸਾੜੀਆਂ ਨਿਜੀ ਰਿਸ਼ਤੇਦਾਰ ਬੀਬੀਆਂ ਤੇ ਪਿੰਡ ਦੀਆਂ ਕਦੇ ਘਰੋਂ ਬਾਹਰ ਨਾ ਨਿਕਲਣ ਵਾਲੀਆਂ ਸੁਆਣੀਆਂ ਸਭ ਏਥੇ ਹਾਜ਼ਰ ਸਨ ਤੇ ਓਹਨਾਂ ਦੀਆਂ ਵੰਨ ਸੁਵੰਨੀਆਂ ਬੋਲੀਆਂ ਸੁਣਨ ਵਿਚ ਆ ਰਹੀਆਂ ਸਨ।

ਚੜ੍ਹਦੇ ਸੂਰਜ ਸਮਾਨ ਏਹੋ ਜੇਹਾ ਰੂਹਾਨੀ ਚਿਹਰਾ ਅਜ ਪਹਿਲੀ ਵਾਰ ਏਥੋਂ ਦੇ ਲੋਕ ਵੇਖ ਰਹੇ ਸਨ। ਅੰਬੋ ਜੀ - ਬੀਬੀ ਵੀਰੋ ਦੇ ਮਾਤਾ ਰਾਮ ਕੌਰ ਜੀ - ਮਸਤੀ ਵਿਚ ਗਾ ਰਹੇ ਸਨ -

ਮਨ ਚਾਉ ਭਇਆ ਪ੍ਰਭੁ ਆਗਮ ਸੁਣਿਆ।
ਮੰਗਲ ਗਾਉ ਸਖੀ ਗ੍ਰਿਹ ਮੰਦਿਰ ਬਣਿਆ।

ਜੋ ਧੜਾ ਪਹਿਲਾਂ ਨੰਬਰਦਾਰ ਨਾਲ ਸੀ। ਅਜ ਸ਼ਹਿ ਸ਼ਹਿ ਕੇ-ਸਤਿਗੁਰੂ ਜੀ ਦੇ ਦਰਸ਼ਨ ਕਰ ਰਿਹਾ ਸੀ। ਤੇ ਜਾਤ ਗੋਤ ਦਾ ਸੁਆਲ ਸਭ ਨੂੰ ਵਿਸਰ ਗਿਆ ਸੀ। ਓਹਨਾਂ ਦੇ ਘਰਾਂ ਵਾਲੀਆਂ ਆਪਣੇ ਘਰ ਵਾਲਿਆਂ ਨੂੰ ਕਹਿ ਰਹੀਆਂ ਸਨ ਏਹ ਤਾਂ ਸਚ ਮੁਚ ਦਾ ਗੁਰੂ ਹੈ। ਏਹਨਾਂ ਦੀ ਮੁਖਾਲਫਤ ਤੁਸੀਂ ਕਰ ਰਹੇ ਸੀ? ਤੁਹਾਡਾ ਕਿਹੜੇ ਜਨਮ ਭਲਾ ਹੋਵੇਗਾ - ਤੇ ਆਪਣੇ ਆਪ ਹੀ ਮੂੰਹੋਂ ਨਿਕਲ ਰਿਹਾ ਸੀ —

ਇਸ ਮੂਰਤ ਕੋ ਹਉਂ ਬਲਿਹਾਰੀ।।

ਬੀਬੀ ਵੀਰੋ ਜੀ ਤਾਂ ਸੁਪਨਿਆਂ ਵਿਚ ਹੀ ਗੁਆਚ ਗਈ ਸੀ। ਜਿਸ ਦੀ ਹਾਲਤ ਏਸ ਤਰ੍ਹਾਂ ਦੀ ਸੀ —

ਰਾਮ ਕੋ ਰੂਪ ਅਨੂਪ ਪ੍ਰਿਆ ਸੀਅ ਦੇਖ ਰਹੀ ਨਗਕੀ ਪਰਛਾਹੀਂ।
ਮੰਤ੍ਰ ਮੁਗਧ ਧਿਆਨ ਪਰੀ ਕਰ ਟੇਕ ਰਹੀ ਪਰ ਟੇਰਤ ਨਾਹੀਂ।

ਅਤੇ ਮੋਹੀ ਦੇਖ ਦਰਸ ਨਾਨਕ ਬਲਿਹਾਰੀਆ।
ਮੇਰੇ ਗ੍ਰਿਹਿ ਆਏ ਰਾਜਾ ਰਾਮ ਭਤਾਰ।

ਮੇਰੇ ਪਿਤਾ ਸ੍ਰ. ਨਾਹਰ ਸਿੰਘ ਜੀ ਜਿੰਨ੍ਹਾਂ ਦੇ ਜ਼ਿੰਮੇ ਘਰ ਦੀ ਜ਼ਿੰਮੇਵਾਰੀ ਸੀ ਰੋਸ਼ਨੀ ਦੇ ਪ੍ਰਬੰਧ ਵਿਚ ਰੁਝੇ ਹੋਏ ਸਨ। ਅਤੇ ਮਸ਼ਾਲਾਂ ਵੜੇਵੇਂ ਤੇ ਸਰ੍ਹੋਂ ਦੇ ਤੇਲ ਨਾਲ ਭਰੀਆਂ ਜਾ ਰਹੀਆਂ ਸਨ। ਸਤਿਗੁਰੂ ਜੀ ਤੋਂ ਦੂਰ ਵਰਾਂਡੇ ਅਤੇ ਚੁਬਾਰੇ ਉਤੇ ਤਿਆਰ ਬਰ ਤਿਆਰ ਹਥਾਂ ਵਿਚ ਡਾਂਗਾਂ ਤੇ ਸਫਾ ਜੰਗ ਫੜੀ ਸਿੰਘ ਨਿਗਰਾਨੀ ਕਰ ਰਹੇ ਸਨ। ਮਤ ਕਿਸੇ ਪਾਸੇ ਤੋਂ ਅਣ ਹੋਣੀ ਵਾਪਰ ਜਾਏ। ਏਹਨਾਂ ਦੀ ਕਮਾਨ ਸੂਬਾ ਗੁਰਬਖਸ਼ ਸਿੰਘ ਜੀ ਚੱਕ ਵਾਲੇ ਕਰ ਰਹੇ ਸਨ। ਖੁਸ਼ਹਾਲ ਸਿੰਘ, ਲੱਖਾ ਸਿੰਘ ਤੇ ਸਤਿਗੁਰੂ ਜੀ ਦੇ ਮਾਮਾ ਜੀ ਸੰਤ ਗੋਧਾ ਸਿੰਘ ਜੀ, ਲਾਲ ਸਿੰਘ ਬਾਬਾ ਜਵੰਦ ਸਿੰਘ ਜ਼ਿੰਦਾ ਸ਼ਹੀਦ ਆਦਿ ਨੂੰ ਨਾਲ ਲੈ ਕੇ ਸੂਬਾ ਜੀ ਦਾ ਸਾਥ ਦੇ ਰਹੇ ਸਨ। ਨੰਬਰਦਾਰ ਬਾਬਾ ਸੱਦਾ ਸਿੰਘ ਜੀ ਦਾ ਘਰ ਅਸਲੋਂ ਵੇਹਲਾ ਸੀ। ਤੇ ਹੁਣ ਉਸ ਉਤੇ ਵੀ ਖਾਲਸੇ ਦਾ ਹੀ ਕਬਜ਼ਾ ਸੀ। ਤੇ ਬਾਬਾ ਜੀ ਦੀ ਛੋਟੀ ਧੀ ਬਾਗਾਂ ਵੀ ਪੂਰੀ ਨਿਮਰਤਾ ਦੀ ਮੂਰਤੀ ਬਣੀ ਹੋਈ ਸੀ (ਤੇ ਏਸ ਪਿਛੋਂ ਵੱਡੀ ਭੂਆ ਬਾਗਾਂ ਦਾ ਸਾਰਾ ਟੱਬਰ ਪੱਕਾ ਨਾਮਧਾਰੀ ਘਰਾਣਾ ਬਣ ਚੁਕਾ ਸੀ। ਤੇ ਏਹਨਾਂ ਦੀ ਸੰਗਤ ਨਾਲ ਥਰਾਜ ਵਾਲੇ ਦਾ ਸਾਰਾ ਪਿੰਡ ਹੀ ਨਾਮਧਾਰੀ ਬਣ ਗਿਆ ਸੀ) ਤੇ ਅੱਜ ਵੀ ਭੂਆ ਬਾਗਾਂ ਨੇ ਨੰਬਰਦਾਰ ਦਾ ਸਾਰਾ ਘਰ ਸੰਗਤ ਦੇ ਅਰਪਣ ਕਰ ਦਿੱਤਾ ਸੀ।

ਪੋਹ ਦੀਆਂ ਰਾਤਾਂ। ਬਾਲਣ ਦੇ ਢੇਰਾਂ ਦੇ ਢੇਰ ਲਾ ਦਿਤੇ ਸਨ ਪਿੰਡ ਵਾਲਿਆਂ। ਚੁਫੇਰੇ ਧੂਣੀਆਂ ਰਮ ਗਈਆਂ। ਦ੍ਰਿਸ਼ ਅਜੇਹਾ ਸੀ ਜਿਵੇਂ ਸੈਂਕੜੇ ਸੰਨਿਆਸੀਆਂ ਦੇ ਡੇਰੇ ਤਪੋ ਭੂਮੀ ਵਿਚ ਤਪੱਸਿਆ ਕਰ ਰਹੇ ਹੋਣ। ਇਕ ਪਾਸੇ ਲੰਗਰਾਂ ਦੇ ਭੰਡਾਰੇ ਵਰਤ ਰਹੇ ਸਨ। ਦੂਸਰੀਆਂ ਥਾਵਾਂ ਤੇ —

ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਸੋਆ।

ਅਜੇਹਾ ਮਾਹੌਲ ਸ਼ਾਇਦ ਦੇਵ ਨਗਰੀ ਵਿਚ ਵੀ ਕਦੇ ਨਾ ਬਣਿਆ ਹੋਵੇਗਾ। ਦਿਨ ਢਲ ਗਿਆ ਅਤੇ ਰਾਤ ਬਹਿ ਗਈ ਸੰਗੀਤ ਦੀਆਂ ਧੁਨਾਂ ਵਿਚ। ਸ੍ਰੀ ਸਤਿਗੁਰੂ ਜੀ! ਪਤਾ ਨਹੀਂ ਵਰਾਜੇ ਸਨ ਜਾਂ ਅਨਹਦ ਧੁਨੀ ਦਰ ਵਜਦੇ ਵਿਚ ਲੀਨ ਸਨ —

ਹਾਂ, ਪਰ ਬੀਬੀ ਵੀਰੋ ਜੀ ਅਲੌਕਿਕ ਸੁਪਨਿਆਂ ਵਿਚ ਗੁਆਚੀ ਹੋਈ ਮਹਿਸੂਸ ਕਰ ਰਹੀ ਸੀ —

ਸੁਪਨੇ ਊਭੀ ਭਈ ਗਹਿਓ ਕੀਨ ਅੰਚਲਾ।
ਸੁੰਦਰ ਪੁਰਖ ਵਿਰਾਜਤ ਪੇਖ ਮਨ ਬੰਚਲਾ।

ਏਹ ਸੁਪਨੇ ਪਤਾ ਨਹੀਂ ਕਿਤਨੇ ਦਿਨ ਮਹੀਨੇ ਜਾਂ ਸਾਲ ਰਹਿੰਦੇ ਨੇ ਪਰ ਔਂਦੇ ਸਭ ਨੂੰ ਹੈਨ। ਜਿੰਨਾਂ ਦੇ ਸਿਰੇ ਚੜ੍ਹ ਜਾਂਦੇ ਹੈਨ – ਓਹ ਧੰਨ ਹੋ ਜਾਂਦੇ ਨੇ। ਜਿੰਨਾਂ ਨਿਕਰਮਣਾਂ ਦੇ ਟੁੱਟ ਜਾਂਦੇ ਨੇ ਓਹ ਹਮੇਸ਼ਾਂ ਲਈ ਜ਼ਿੰਦਗੀ ਤੋਂ ਅਲੱਗ ਹੋ ਕੇ ਜੀਵਨ ਗੁਜ਼ਾਰਦੇ ਨੇ।

ਹੁਣ ਸੁ ਪ੍ਰਭਾਤ ਹੋਣ ਜਾ ਰਹੀ ਸੀ

ਗੈਨ ਗਜ਼ਲ ਵੱਜੀ ਜਦੋਂ ਸੁਭਾ ਵਾਲੀ
ਸਾਰੇ ਸਿੰਘਾਂ ਨੇ ਪਾਣੀ ਦਾ ਧਿਆਨ ਕੀਤਾ।
ਕੋਈ ਗਿਆ ਜ਼ੰਗਲ ਕੋਈ ਕਰੇ ਦਾਤਣ
ਵਡੇ ਆਹਰੀਆਂ ਸੁਭਾ ਇਸ਼ਨਾਨ ਕੀਤਾ।
ਰਾਤ ਪੋਹ ਦੀ ਪਾਲਾ ਅਜ ਸੌਂ ਗਿਆ ਸੀ
ਅੰਮ੍ਰਿਤ ਤਿਆਰ ਕੀਤਾ ਨਾਮਧਾਰੀਆਂ ਨੇ।
ਲਗਨ ਸ਼ਾਦੀ ਦਾ ਨੇੜੇ ਹੁਣ ਆ ਰਿਹਾ ਸੀ
ਵੇਦੀ ਗੱਡ ਦਿਤੀ ਸਿੰਘਾਂ ਆਹਰੀਆਂ ਨੇ।
ਹਵਨ ਹੋਇਆ ਤੇ ਆਸਾ ਦੀ ਵਾਰ ਲੱਗੀ
ਧੁਨਾਂ ਉਠੀਆਂ ਪ੍ਰਿਥਮੀ ਜਾਗ ਪਈ ਸੀ।
ਕੰਧਾਂ ਕੋਠਿਆਂ ਤੇ ਲੋਕੀਂ ਚੜ੍ਹ ਬੈਠੇ
ਰਾਮ ਸੀਤਾ ਦੇ ਵਿਆਹ ਦੀ ਬਾਤ ਨਈ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਫੈਦ ਵਸਤਰ ਧਾਰਨ ਕਰ, ਚੰਡੀ ਦੀ ਵਾਰ ਦਾ ਭੋਗ ਪਾ, ਦਰਬਾਰ ਸਾਹਿਬ ਨੂੰ ਮੱਥਾ ਟੇਕ –ਦੁੱਧ ਧੋਤੀ ਚੁਤਹੀ ਪਰ ਆਣ ਵਿਰਾਜੇ। ਦੂਸਰੀ ਤਰਫੋਂ ਬੀਬੀ ਵੀਰੋ ਜੀ, ਮਾਈਆਂ ਵਿਚੋਂ ਉਠ, ਪਹਿਲਾਂ ਦਰਬਾਰ ਸਾਹਿਬ ਨੂੰ ਨਮਸਕਾਰ ਕੀਤੀ। ਫੇਰ ਸਤਿਗੁਰੂ ਜੀ ਦੇ ਗਲ ਵਿਚ ਫੁਲਾਂ ਦਾ ਹਾਰ ਤੇ ਉਨ ਦੀ ਮਾਲਾ ਪਾ ਖੱਬੇ ਪਾਸੇ - ਸਤਿਗੁਰੂ ਜੀ ਦੇ ਆਣ ਵਿਰਾਜੀ।

ਬੀਬੀ ਵੀਰੋ ਜੀ ਤੇ ਮਾਤਾ ਸੰਯੋਗਤਾ

ਅੱਜ ਫੇਰ ਦੋਬਾਰਾ ਸੱਤ ਸੌ ਸਾਲ ਪਿਛੋਂ ਮਾਤਾ ਸੰਯੋਗਤਾ ਨੇ ਬੀਬੀ ਵੀਰੋ ਦੇ ਰੂਪ ਵਿਚ ਗੁਰੂ ਸਰ ਆਣ ਅਵਤਾਰ ਧਾਰਿਆ। ਅਤੇ ਆਪਣੇ ਪਿਆਰੇ ਪਤੀ ਪ੍ਰਿਥਵੀ ਰਾਜ – ਸ਼ਹਿਨਸ਼ਾਹ ਪਾਤਿਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗਲ ਮਾਲਾ ਪਹਿਨਾ ਕੇ ਮੱਥਾ ਟੇਕ ਕੇ ਸਤਿਗੁਰੂ ਜੀ ਦੇ ਖੱਬੇ ਪਾਸੇ ਵਿਛੇ ਆਸਣ ਤੇ ਸਸ਼ੋਭਤ ਹੋਈ।

ਬੀਬੀ ਜੀ ਨੇ ਏਹ ਰਸਮ ਏਨੀ ਖੁਸ਼ਨੂਦੀ ਤੇ ਨਿਡਰ ਹੋ ਕੇ ਨਿਭਾਈ ਜਿਵੇਂ ਪਿਛਲੇ ਕਈ ਜਨਮਾਂ ਦੀ ਡੂੰਘੀ ਜਾਣ ਪਹਿਚਾਣ ਪਿਛੋਂ ਅੱਜ ਦੂਸਰੀ ਵਾਰ ਇਕ ਦੂਸਰੇ ਨਾਲ ਮਿਲਾਪ ਹੋਇਆ ਹੋਵੇ।

ਸਤਿਗੁਰੂ ਜੀ ਗਾਤ੍ਰਾ ਸਜਾ, ਬੀਰ ਆਸਣ ਲਾ ਬੈਠੇ ਅਤੇ ਬੀਬੀ ਜੀ ਚੌਂਕੜਾ ਮਾਰ ਕੇ ਚੁਤਹੀ ਤੇ ਸਜ ਗਏ। ਸੰਤ ਲਛਮਣ ਸਿੰਘ ਜੀ ਨੇ ਜੋੜੀ ਦੇ ਹੱਥ ਧੁਆਏ ਅਤੇ ਬਾਬਾ ਬਦਨ ਸਿੰਘ ਜੀ (ਪਿੰਡ ਚੜਿੱਕ, ਜਿਲਾ ਫ਼ਿਰੋਜ਼ਪੁਰ) ਨੇ ਅੰਮ੍ਰਿਤ ਛਕਾਯਾ। ਸ੍ਰੀ ਸਤਿਗੁਰੂ ਜੀ ਤਾਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ ਬੁਲੌਣ – ਪਰ ਬੀਬੀ ਜੀ ਜੁਆਬ ਵਿਚ ਸਤਿ ਸ੍ਰੀ ਅਕਾਲ ਕਹਿਣ। ਏਹ ਅਜੀਬ ਰੰਗ ਸਤਰੰਗੀ ਪੀਂਘ ਵਾਂਗ ਅਲੌਕਿਕ ਨਜ਼ਾਰਾ ਬੰਨ੍ਹ ਰਿਹਾ ਸੀ।

ਸਾਰੇ ਸੋਧੀ ਸਿੰਘਾਂ ਨੇ ਇਕੱਠੇ ਬੈਠ ਕੇ ਲਾਵਾਂ ਪੜ੍ਹੀਆਂ ਤੇ ਅਨੰਦ ਹੋਣ ਪਿਛੋਂ ਤਿੰਨ ਪਾਠਾਂ ਦੇ ਭੋਗ ਪਾਏ ਗਏ। ਦੋ ਪਾਠ ਸਤਿਗੁਰੂ ਜੀ ਨੇ ਕੀਤੇ ਸਨ। ਇਕ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਤੇ ਦੂਸਰਾ ਸ੍ਰੀ ਦਸਮ ਗ੍ਰੰਥ ਦਾ। ਅਤੇ ਇਕ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਬੀਬੀ ਵੀਰੋ ਜੀ ਨੇ ਕੀਤਾ ਸੀ।

ਲੋਕ ਅਖਾਣ ਹੈ ਕਿ – ਵਿਆਹ ਪਿਛੋਂ ਬੀਬੀਆਂ ਦਾ ਦੂਸਰਾ ਜਨਮ ਹੁੰਦਾ ਹੈ ਤੇ ਸਹੁਰੇ ਘਰ ਵਾਲੇ ਆਪਣੀਆਂ ਵੱਖਰੀਆਂ ਵੀ ਕੁਝ ਰਸਮਾਂ ਅਦਾ ਕਰਦੇ ਹੈਨ। ਓਹਨਾਂ ਹੀ ਰਸਮਾਂ ਵਿਚ ਔਂਦਾ ਹੈ – ਬੀਬੀ ਦਾ ਨਵਾਂ ਨਾਮ ਕਰਨ। ਸੋ ਮਾਤਾ ਜੀਵਨ ਕੌਰ ਜੀ ਨੇ ਸੰਤ ਲਛਮਨ ਸਿੰਘ (ਨਿੱਕਾਂ) ਜਟਾਣੇ (ਲੁਧਿਆਣਾ) ਵਾਲਿਆਂ ਨੂੰ ਕਿਹਾ – ਸੰਤ ਜੀ! ਦਰਬਾਰ ਸਾਹਿਬ ਵਿਚੋਂ ਵਾਕ ਲਓ। ਮੁਖਵਾਕ ਇਸ ਤਰ੍ਹਾਂ ਆਇਆ:-

ਆਸਾ ਮਹਲਾ ੫
ਨਿਜ ਭਗਤੀ ਸੀਲਵੰਤੀ ਨਾਰ।।
ਰੂਪਿ ਅਨੂਪ ਪੂਰੀ ਆਚਾਰਿ।।

– – –

ਕਰਿ ਸੇਵਾ ਸਤ ਪੁਰਖ ਮਨਾਇਆ।।
ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ।।

– – –

ਧੰਨੁ ਸੁ ਗ੍ਰਿਹ ਜਿਤੁ ਪ੍ਰਗਟੀ ਆਇ।।
ਜਨ ਨਾਨਕ ਸੁਖੇ ਸੁਖਿ ਵਿਹਾਇ।।

ਇਸ ਸ਼ਬਦ ਦਾ ਪਹਿਲਾ 'ਨਿਜ' ਪਦ ਸੰਤ ਜੀ ਨੇ ਆਪ ਪਰਮੇਸ਼ਰ ਰੂਪ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਯੋਗ ਜਾਣਿਆ। ਅਤੇ ਭਗਤੀ ਰੂਪ ਸ਼ਕਤੀ ਅਵਤਾਰ ਬੀਬੀ ਵੀਰੋ ਜੀ ਨੂੰ ਮੰਨ ਕੇ – ਭੱਭੇ ਅਖਰ ਤੋਂ – ਭੂਪਿੰਦਰ ਕੌਰ ਨਾਮ ਰਖਿਆ। ਅਜ ੧੩ ਪੋਹ ਸੰਮਤ ੧੯੭੧ ਬਿਕ੍ਰਮੀ ਨੂੰ – ਅਤੇ ਏਸ ਤਰ੍ਹਾਂ ਦੂਸਰੇ ਜਨਮ ਵਿਚ ਦੂਸਰੀ ਵਾਰ ਫਿਰ ਸੰਪੂਰਨ ਹੋਇਆ ਸੰਯੋਗਤਾ ਸੁੰਬਰ।

ਯੁੱਗ ਪੁਰਸ਼ ਦਾ ਜਨਮ

ਪੂਰੇ ਛੇ ਸਾਲ ਪਿਛੋਂ ੮ ਮਘਰ ਸੋਮਵਾਰ ਸੰਮਤ ੧੯੭੭ ਕੱਤਕ ਸੁਦੀ ਤਰੋਦਸੀ ਨੂੰ ਮਾਤਾ ਭੂਪਿੰਦਰ ਕੌਰ ਜੀ ਦੀ ਕੁਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਵਤਾਰ ਧਾਰਿਆ। ਮਾਤਾ ਰਾਮ ਕੌਰ ਜੀ ਗੁਰੂ ਸਰ ਵਾਲਿਆਂ ਆਪਣੇ ਦੋਹਤੇ ਦੇ ਕੰਨ ਵਿਚ ਭਜਨ ਦਸ ਦਿਤਾ ਅਤੇ ਆਪਣੇ ਹਥ ਨਾਲ ਹੀ ਰਾਮ ਸਰ ਤੋਂ ਪਾਣੀ ਮੰਗਵਾ ਕੇ ਗੁੜ ਦੀ ਗੁੜ੍ਹਤੀ ਦਿਤੀ। ਤੇ ਤਲਾਅ ਰਾਮਸਰ ਦੇ ਜਲ ਨਾਲ ਦੁਧੀਆਂ ਧੋ ਮੁੱਖ ਪਾਈਆਂ। ਸੰਗਤਾਂ ਵਿਚ ਜਦੋਂ ਇਹ ਖਬਰ ਪਹੁੰਚੀ ਜੈਕਾਰੇ ਛੁੱਟ ਗਏ ਅਤੇ ਲੱਗੇ ਮਾਤਾ ਜੀਵਨ ਕੌਰ ਜੀ ਦੇ ਦਰਬਾਰ ਵਿਚ ਜੈਕਾਰੇ ਛੁੱਟਣ। ਜਨਮ ਦਾ ਉਤਸ਼ਾਹ ਤੇ ਉਮਾਹ ਏਸ ਤਰਾਂ ਭੈਣੀ ਸਾਹਿਬ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ, ਉੱਛਲਿਆ ਜਿਵੇਂ ਸਮੁੰਦਰ ਵਿਚ ਜਵਾਰ ਭਾਟਾ। ਅਤੇ ਸੰਤਾਂ ਭਗਤਾਂ ਨੇ ਸ਼ਬਦਾਂ ਦੇ ਸੁਰ ਉਚੇ ਕਰ ਕੇ ਕਿਹਾ —

ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ।।੧।।

ਅਤੇ ਸਾਧ ਸੰਗਤ ਨੇ ਆਪਣੇ ਆਪ ਹੀ ਸਾਹਿਬਜ਼ਾਦੇ ਦਾ ਨਾਮ ਫਰਮਾ ਲਿਆ –

ਬੇਅੰਤ ਜੀ

ਮਾਤਾ ਜੀ ਬੇਅੰਤ ਜੀ ਦੀ ਦਾਦੀ ਨੇ ਹੱਟੀ ਦੇ ਬੂਹੇ ਖੋਲ੍ਹ ਦਿਤੇ। ਭੰਡਾਰੇ ਤਾਂ ਪਹਿਲਾਂ ਵੀ ਖੁਲ੍ਹੇ ਹੀ ਵਰਤਦੇ ਸਨ। ਪਰ ਅੱਜ ਮਾਤਾ ਜੀਵਨ ਕੌਰ ਜੀ ਤੋਂ ਬਿਨਾਂ ਸਾਧ ਸੰਗਤ ਦਾ ਆਪਣਾ ਅਧਿਕਾਰ ਵੀ ਸੀ। ਸੋ, ਜੋ ਕਿਸੇ ਨੇ ਚਾਹਿਆ ਓਹੋ ਪਾਇਆ। ਕੜਾਹ ਪ੍ਰਸ਼ਾਦ ਤੇ ਸ਼ਹੀਦੀ ਦੇਗਾਂ ਦੇ ਕੜਾਹੇ ਭਰ ਦਿਤੇ ਗਏ। ਰੁੱਸੇ ਹੋਇਆਂ ਨੂੰ ਮਨਾ ਕੇ ਓਹਨਾਂ ਦੇ ਘਰੀਂ ਵੀ ਪ੍ਰਸ਼ਾਦ ਦੇ ਥਾਲ ਭਰ ਭਰ ਕੇ ਭੇਜੇ ਗਏ। ਅਜ ਖੁੱਲ੍ਹੇ ਤੇ ਬੱਝੇ ਸਭ ਇਕ ਮਿਕ ਹੋ ਕੇ ਗੱਫੇ ਛਕ ਰਹੇ ਸਨ ਅਤੇ ਕਹਿ ਰਹੇ ਸਨ —

ਧੰਨ ਧੰਨ ਪਿਤਾ ਧੰਨ ਧੰਨ ਕੁਲ
ਧੰਨ ਧੰਨ ਸੁ ਜਨਨੀ ਜਿਨ ਗੁਰੂ ਜਣਿਆ ਮਾਇ।।

ਗੰਗਾ ਦੇ ਕੁੰਭ ਦੀ ਤਰ੍ਹਾਂ ਦੂਰੋਂ ਨੇੜਿਓਂ ਸੰਗਤਾਂ ਦਾ ਤਾਂਤਾ ਰਾਤ ਦਿਨ ਲੱਗਾ ਰਹਿੰਦਾ। ਸਾਹਿਬਜ਼ਾਦਿਆਂ ਦੇ ਦਰਸ਼ਨ ਕਰਕੇ ਸੰਗਤਾਂ ਵਿਚ ਵੱਡਾ ਉਤਸ਼ਾਹ ਜਨਮ ਲੈਂਦਾ। ਕਿਉਂਕਿ ਤੀਹਾਂ ਬੱਤੀਆਂ ਸਾਲਾਂ ਪਿਛੋਂ ਅਜੇਹੀਆਂ ਰੌਣਕਾਂ ਭੈਣੀ ਸਾਹਿਬ ਮੁੜ ਆਈਆਂ ਸਨ। ਕਿਸੇ ਪਾਸੇ ਤੋਂ ਰੰਗ ਬਰੰਗੇ ਖਡੌਣੇ ਤੁਰੇ ਔਂਦੇ। ਕਿਸੇ ਪਾਸੇ ਤੋਂ ਦੋਹਾਂ ਮਾਤਾਵਾਂ ਤੇ ਨੂੰਹ ਰਾਣੀ ਵਾਸਤੇ ਕੱਪੜੇ ਲੀੜੇ, ਫਲ-ਫਰੂਟ ਤੇ ਖਾਣ ਪੀਣ ਦੀਆਂ ਹੋਰ ਸੁਗਾਤਾਂ ਤੁਰੀਆਂ ਔਂਦੀਆਂ ਸਨ।

ਰਿਵਾਜ ਦੇ ਤੌਰ ਉਤੇ ਕੋਈ ਵੀ ਸਾਧੂ ਮਹਾਤਮਾਂ, ਗ੍ਰਿਸਤੀ ਪੁਰਸ਼ ਤੇ ਬੀਬੀਆਂ ਖਾਲੀ ਹੱਥੀਂ ਮਥਾ ਨਹੀਂ ਸਨ ਟੇਕਦੀਆਂ। ਪੈਸਿਆਂ ਦੇ ਨਾਲ ਜ਼ਰੂਰ ਕੁਝ ਨਾ ਕੁਝ ਹੋਰ ਹੁੰਦਾ।

ਓਹ ਚਾਹੇ ਪਤਾਸੇ ਜਾਂ ਮਿਸਰੀ ਹੁੰਦੀ ਜਾਂ ਫਲ ਤੇ ਫੁਲ। ਅਤੇ ਮਾਤਾ ਭੂਪਿੰਦ੍ਰ ਕੌਰ ਜੀ ਨੂੰ ਬੀਬੀਆਂ ਨੇ ਉਨ ਦੀਆਂ ਸਫੈਦ ਮਾਲਾਵਾਂ ਪਹਿਨਾ ਕੇ ਤੇ ਰੇਸ਼ਮੀ ਥਾਨਾਂ ਦੇ ਢੇਰ ਲਾ ਦਿੱਤੇ। ਏਹ ਖੁਸ਼ੀਆਂ ਭਰੇ ਦਿਨ ਵਧਦੇ ਹੀ ਚਲੇ ਗਏ — ਮਾਘੀ ਦੇ ਮੇਲੇ ਤਕ।

ਠੀਕ ਪੰਝੀ ਦਿਨਾਂ ਪਿਛੋਂ ਨਵੇਂ ਜਸ਼ਨ ਦੀ ਤਿਆਰੀ ਸੀ ਅੱਜ। ਬੀਬੀ ਜੀ ਨੂੰ ਤੇ ਬੇਅੰਤ ਜੀ ਨੂੰ ਤਲਾਅ ਰਾਮ ਸਰੋਵਰ ਦੇ ਕੰਢੇ ਤੇ ਲਿਆਕੇ ਇਸ਼ਨਾਨ ਕਰਾਇਆ ਗਿਆ ਤੇ ਸੰਤ ਆਲਾ ਸਿੰਘ ਜੀ ਵਰਨਾਂ ਵਾਲਿਆਂ ਭਜਨ ਦਸਿਆ ਕੰਨ ਵਿਚ। ਅਤੇ ਦਰਬਾਰ ਸਾਹਿਬ ਦਾ ਭੋਗ ਪਾ ਕੇ ਮਾਤਾ ਰਾਮ ਕੌਰ ਜੀ ਨੇ ਸਾਹਿਬਜ਼ਾਦੇ ਦਾ ਨਾਮ ਰੱਖ ਦਿਤਾ ਜਗਜੀਤ ਸਿੰਘ।

ਅਜ ਫੇਰ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ ਅਤੇ ਸ਼ਹੀਦੀ ਦੇਗਾਂ ਦੇ ਕੜਾਹੇ ਭਰ ਦਿਤੇ ਗਏ। ਅਸਲ ਵਿਚ ਰੋਜ਼ ਵਧਾਈਆਂ ਤੇ ਰੋਜ਼ ਹੀ ਰੋਜ਼ੇ ਖੁਲਦੇ ਸਨ ਸੰਗਤ ਦੇ। ਲਾਹੌਰੋਂ ਛਪਦੇ 'ਸਤਿਜੁਗ ਵਿਚ ਜਦੋਂ ਜਨਮ ਦਿਵਸ ਦੀਆਂ ਖਬਰਾਂ ਛਪੀਆਂ ਫੇਰ ਤਾਂ ਘਰ ਘਰ ਅੰਦਰ ਵਧਾਈਆਂ ਵੰਡਣੀਆਂ ਸ਼ੁਰੂ ਹੋ ਗਈਆਂ।

ਓਸ ਵੇਲੇ ਅੱਜਕਲ ਦੀ ਤਰਾਂ ਰੇਡਿਓ ਟੈਲੀਵੀਜ਼ਨ ਤੇ ਅਖਬਾਰ ਕੰਮ ਨਹੀਂ ਸਨ ਕਰਦੇ। ਪਿੰਡਾਂ ਵਿਚ ਤਾਂ ਡਾਕ ਵੀ ਕਿਤੇ ਮਹੀਨੇ ਪਿਛੋਂ ਤੇ ਕਿਤੇ ਪੰਦਰੀਂ ਦਿਨੀ ਪਹੁੰਚਦੀ ਸੀ। ਅਤੇ ਏਸੇ ਤਰ੍ਹਾਂ ਹੀ ਅਖਬਾਰ ਵੀ ਰੁਲ ਖੁਲ ਕੇ ਹੀ ਸਿਰੇ ਲਗਦੇ ਸਨ। ਕਿਥੇ ਲਾਹੌਰ, ਸਰਗੋਧਾ ਤੇ ਪਿਸ਼ੌਰ ਕਿਥੇ ਭੈਣੀ ਸਾਹਿਬ। ਦਰਿਆ ਟੱਪਣਾ ਹੀ ਓਸ ਵੇਲੇ ਦੂਸਰੇ ਮੁਲਕ ਵਿਚ ਜਾਣ ਵਾਲਾ ਕੰਮ ਹੁੰਦਾ ਤੇ ਸੂਬੇ ਨੂੰ ਪਾਰ ਕਰਨਾ ਤਾਂ ਸਮੁੰਦਰੋਂ ਪਾਰ ਜਾਣ ਵਾਲੀ ਗੱਲ ਹੁੰਦੀ। ਪਰ ਅਜੇਹੀਆਂ ਖਬਰਾਂ ਨੂੰ ਖੰਭ ਲਗ ਜਾਂਦੇ ਹਨ ਤੇ ਏਹ ਕਬੂਤਰਾਂ ਦੀ ਤਰਾਂ ਉੱਡ ਉੱਡ ਕੇ ਦੇਸ ਵਿਦੇਸ਼ ਪਹੁੰਚ ਜਾਂਦੀਆਂ ਹਨ।

ਨਾਮ ਕਰਨ

ਬੇਅੰਤ ਜੀ ਅਜੇ ਬਹੁਤ ਛੋਟੇ ਸਨ - ਅਸਲੋਂ ਛੋਟੇ - ਉਮਰ ਵਿਚ ਮੇਰੇ ਤੋਂ ਵੀ ਛੋਟੇ। ਓਸ ਵੇਲੇ ਕਿਸੇ ਸੰਤ ਮਹਾਂਪੁਰਸ਼ ਨੇ ਆਪ ਜੀ ਤੋਂ ਪੁਛਿਆ।

ਕਾਕਾ ਜੀ! ਤੁਹਾਡਾ ਸ਼ੁਭ ਨਾਮ ਕੀ ਹੈ?

ਆਪ ਜੀ ਨੇ ਉਤ੍ਰ ਦਿਤਾ—

ਅਗਸਤ ਆਦਿ ਜੇ ਬਡੇ ਤਪਸਪਤੀ ਬਿਸੇਖੀਐ।
ਬਿਅੰਤ ਬਿਅੰਤ ਬਿਅੰਤ ਕੋ ਕਰੰਤ ਪਾਠ ਪੇਖੀਐ।

ਉਸਤਾਦ ਹਰਨਾਮ ਸਿੰਘ ਜੀ ਕਹਿਣ ਲਗੇ — ਬਿਅੰਤ ਜੀ ਦੀ ਹਾਜ਼ਰ ਜੁਆਬੀ [illegible] ਓਹ ਸੰਤ ਜੀ ਅਤੇ ਮੈਂ ਬਹੁਤ ਪ੍ਰਭਾਵਤ ਹੋਏ। ਓਸ ਵੇਲੇ ਬੇਅੰਤ ਜੀ ਉਸਤਾਦ ਹਰਨਾਮ ਸਿੰਘ ਜੀ ਤੋਂ ਸੰਗੀਤ ਦੀ ਸਿਖਿਆ ਲੈ ਰਹੇ ਸਨ।

ਛੋਟੇ ਸਾਹਿਬਜ਼ਾਦੇ

੨ ਕੱਤਕ ੧੯੮੦ ਨੂੰ ਮਾਤਾ ਭੂਪਿੰਦ੍ਰ ਕੌਰ ਜੀ ਦੀ ਕੁਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਸ੍ਰੀ ਭੈਣੀ ਸਾਹਿਬ ਵਿਚ ਛੋਟੇ ਸਾਹਿਬਜ਼ਾਦੇ ਨੇ ਜਨਮ ਲਿਆ। ਮਾਤਾ ਫਤੇ ਕੌਰ ਜੀ (ਬੋਲੇ ਮਾਤਾ ਜੀ) ਨੇ ਵੇਖਣ ਸਾਰ ਹੀ ਕਹਿ ਦਿਤਾ ਏਹ ਤਾਂ ਬੀਰ ਸਿੰਘ ਹੀ ਹੈ — ਚੁੰਨ੍ਹੀ ਮਛਲੀ ਵਾਲਾ।

ਬਾਬਾ ਬੀਰ ਸਿੰਘ ਜੀ ਚੁੰਨ੍ਹੀ ਵਾਲੇ ਬੜੇ ਭਜਨ ਬਾਣੀ ਕਰਨ ਵਾਲੇ ਸਿੱਧ ਪੁਰਸ਼ ਸਨ ਅਤੇ ਭੈਣੀ ਸਾਹਿਬ ਰਹਿ ਕੇ ਹੀ ਸਾਧ ਸੰਗਤ ਅਤੇ ਸਤਿਗੁਰੂ ਜੀ ਦੀ ਸੇਵਾ ਕਰਦੇ ਸਨ। ਮੂੰਹੋਂ ਜੋ ਕਹਿੰਦੇ ਪੂਰਾ ਹੁੰਦਾ ਸੀ। ਓਸ ਤਰਾਂ ਹੈਗੇ ਵੀ ਸਨ ਤ੍ਰਿਕਾਲ-ਦਰਸੀ। ਭਾਈ ਵਜ਼ੀਰ ਸਿੰਘ ਜੀ ਨਾਲ ਬਹੁਤ ਪਿਆਰ ਸੀ। ਬਾਬਾ ਬੀਰ ਸਿੰਘ ਜੀ ਜਿੰਨਾਂ ਚਾਹੁੰਦੇ ਸਨ ਭਾਈ ਜੀ ਨੂੰ ਭਾਈ ਸਾਹਿਬ ਓਨਾਂ ਹੀ ਦੂਰ ਰਹਿਣ ਦਾ ਜਤਨ ਕਰਦੇ। ਇਕ ਵਾਰ ਜਦੋਂ ਭਾਈ ਜੀ ਨੂੰ ਕੋਲ ਸੱਦ ਕੇ ਬਚਨ ਬਿਲਾਸ ਕਰਨੇ ਚਾਹੇ ਤਾਂ ਭਾਈ ਜੀ ਛੇਤੀ ਉਠ ਕੇ ਚਲੇ ਗਏ। ਬਾਬਾ ਜੀ ਨੇ ਕਿਹਾ —

ਵਜੀਰ ਸਿੰਘਾ ਹੁਣ ਤਾਂ ਤੂੰ ਮੇਰੇ ਵਲ ਧਿਆਨ ਨਹੀਂ ਦਿੰਦਾ। ਪਰ ਮੈਂ ਤੇਰੇ ਢਿਡ ਤੇ ਲੇਟਿਆ ਕਰਨਾ ਹੈ। ਏਸੇ ਘਰ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਿਹ ਵਿਖੇ ਹੀ ਮੈਂ ਦੂਸਰਾ ਜਨਮ ਧਾਰਨ ਕਰਨਾ ਹੈ।

ਬਾਬਾ ਜੀ ਦੀ ਕੀਤੀ ਏਹ ਭਵਿਖ ਬਾਣੀ ਸਾਰੇ ਗੁਰੂ ਘਰ ਵਿਚ ਫੈਲ ਗਈ ਤੇ ਨੇੜੇ ਤੇੜੇ ਰਹਿਣ ਵਾਲੀ ਸੰਗਤ ਵਿਚ ਵੀ। ਜੋ ਹਰਫ ਬਹਰਫ਼ ਸਹੀ ਸਾਬਤ ਹੋਈ। ਅਤੇ ਸਾਹਬਜ਼ਾਦੇ ਦਾ ਨਾਮ ਵੀ ਬੀਰ ਸਿੰਘ ਹੀ ਰੱਖਿਆ।

ਮਾਤਾ ਜੀਵਨ ਕੌਰ ਜੀ ਨੇ ਸਾਹਬਜ਼ਾਦੇ ਦੀ ਖੁਸ਼ੀ ਵਿਚ ਭੰਡਾਰੇ ਖੋਹਲ ਦਿਤੇ। ਮਿਸਰੀ ਬਾਦਾਮ ਕੜਾਹ ਪ੍ਰਸ਼ਾਦ ਤੇ ਸ੍ਰਦਾਈ ਦੇ ਗੱਫੇ ਖੁਲ੍ਹੇ ਵਰਤਾਏ ਗਏ। ਜਦੋਂ ਬਾਕੀ ਸੰਗਤ ਨੂੰ ਪਤਾ ਲਗਾ ਘਰ ਘਰ ਮੰਗਲਾਚਾਰ ਸ਼ੁਰੂ ਹੋ ਗਏ।

ਪਹਿਲੀ ਮੱਘਰ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਅੰਮ੍ਰਿਤ ਬਣਾਇਆ ਰਾਮਸਰ ਹੀ ਦੀਵਾਨ ਸਜਾਇਆ ਅਤੇ ਮਾਤਾ ਭੂਪਿੰਦ੍ਰ ਕੌਰ ਜੀ ਤੇ ਛੋਟੇ ਸਾਹਬਜ਼ਾਦੇ ਨੂੰ ਰਾਮ ਸਰ ਦੇ ਜਲ ਨਾਲ਼ ਸ਼ਨਾਨ ਕਰਾਕੇ ਅੰਮ੍ਰਿਤ ਛਕਾਇਆ ਗਿਆ। ਇਕ ਪਾਠ ਦਾ ਭੋਗ ਵੀ ਪਾਇਆ ਗਿਆ।

ਛੋਟੇ ਸਾਹਿਬਜਾਦੇ ਵੱਲਭ ਜੀ ਨੂੰ ਜਨਮ ਦੇਣ ਤੋਂ ਥੋਹੜੇ ਚਿਰ ਪਿਛੋਂ ਮਾਤਾ ਭੂਪਿੰਦ੍ਰ ਕੌਰ ਢਿੱਲੇ ਹੋ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਤਨੀ ਦਾ ਚਿਹਰਾ ਵੇਖ ਮਾਤਾ ਜੀਵਨ ਕੌਰ ਜੀ ਨੂੰ ਕਿਹਾ ਭੂਪਿੰਦਰ ਕੌਰ ਦੀ ਸਿਹਤ ਠੀਕ ਨਹੀਂ ਜਾਪਦੀ। ਏਸ ਵਾਸਤੇ ਹੁਣੇ ਗੁਰੂ ਸਰ ਸਿੱਖ ਭੇਜ ਕੇ ਮਾਤਾ ਰਾਮ ਕੌਰ ਨੂੰ ਮੰਗਵਾਓ। ਬੱਚਿਆਂ ਦੋਹਾਂ ਨੂੰ ਏਹਨਾਂ ਤੋਂ ਅਲਗ ਕਰ ਦਿਓ ਤੇ ਭੂਪਿੰਦ੍ਰ ਕੌਰ ਤੇ ਏਹਨਾਂ ਦੀ ਮਾਤਾ ਰਾਮ ਕੌਰ ਦਾ ਡੇਰਾ ਰਾਮ ਸਰ ਲਵਾ ਦਿਓ। ਓਥੇ ਦੋਵੇਂ ਮਾਵਾਂ ਧੀਆਂ ਇਕਾਂਤ ਰਹਿਣਗੀਆਂ। ਨਾਲੇ ਬਾਗ ਦੀ

ਸ੍ਵੱਛ ਹਵਾ ਮਿਲੇਗੀ ਤੇ ਸਿਹਤ ਕੁਝ ਚੰਗੀ ਰਹੇਗੀ। ਏਸ ਤਰ੍ਹਾਂ ਵੱਲਭ ਜੀ ਨੂੰ ਬਹੁਤ ਥੋਹੜਾ ਚਿਰ ਮਾਤਾ ਦਾ ਦੁਧ ਪੀਣ ਨੂੰ ਮਿਲਿਆ। ਤੇ ਏਸ ਤਰਾਂ ਦੋਵੇਂ ਹੀ ਸਾਹਿਬਜ਼ਾਦੇ ਮਾਤ੍ਰੀ-ਹੀਨ ਹੋ ਗਏ।

ਹੁਣ ਆਪਾਂ ਨਵੀਂ ਗੱਲ ਅਸਲੋਂ ਨਵੀਂ ਗੱਲ ਵਲ ਪਰਤਦੇ ਹਾਂ। ਜੋ ਏਸ ਤੋਂ ਪਹਿਲਾਂ ਨਾ ਹੀ ਏਸ ਦੀ ਜ਼ਰੂਰਤ ਪਈ ਤੇ ਨਾ ਹੀ ਕਿਸੇ ਨੇ ਲਿਖੀ — ਤੇ ਸ਼ੁਰੂ ਕਰਦੇ ਹਾਂ -

ਘੋੜੇ ਮਰਦ ਪਰਖੀਏ ਰਗ ਨਾਨੇ ਹਾਰੀ

ਅੱਜ ਸੰਮਤ ੨੦੪੯ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਦੇ ਸੁਭਾਅ ਵਿਚ ਅੰਤਰ ਆ ਗਿਆ ਹੈ। ਤੇ ਚੜ੍ਹਦੇ ਲਹਿੰਦੇ ਵਾਲੀ ਗੱਲ ਬਣ ਗਈ ਹੈ। ਓਸ ਤਰਾਂ ਦੋਵੇਂ ਭਰਾ ਇਕ ਦੂਸਰੇ ਦੇ ਨੇੜੇ ਔਣ ਦਾ ਜਤਨ ਕਰਦੇ ਰਹਿੰਦੇ ਹੈਨ। ਪਰ ਸੁਭਾਅ ਦਾ ਅੰਦਾਜ਼ ਦੋਹਾਂ ਨੂੰ ਇਕ ਸੁਰ ਨਹੀਂ ਹੋਣ ਦਿੰਦਾ। ਮੈਂ ਏਸਦਾ ਹੱਦੋਂ ਬਹੁਤਾ ਵਿਸਤਾਰ ਤੇ ਨਹੀਂ ਕਰਾਂਗਾ। ਅਤੀ ਡੂੰਘਾਈ ਨਾਲ ਜਾਚਣਾ ਪਰਖਣਾਂ ਮੈਂ ਤੁਹਾਡੇ ਉਤੇ ਛੱਡਦਾ ਹਾਂ। ਏਹ ਢੀਠਤਾਈ ਮੈਂ ਏਸ ਵਾਸਤੇ ਕਰ ਰਿਹਾ ਹਾਂ ਕਿ ਹੁਣ ਗੱਲ ਸਾਰੇ ਨਾਮਧਾਰੀ ਸੰਸਾਰ ਵਿਚ ਫੈਲ ਗਈ ਹੈ। ਤੇ ਮੈਂ ਆਪਣਾ ਫ਼ਰਜ਼ ਸਮਝ ਕੇ ਹੀ ਏਸ ਪਾਸੇ ਕਦਮ ਵਧਾ ਰਿਹਾ ਹਾਂ।

ਆਦਤਾਂ ਦਾ ਅੰਤਰ ਤਾਂ ਸ਼ੁਰੂ ਵਿਚ ਹੀ ਸੀ ਤੇ ਅਸੀਂ ਸਾਰੇ ਵਿਦਿਆਰਥੀਆਂ ਨੇ ਜਾਂਚ ਲਿਆ ਸੀ ਏਸ ਫਰਕ ਨੂੰ। ਵੱਲਭ ਜੀ ਹੱਥ ਘੁਟ ਕੇ ਰਖਦੇ ਸਨ ਤੇ ਆਪਣੀ ਚੀਜ਼ ਨੂੰ ਬਹੁਤ ਸਾਂਭ ਕੇ ਵੀ ਰਖਦੇ ਸਨ। ਤੇ ਅਸੀਂ ਏਹਨਾਂ ਨੂੰ ਸੂਮ-ਪਣੇ ਦਾ ਦਰਜਾ ਦੇ ਰਖਿਆ ਸੀ। ਤੇ ਬੇਅੰਤ ਜੀ! ਬਸ ਬੇਅੰਤ ਹੀ ਸਨ। ਮੈਂ ਛੋਟੇ ਹੁੰਦਿਆਂ ਏਹਨਾਂ ਦਾ ਖਜ਼ਾਨਚੀ ਵੀ ਰਿਹਾ ਹਾਂ। ਜਿਸ ਵਾਸਤੇ ਮੈਨੂੰ ਹੋਰ ਵੀ ਬਹੁਤਾ ਪਤਾ ਹੈ ਏਹਨਾਂ ਦੇ ਖੁਲਾਸੇ ਪਣ ਦਾ। ਓਸ ਤਰਾਂ ਸੰਗਤ ਮੇਰੀ ਦੋਹਾਂ ਨਾਲ ਹੀ ਇਕੋ ਜੇਹੀ ਰਹੀ ਹੈ ਸਿਵਾਏ ਪਹਿਲੇ ਤਿੰਨ ਚਾਰ ਸਾਲਾਂ ਦੇ।

ਮੇਰੇ ਅੰਦਾਜ਼ੇ ਵਿਚ ਇਕ ਰੁਪੈਆ ਰੋਜ਼ ਦੀ ਆਮਦਨੀ ਸੀ ਬੇਅੰਤ ਜੀ ਨੂੰ ਛੋਟੇ ਹੁੰਦਿਆਂ ਵੀ। ਖਜ਼ਾਨਾਂ ਮੇਰੇ ਕੋਲ ਜਮਾਂ ਪਿਛੋਂ ਹੁੰਦਾ ਸੀ ਤੇ ਖਾਲੀ ਪਹਿਲਾਂ। ਕਵੀ ਪ੍ਰੀਤਮ ਸਿੰਘ ਜੀ ਮੇਰੇ ਖਜ਼ਾਨਚੀ ਬਣੇ ਤੋਂ ਬੜੇ ਦੁਖੀ ਸਨ ਤੇ ਓਹਨਾਂ ਦੇ ਦੁੱਖਾਂ ਦੀ ਕਹਾਣੀ ਏਸੇ ਹੀ ਪੁਸਤਕ ਵਿਚ ਤੁਸੀਂ ਕਿਸੇ ਹੋਰ ਥਾਂ ਪੜ੍ਹੋਗੇ।

ਦੁੱਧ ਤੇ ਬੁੱਧ (ਇਕ ਵਿਅੰਗ)

ਏਹ ਅਖਾਣ ਬਹੁਤ ਮਸ਼ਹੂਰ ਹੈ। ਵੱਲਭ ਜੀ ਨੂੰ ਬਕਰੀ ਤੇ ਗਾਂ ਦਾ ਦੁੱਧ ਹੀ ਪੀਣ ਨੂੰ ਮਿਲਿਆ ਛੋਟੇ ਹੁੰਦਿਆਂ। ਨ੍ਰਿਮਤਾ ਦਾ ਗੁਣ ਤਾਂ ਹੁੰਦਾ ਹੀ ਹੈ ਦੋਹਾਂ ਜਾਨਵਰਾਂ ਵਿਚ। ਅਤੇ ਮਹੰਤ ਸੇਵਾ ਸਿੰਘ ਜੀ ਨੂੰ ਵੀ ਹੱਥ ਘੁੱਟ ਕੇ ਹੀ ਰਖਣ ਦੀ ਆਦਤ ਸੀ। ਮਹੰਤ ਜੀ ਦੀ ਇਕ ਗੱਲ ਹੀ ਮੈਂ ਦਸਦਾ ਹਾਂ।

ਵੱਲਭ ਜੀ ਮੈਂ ਤੇ ਅੰਬੋ ਜੀ (ਮੇਰੀ ਦਾਦੀ ਰਾਮ ਕੌਰ ਜੀ) ਮਹੰਤ ਸੇਵਾ ਸਿੰਘ ਜੀ ਦੇ ਚੁਬਾਰੇ ਉਤੇ ਹੀ ਸੌਂਦੇ ਹੁੰਦੇ ਸਾਂ। ਅਤੇ ਓਥੇ ਹੀ ਖਾਣ ਪੀਣ ਦਾ ਸਿਲਸਿਲਾ ਚਲਦਾ ਹੁੰਦਾ ਸੀ। ਵੱਲਭ ਜੀ ਨੂੰ ਮਹੰਤ ਸੇਵਾ ਸਿੰਘ ਆਪਣੇ ਨਾਲ ਹੀ ਸੁਆ ਲੈਂਦੇ ਸਨ। ਮੈਂ ਤੇ ਮੇਰੇ ਦਾਦੀ ਜੀ ਇੱਕਠੇ ਸੌਂਦੇ ਸਾਂ।

ਮਹੰਤ ਜੀ ਵੱਲਭ ਜੀ ਵਾਸਤੇ ਦੇਸੀ ਮਿਸ੍ਰੀ ਬਣਵਾ ਕੇ ਰਖਦੇ ਸਨ ਦੁਧ ਵਿਚ ਪੌਣ

ਵਾਸਤੇ ਜੋ ਓਹਨਾਂ ਪੀਪੇ ਵਿਚ ਸਾਂਭ ਕੇ ਰਖੀ ਸੀ। ਪੀਪਾ ਧੁਰ ਹੇਠਾਂ ਮੰਜੇ ਦੇ ਹੁੰਦਾ। ਮੈਨੂੰ ਦੁਧ ਫਿਕਾ ਹੀ ਮਿਲਦਾ। ਫਿਕਾ ਦੁਧ ਪੀਣ ਦਾ ਹੀ ਰਿਵਾਜ ਸੀ ਓਸ ਵੇਲੇ। ਪਰ ਮਹੰਤ ਜੀ ਵੱਲਭ ਜੀ ਨੂੰ ਮਿਸ੍ਰੀ ਏਸ ਕਰਕੇ ਦੁਧ ਵਿਚ ਪਾ ਕੇ ਪਿਲੌਂਦੇ ਸਨ ਕਿ ਮਿਠੇ ਦੇ ਲਾਲਚ ਨਾਲ ਦੁਧ ਰਜ ਕੇ ਛਕ ਲੈਣ ਤੇ ਸੁਭਾਅ ਵੀ ਮਿਠੇ ਨਾਲ ਮਿਠਾ ਹੋ ਜਾਂਦਾ ਹੈ। ਏਹ ਵੀ ਵਿਚਾਰ ਹੋਵੇਗਾ ਓਹਨਾਂ ਦਾ। ਮਿਸ੍ਰੀ ਵੇਖ ਕੇ ਮੈਂ ਬੁਲ੍ਹਾਂ ਉਤੇ ਜ਼ੁਬਾਨ ਫੇਰ ਕੇ ਹੀ ਕੰਮ ਸਾਰ ਲੈਂਦਾ। ਪਰ ਜਦੋਂ ਮਹੰਤ ਜੀ ਅਗਾਂਹ ਪਿਛਾਂਹ ਹੁੰਦੇ ਅੰਬੋ ਜੀ ਮੈਨੂੰ ਮਿਸ੍ਰੀ ਦੀ ਡਲੀ ਪੀਪੇ ਵਿਚੋਂ ਕਢ ਕੇ ਫੜਾ ਦਿੰਦੇ। ਹੁਣ ਤੁਸੀਂ ਹੀ ਦਸੋ, ਓਸ ਵੇਲੇ ਜਦੋਂ ਲੋਕੀ ਗੁੜ ਖਾਣ ਨੂੰ ਤਰਸਦੇ ਹੁੰਦੇ ਸਨ - ਮਿਸ੍ਰੀ ਮਿਲ ਜਾਵੇ ਤਾਂ ਬੱਚੇ ਨੂੰ ਕਿਤਨੀ ਖੁਸ਼ੀ ਹੁੰਦੀ ਹੋਵੇਗੀ।

ਕਹਿ ਕਬੀਰ ਗੂੰਗੇ ਗੁੜ ਖਾਇਆ
ਪੂਛੇ ਤੇ ਕਿਆ ਕਹੀਐ

ਸੰਗਤ ਕਾ ਗੁਨ ਬਹੁਤ ਅਧਿਕਾਈ ਵਾਲੀ ਗਲ ਵੀ ਅਸੀਂ ਏਸੇ ਤਰ੍ਹਾਂ ਹੀ ਠੀਕ ਮੰਨਦੇ ਹਾਂ ਜਿਵੇਂ ਦੁੱਧ ਤੇ ਬੁਧ ਨੂੰ।

ਏਸ ਤੋਂ ਉਲਟ ਬੇਅੰਤ ਜੀ ਵਾਸਤੇ ਮਾਤਾ ਤੋਂ ਬਿਨਾਂ ਹੋਰ ਕੌਣ ਧਿਆਨ ਦਿੰਦਾ। ਸੇਵਕ ਸਿਖ ਤਾਂ ਆਪਣੇ ਆਪ ਵਿਚ ਹੀ ਮਸਤ ਰਹਿੰਦੇ ਹੈਨ। ਟੋਕਰੀ ਫਲਾਂ ਦੀ ਜਾਂ ਮਿਠਾਈ ਦਾ ਪੀਪਾ। ਆਪ ਹੀ ਖੋਲਣਾ ਤੇ ਖਾਣਾ। ਖੁਲ੍ਹੀਆਂ ਡੁੱਲੀਆਂ ਆਦਤਾਂ। ਓਥੇ ਕੌਣ ਪੀਪਿਆਂ ਵਿਚ ਸਾਂਭਦਾ ਸੀ ਸਾਮਾਨ ਨੂੰ। ਏਹ ਅੰਤਰ ਸ਼ੁਰੂ ਤੋਂ ਹੀ ਪੈਂਦਾ ਗਿਆ ਤੇ ਪੈਂਦਾ ਹੀ ਚਲਾ ਗਿਆ।

ਮਿੱਠੇ ਦੀ ਇਕ ਹੋਰ ਗੱਲ

ਸੰਨ ੪੦-੪੨ ਦੀ ਗੱਲ ਹੈ। ਮੈਂ ਭੈਣੀ ਸਾਹਿਬ ਗਿਆ। ਦੁਪਹਿਰ ਦੀਆਂ ਖਬਰਾਂ ਰੇਡਿਓ ਉਤੇ ਲਗੀਆਂ ਹੋਈਆਂ ਸਨ। ਜਰਮਨ ਪੂਰੀ ਚੜ੍ਹਾਈ ਉਤੇ ਸੀ। ਜਿਹੜਾ ਮੋਰਚਾ ਓਸਨੇ ਹਫਤੇ ਪਿਛੋਂ ਸਰ ਕੀਤਾ, ਓਸਦਾ ਐਲਾਨ ਅੱਜ ਹੀ ਕਰ ਦਿਤਾ। ਮੈਨੂੰ ਬੇਅੰਤ ਜੀ ਕਹਿਣ ਲਗੇ ਤੈਨੂੰ ਇਕ ਗੱਲ ਦਸਾਂ?

ਇਕ ਤਾਂਗੇ ਵਾਲਾ ਕਹਿਣ ਲਗਾ ਚੜ੍ਹ ਜਾ ਓਏ ਘੋੜਿਆ ਨੀਲੋਂ ਦੇ ਪੁਲ ਉਤੇ ਜਿਵੇਂ ਜਰਮਨ ਅੰਗ੍ਰੇਜ਼ਾਂ ਉਤੇ ਚੜ੍ਹਿਆ ਔਂਦਾ ਹੈ।

ਸਮਰਾਲੇ ਦੇ ਥਾਣੇਦਾਰ ਨੇ ਉਸ ਤਾਂਗੇ ਦੇ ਕੋਚਵਾਨ ਨੂੰ ਤਿੰਨ ਮਹੀਨੇ ਲਈ ਅੰਦਰ ਕਰ ਦਿਤਾ।

ਏਨੇ ਚਿਰ ਵਿਚ ਗੁਰਬਖਸ਼ ਸਿੰਘ ਅਮਲੀ ਬਾਬਿਆਂ ਦਾ ਸੇਵਕ ਦੁੱਧ ਲੈ ਕੇ ਆ ਗਿਆ। ਬਾਬਾ ਬੀਰ ਸਿੰਘ ਜੀ ਨੇ ਅਜੇ ਅਧਾ ਗਲਾਸ ਹੀ ਛਕਿਆ ਸੀ ਬੇਅੰਤ ਜੀ ਨੇ ਕਿਹਾ ਠਹਿਰੋ? ਤੇ ਗਲਾਸ ਓਹਨਾਂ ਕੋਲੋਂ ਲੈ ਕੇ ਮੈਨੂੰ ਫੜਾ ਦਿਤਾ। ਕਹਿਣ ਲਗੇ ਪੀ ਕੇ ਵੇਖ ਮਿਠਾ ਕਿੰਨਾ ਹੈ।

ਮੈਂ ਪੀ ਕੇ ਕਿਹਾ ਏਸ ਨਾਲ ਤਿੰਨ ਗਲਾਸ ਮਿਠੇ ਹੋ ਸਕਦੇ ਹਨ। ਫੇਰ ਉਹਨਾਂ ਆਪਣਾ ਅਧਾ ਗਲਾਸ ਮੈਨੂੰ ਫੜਾ ਕੇ ਕਹਿਣ ਲਗੇ ਹੁਣ ਏਹ ਪੀ ਕੇ ਵੇਖ।

ਇਕ ਘੁਟ ਭਰ ਕੇ ਮੈਂ ਕਿਹਾ ਮੈਂ ਨਹੀਂ ਪੀਂਦਾ ਏਹ ਤਾਂ ਅਸਲੋਂ ਫਿਕਾ ਹੈ। ਕਹਿਣ ਲਗੇ ਨਹੀਂ, ਏਹ ਗਲ ਨਹੀਂ!! ਮਿੱਠਾ ਤਾਂ ਏਹ ਵੀ ਹੈ, ਪਰ ਤੂੰ ਬਹੁਤਾ ਮਿਠਾ ਪੀ ਕੇ ਹਟਿਆ ਹੈਂ, ਜਿਸ ਵਾਸਤੇ ਏਹ ਫਿੱਕਾ ਲਗਦਾ ਹੈ।

ਚਲੋ ਪਿਛੇ ਨੂੰ ਮੁੜੀਏ

ਆਪਾਂ ਹੁਣ ਦੋਹਾਂ ਦੀ ਜੀਵਨ ਧਾਰਾ ਵਿਚ ਫਰਕ ਕਿਉਂ ਪੈ ਗਿਆ ਹੈ - ਏਸ ਦਾ ਵਿਸ਼ਲੇਸ਼ਨ ਕਰਦੇ ਹਾਂ।

ਮਾਤਾ ਭੂਪਿੰਦ੍ਰ ਕੌਰ ਜੀ ਅਚਾਨਕ ਲੰਮੀ ਬੀਮਾਰੀ ਦੀ ਮਾਰ ਵਿਚ ਆ ਗਏ। ਜਿਸ ਵਾਸਤੇ ਵੱਲਭ ਜੀ ਦੀ ਹਯਾਤੀ ਨੂੰ ਤਿੰਨ ਨੁਕਸਾਨ ਪਹੁੰਚੇ। ਮਾਤਾ ਦਾ ਪਿਆਰ, ਸੰਗਤ ਅਤੇ ਮਾਤਾ ਦਾ ਦੁੱਧ। ਮੈਂ ਪਹਿਲਾਂ ਹੀ ਲਿਖ ਚੁਕਾ ਹਾਂ, ਦੁੱਧ ਤੇ ਬੁੱਧ। ਇਹ ਕਿਥੋਂ ਤਕ ਸਹੀ ਹੈ, ਏਹ ਕਹਿਣਾ ਮੁਸ਼ਕਿਲ ਹੈ। ਅੰਗ੍ਰੇਜ਼ ਗਾਂ ਦਾ ਦੁਧ ਹੀ ਪੀਂਦੇ ਹਨ ਤੇ ਸਾਡ਼ੇ ਨਾਲੋਂ ਜ਼ਿਆਦਾ ਸਿਆਣੇ ਹੈਨ। ਗਾਂਧੀ ਜੀ ਨੇ ਦੁੱਧ ਵਾਸਤੇ ਬਕਰੀ ਹੀ ਚੁਣੀ ਸੀ ਤੇ ਓਹ ਭਾਰਤ ਦਾ ਦਿਮਾਗ਼ ਸਾਬਤ ਹੋਏ। ਰਿਸ਼ੀ ਮੁਨੀ ਤਾਂ ਗਾਂ ਨੂੰ ਮਾਤਾ ਹੀ ਕਹਿੰਦੇ ਸਨ, ਫੇਰ ਦੁੱਧ ਤੇ ਬੁੱਧ ਨੂੰ ਘਟੀਆ ਕਿਵੇਂ ਕਿਹਾ ਜਾ ਸਕਦਾ ਹੈ। ਹਾਂ ਸਾਇੰਸਦਾਨਾਂ ਨੇ ਮਾਂ ਦੇ ਦੁੱਧ ਨੂੰ ਬੱਚੇ ਵਾਸਤੇ ਸਰਵ ਸ੍ਰੇਸ਼ਟ ਕਿਹਾ ਹੈ। ਓਸਦੀ ਘਾਟ ਵੱਲਭ ਜੀ ਨੂੰ ਜ਼ਰੂਰ ਵਿਆਪੀ ਹੈ। ਪਰ ਇਕ ਗੱਲ ਜੋ ਸਭ ਤੋਂ ਉਪਰ ਹੈ ਓਹ ਹੈ—ਪੁਨਰ ਜਨਮ।

ਜੇ ਸਚ ਮੁਚ ਹੀ ਪੁਨਰ ਜਨਮ ਨੂੰ ਅਸੀਂ ਸੱਚੇ ਅਰਥਾਂ ਵਿਚ ਮੰਨਦੇ ਹਾਂ, ਤਾਂ ਫੇਰ ਏਹੋ ਹੀ ਸਮਝ ਵਿਚ ਔਂਦਾ ਹੈ ਕਿ ਸਾਡਾ ਸੁਭਾ ਵੀ ਸਾਡੇ ਨਾਲ ਹੀ ਜਨਮ ਲੈਂਦਾ ਹੈ। ਤੇ ਅਸੀਂ ਹੁਣ ਬਾਬਾ ਬੀਰ ਸਿੰਘ ਜੀ ਚੁੰਨ੍ਹੀ ਬਾਬਤ ਹੀ ਵਿਚਾਰ ਕਰ ਸਕਦੇ ਹਾਂ। ਬਾਬਾ ਜੀ ਦੀ ਗੱਲ ਮੈਨੂੰ ਤਾਂ ਏਹੋ ਲਗਦੀ ਹੈ —

ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥

ਬਾਬਾ ਜੀ ਨੇ ਸਾਰਾ ਜੀਵਨ ਗੁਰੂ ਜੀ ਤੇ ਸਾਧ ਸੰਗਤ ਦੀ ਸੇਵਾ ਵਿਚ ਬਿਤਾ ਦਿਤਾ ਸੀ। ਦਾਤਾ ਦਾਤਾਰ ਵਾਲੀ ਤਾਂ ਗੱਲ ਕੋਈ ਨਹੀਂ ਸੀ।

ਕੁਬੇਰ – ਧਨ ਕੁਬੇਰ

ਜੇ ਡੂੰਘਾ ਵਿਚਾਰ ਨਾਲ ਵੇਖਿਆ ਜਾਵੇ ਤਾਂ ਮੈਂ ਏਹ ਵਿਸ਼ਾ ਆਪਣੀ ਸਮਰੱਥਾ ਤੋਂ ਬਾਹਰ ਦਾ ਚੁਣ ਲਿਆ ਹੈ। ਮੈਂ ਵੀ ਕੀ ਕਰਾਂ। ਛੋਟੇ ਹੁੰਦਿਆਂ ਦੇ ਸਾਥੀ ਹੋਣ ਕਰਕੇ ਆਮ ਆਦਮੀ ਹੀ ਮੈਥੋਂ ਪੁਛ ਲੈਂਦਾ ਹੈ ਕਿ ਸਤਿਗੁਰਾਂ ਦੇ ਦਰਬਾਰ ਵਿਚ ਦੋਹਾਂ ਭਰਾਵਾਂ ਵਿਚ ਏਹ ਤਫ਼ਰਕਾ ਕਿਵੇਂ?

ਭਲੇ ਮਾਣਸਾਂ ਨੂੰ ਪੁਛਣ ਵਾਲਾ ਕੋਈ ਹੋਵੇ ਪਈ ਏਹ ਫ਼ਰਕ ਤਾਂ ਗੁਰੂ ਨਾਨਕ ਦੇਵ ਜੀ ਦੇ ਵੇਲੇ ਤੋਂ ਹੀ ਤੁਰਿਆ ਔਂਦਾ ਹੈ। ਲਖਮੀ ਚੰਦ ਜੀ ਸ਼ਿਕਾਰੀ ਬਣ ਗਏ। ਤੇ ਸ੍ਰੀ ਚੰਦ ਜੀ ਉਦਾਸੀ ਸਾਧੂ। ਤੇ ਗੁਰਬਾਣੀ ਵਿਚ ਸਪਸ਼ਟ ਲਿਖਿਆ ਹੈ—

ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ਹ ਮੁਰਟੀਐ॥

– – – –

ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨ॥

ਮੈਂ ਗੁਰੂ ਨਾਨਕ ਦੇਵ ਜੀ ਦੇ ਪੁੱਤ੍ਰਾਂ ਦੀ ਗੱਲ ਕੀਤੀ ਹੈ। ਗੁਰੂ ਹਰਿ ਰਾਇ ਜੀ ਦੀ ਆਪਣੇ ਪੁੱਤ੍ਰ ਨਾਲ ਨਾ ਬਣੀ, ਰਾਮ ਰਾਏ ਜੀ ਨਾਲ ਅਤੇ ਪੰਜਵੇਂ ਪਾਤਸ਼ਾਹ ਨਾਲ ਵੀ ਓਹਨਾਂ ਦੇ ਭਰਾਵਾਂ ਦੀ ਨਾ ਬਣੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਮਹਾਰਾਜ ਨੌਨਿਹਾਲ ਸਿੰਘ ਜੀ ਦੀ ਨਾ ਬਣੀ। ਤੇ ਜੇ ਮਹਾਰਾਜ ਬੀਰ ਸਿੰਘ ਜੀ ਤੇ ਸਤਿਗੁਰੂ ਜਗਜੀਤ

ਸਿੰਘ ਜੀ ਦੀ ਵੀ ਆਪਸ ਵਿਚ ਹੁਣ ਨਹੀਂ ਬਣ ਰਹੀ ਤਾਂ ਏਸ ਵਿਚ ਵੀ ਕੋਈ ਕਾਰਨ ਹੀ ਹੋ ਸਕਦਾ ਹੈ। ਆਓ ਆਪਾਂ ਕਾਰਨ ਦੀ ਜਾਂਚ ਕਰੀਏ।

ਦੇਵਤਿਆਂ ਦਾ ਸਰਦਾਰ ਦੇਵਤਾ ਹੈ ਕੁਬੇਰ। ਜਿਸਦੀ ਆਪਣੀ ਵੱਖਰੀ ਨਗਰੀ ਹੈ ਤੇ ਆਪਣਾ ਵੱਖਰਾ ਰਾਜ ਪ੍ਰਬੰਧ। ਜਿਵੇਂ ਪੋਪ ਦੀ ਨਗਰੀ – ਪਰ ਓਹ ਹੈ ਇੰਦ੍ਰ ਦੇਵਤੇ ਦਾ ਖਜਾਨਚੀ। ਓਸੇ ਨੇ ਕਦੇ ਅਜੇਹਾ ਧਰਮ ਕਰਮ ਨਹੀਂ ਕੀਤਾ ਜਿਸ ਵਿਚ ਓਸ ਨੂੰ ਖਜ਼ਾਨਾ ਲੁਟੌਣਾਂ ਪਿਆ ਹੋਵੇ। ਦੇਵਤਿਆਂ ਦੀਆਂ ਧਨ ਸੰਪਤੀ ਦੀਆਂ ਸਾਰੀਆਂ ਲੋੜਾਂ ਓਹ ਪੂਰੀਆਂ ਕਰਦਾ ਹੈ ਜਦੋਂ ਵੀ ਦੇਵਤਿਆਂ ਨੂੰ ਜ਼ਰੂਰਤ ਹੁੰਦੀ ਹੈ। ਪਰ ਏਸ ਤਰ੍ਹਾਂ ਨਹੀਂ।

ਜ਼ਰੂਰਤ ਵੇਲੇ ਪਹਿਲਾਂ ਇੰਦ੍ਰ ਆਪਣੇ ਦੂਸਰੇ ਮਸ਼ੀਰਾਂ ਨੂੰ ਕੁਬੇਰ ਕੋਲ ਭੇਜਦਾ ਹੈ। ਤੇ ਜਦੋਂ ਕੁਬੇਰ ਸੁਆਲ ਜੁਆਬ ਕਰਕੇ ਪੁਛਦਾ ਹੈ ਕਿਉਂ? ਕਿਸ ਵਾਸਤੇ? ਏਹ ਧਨ ਉਜਾੜਨ ਵਾਸਤੇ ਨਹੀਂ ਮਿਲ ਸਕਦਾ। ਏਹ ਲਛਮੀ ਹੈ। ਭਗਵਾਨ ਦੀ ਪਿਆਰੀ ਲਛਮੀ। ਜਿਸਦੀ ਅਰਾਧਨਾ ਕਰਨੀ ਪੈਂਦੀ ਹੈ। ਤੇ ਓਸ ਨੂੰ ਸੰਤੁਸ਼ਟ ਕਰਨਾ ਪੈਂਦਾ ਹੈ। ਫੇਰ ਲੋੜ ਅਨੁਸਾਰ ਮਿਲਦੀ ਹੈ। ਜਾਓ! ਏਹ ਬਚਿਆਂ ਦੀ ਖੇਡ ਨਹੀਂ।

ਫੇਰ ਇੰਦ੍ਰ ਦੇਵ ਅਪਸਰਾਂ ਨੂੰ ਭੇਜਦੇ ਹੈਨ ਮਾਇਆ ਪ੍ਰਾਪਤੀ ਵਾਸਤੇ। ਓਹ ਨਾਚ ਗਾਣੇ ਤੇ ਉਸਤਤੀ ਕਰਕੇ, ਕੁਬੇਰ ਦੇਵਤੇ ਨੂੰ ਪ੍ਰਸੰਨ ਕਰਦੀਆਂ ਹੈਨ –ਕੁਬੇਰ ਕਹਿੰਦੇ ਹੈਨ :-

ਮੈਂ ਤੁਹਾਡੇ ਉਤੇ ਵਡਾ ਪ੍ਰਸੰਨ ਹੋਇਆ ਹਾਂ ਮੰਗੋ, ਕੀ ਚਾਹੀਦਾ ਹੈ ਤੁਹਾਨੂੰ। ਅਪਸਰਾਂ ਖੁਸ਼ ਹੋ ਕੇ ਕਹਿੰਦੀਆਂ ਹਨ– "ਅਰਬ ਖਰਬ ਕਰੋੜ ਦੀ ਲੋੜ ਹੈ ਇੰਦ੍ਰ ਦੇਵ ਨੂੰ। ਤੁਸੀਂ ਕਿਰਪਾ ਕਰਕੇ ਖਜ਼ਾਨਚੀ ਨੂੰ ਹੁਕਮ ਦਿਓ ਤੇ ਹਾਥੀਆਂ ਉਤੇ ਲਦਾ ਕੇ ਧਨ ਦੌਲਤ ਇੰਦ੍ਰਾ ਪੁਰੀ ਭੇਜ ਦਿਓ।"

ਕੁਬੇਰ ਜੀ ਫੁਰਮੌਂਦੇ ਹੈਨ–

"ਕੋਈ ਹੋਰ ਵਰ ਮੰਗੋ। ਇੰਦ੍ਰ ਨੂੰ ਲੋੜ ਸੀ ਤਾਂ ਓਸ ਨੂੰ ਖੁਦ ਔਣਾ ਚਾਹੀਦਾ ਸੀ। ਤੁਹਾਨੂੰ ਉਸ ਨੇ ਕਿਉਂ ਭੇਜਿਆ ਹੈ? ਤੁਸੀਂ ਤਾਂ ਸਾਰੇ ਧਨ ਨੂੰ ਗਹਿਣੇ ਤੇ ਹਾਰ ਸ਼ਿੰਗਾਰ ਉਤੇ ਹੀ ਖਰਚ ਕਰ ਦੇਣਾ ਹੈ ਕੀਮਤੀ ਧਨ ਤੇ ਬਨਾਰਸੀ ਸਾੜੀਆਂ ਖ੍ਰੀਦ ਲੈਣੀਆਂ ਹੈਨ। ਪਤਾ ਹੈ ਏਹ ਪੈਦਾ ਕਿਵੇਂ ਹੁੰਦਾ ਹੈ? ਏਸ ਦੀ ਕਦਰ ਕੀਮਤ ਰਾਜੇ ਕਰਨ ਤੋਂ ਪੁਛੋ ਜੋ ਆਪਣੀ ਬਲੀ ਦੇ ਕੇ ਸਵਾ ਮਣ ਸੋਨਾਂ ਪ੍ਰਾਪਤ ਕਰਦਾ ਹੈ। ਜਾਓ ਦੌੜ ਜਾਓ।"

ਫੇਰ ਦੇਵਾਨ ਦੇਵ ਇੰਦ੍ਰ ਦੇਵ ਔਂਦੇ ਹੈਨ ਤੇ ਲੋੜ ਮੁਤਾਬਕ ਧਨ ਪਦਾਰਥ ਲੈ ਜਾਂਦੇ ਹੈਨ। ਮੇਰਾ ਨਿਸ਼ਕਰਸ਼ ਤਾਂ ਏਹ ਹੈ ਕਿ ਧਨ ਪਦਾਰਥ ਸਾਂਭਣਾਂ ਸਭ ਤੋਂ ਔਖਾ ਹੈ ਤੇ ਕਮੌਣਾ ਕੁਝ ਸੌਖਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਤਾਂ ਪੈਸਾ ਵਰਤਨਾ ਹੀ ਸਿਖਿਆ ਹੈ। ਫੇਰ

ਉਨ ਸੰਗ ਕਿਵੇਂ ਬਨ ਆਵੇ ਕਵੀ ਪ੍ਰੀਤਮ ਕੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਉਦਾਰਤਾ ਦੀ ਵੀ ਗੱਲ ਸੁਣ ਲਓ। ਏਹਨਾਂ ਦਾ ਸੁਭਾਉ ਸਚਮੁਚ ਸ਼ਿਵਜੀ ਮਹਾਰਾਜ ਜੈਸਾ ਹੈ। ਜੱਟ ਨੇ ਛਲੀਆਂ ਭੁੰਨ ਕੇ ਖਵਾ ਦਿਤੀਆਂ। ਤਾਂ ਉਸ ਨੂੰ ਕਿਹਾ ਮੰਗ ਜੋ ਕੁਝ ਤੈਨੂੰ ਚਾਹੀਦਾ ਹੈ। ਜੋ ਉਸ ਮੰਗਿਆ ਸਭ ਕੁਝ ਦੇ ਕੇ ਨਾਲ ਹੀ ਏਹ ਵੀ ਆਖ ਦਿਤਾ ਕਿ ਏਸ ਤੋਂ ਦੂਣਾ ਓਸ ਨੂੰ ਮਿਲੇਗਾ ਜਿਹੜੇ ਗੁਆਂਢੀ ਜੱਟ ਦੀਆਂ ਤੂੰ ਦੋ ਛਲੀਆਂ ਤੋੜਕੇ ਲਿਆਇਆ ਹੈਂ। ਚਲੋ ਏਹ ਤਾਂ ਹੋਈ ਗੱਲਾਂ ਚੋ ਗੱਲ।

ਹੁਣ ਮੈਂ ਤੁਹਾਨੂੰ ਏਹਨਾਂ ਦੀ ਕਿਰਪਾ ਦ੍ਰਿਸ਼ਟੀ ਦੀ ਗੱਲ ਦਸਦਾ ਹਾਂ। ਪਹਿਲਾਂ ਤਾਂ ਏਹਨਾਂ ਖੁਸ਼ੀਆਂ ਦੇ ਭੰਡਾਰ ਮਰਾਸੀਆਂ ਤੇ ਬ੍ਰਾਹਮਣਾਂ ਵਾਸਤੇ ਖੋਲ ਦਿਤੇ। ਜੋ ਤੰਬੂਰਾ, ਤਾਊਸ ਜਾਂ ਜੋੜੀ ਲੈ ਕੇ ਆਣ ਹਾਜ਼ਰ ਹੋਇਆ, ਉਸੇ ਨੂੰ ਹਜ਼ਾਰਾਂ ਰੁਪਏ ਦਾਨ ਦੇ ਦਿਤੇ।

ਜਿਸ ਨੇ ਸਿਤਾਰ ਸੁਣਾ ਦਿਤੀ ਓਸ ਦੀਆਂ ਤਾਂ ਪੰਜੇ ਹੀ ਘੀ ਵਿਚ ਸਨ। ਦਿਲੀ ਵਿਚ ਇਕ ਮਿਸ਼ਰਾ ਬੰਧੂ(ਰਾਜਨ-ਸਾਜਨ) ਹੋਏ ਹੈਨ। ਜਿੰਨ੍ਹਾਂ ਨੂੰ ਮਹੀਨੇ ਦੇ ਮੁਸ਼ਕਲ ਨਾਲ ਚਾਰ ਚਾਰ ਸੌ ਰੁਪਏ ਮਿਲਦੇ ਸਨ। ਓਹਨਾਂ ਨੂੰ ਵੀ ਕਿਸੇ ਨੇ ਉਂਗਲ ਲਾ ਦਿਤੀ ਅਤੇ ਇਕ ਦਿਨ ਰਾਜਨ ਸਾਜਨ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦਰਗਾਹ ਵਿਚ ਆਣ ਹਾਜ਼ਰ ਹੋਏ।

ਓਹਨਾਂ ਨੂੰ ਪੈਸੇ ਤਾਂ ਦਿਤੇ ਹੀ ਦਿਤੇ। ਦੋ ਲਖ ਰੁਪਈਆ ਦੇ ਕੇ ਇਕ ਕੋਠੀ ਵੀ ਬਣਵਾ ਦਿਤੀ।

ਹੁਣ ਲੇਖਕਾਂ ਉਤੇ ਦਿਆਲੂ ਹੋਏ ਹੋਏ ਹਨ। ਜਿਨ੍ਹਾਂ ਨੂੰ ਸਾਈਕਲ ਚਲੌਣਾ ਨਹੀਂ ਔਂਦਾ ਓਹਨਾਂ ਨੂੰ ਕਾਰਾਂ ਦੀ ਬਖਸ਼ੀਸ ਕਰ ਦਿੰਦੇ ਹਨ। ਚੰਗਾ ਹੋਵੇ ਜੇ ਇਕ ਇਕ ਪੈਟਰੋਲ ਪੰਪ ਵੀ ਓਹਨਾਂ ਨੂੰ ਲੁਆ ਦਿਆ ਕਰਨ।

ਜਿੰਨ੍ਹਾਂ ਬ੍ਰਾਹਮਣਾਂ ਤੇ ਮਰਾਸੀਆਂ ਨੂੰ ਏਹਨਾਂ ਨੇ ਰਜਾਇਆ ਓਹਨਾਂ ਨੇ ਏਹਨਾਂ ਕੋਲੋ ਏਹਨਾਂ ਦੇ ਹੀ ਸੁਸਿਖਿਅਤ ਰਾਗੀ ਤੇ ਵਜੰਤ੍ਰੀ ਮੁੰਡੇ ਖੋਹ ਲਏ। ਹੈਨਾ 'ਅੱਗ ਲੈਣ ਆਈ ਘਰ ਵਾਲੀ ਬਣ ਬੈਠੀ।'

ਛੋਟੇ ਹੁੰਦੇ ਵੀ ਬੇਅੰਤ ਜੀ ਵੱਧ ਤੋਂ ਵੱਧ ਖਰਚ ਕਰਦੇ ਸਨ। ਓਸ ਜ਼ਮਾਨੇ ਵਿਚ ਇਕ ਵਾਰ ਏਹਨਾਂ ਸਿਰ ਉਧਾਰ ਦਾ ੩੦ ਹਜ਼ਾਰ ਹੋ ਗਿਆ ਸੀ ਜੋ ਏਹਨਾਂ ਹੌਲੀ ਹੌਲੀ ਲਾਹ ਦਿਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਇਕ ਵਾਰ ਕਿਹਾ ਸੀ - ਵੱਡਾ ਕਾਕਾ ਬਹੁਤ ਖਰਚੀਲਾ ਹੈ। ਖਰਚ ਬਹੁਤ ਕਰਦਾ ਹੈ। ਏਹ ਗੱਲ ਓਸ ਵੇਲੇ ਦੀ ਹੈ ਜਦੋਂ ਸਾਰੇ ਭੈਣੀ ਸਾਹਿਬ ਦਾ ਖਰਚ ਕੇਵਲ ਤਿੰਨ ਹਜ਼ਾਰ ਰੁਪਏ ਮਹੀਨਾ ਸੀ। ਲੋਹ ਲੰਗਰ ਸਮੇਤ।

ਲਓ ਇਕ ਹੋਰ ਗੱਲ ਸੁਣਾ ਲਵਾਂ। ਕੀ ਕਰਾਂ ਗੱਲ ਰਾਹ ਰੋਕ ਖਲੋ ਜਾਂਦੀ ਹੈ, ਫੇਰ ਕਰਨੀ ਹੀ ਪੈਂਦੀ ਹੈ। ਖਰਚ ਦੀ ਗੱਲ ਤਾਂ ਹੋਰ ਹੈ। ਸਤਿਗੁਰੂ ਜੀ ਨੇ, ਇਹ ਵੀ ਮੁਸਕਰਾ ਕੇ ਆਖ ਦਿੱਤਾ ਸੀ ਕਿ ਇਹ ਤਾਂ ਸਾਡੇ ਗੱਲਾਂ ਦੇ ਕਪੜੇ ਵੀ ਵੰਢ ਦੇਵੇਗਾ। ਗੱਲ ਇਉਂ ਹੋਈ ਕਿ ੧੯੪੭ ਈਸਵੀ ਵਿੱਚ ਦੇਸ਼ ਦੀ ਵੰਢ ਸਮੇਂ ਉਜੜ ਕੇ ਆਏ ਸਿੱਖਾਂ ਨੂੰ ਕੋਠੀ ਚੁਚਾਲ (ਸ੍ਰੀ ਜੀਵਨ ਨਗਰ) ਤੋਂ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਦਾਣੇ ਤੇ ਕਪੜਾ ਮਿਲਦਾ ਸੀ। ਦਾਣੇ ਫੌਜਾ ਸਿੰਘ ਗੀਗੇਵਾਲੀ ਦਾ ਵਰਤਾਉਂਦਾ ਸੀ ਤੇ ਕਪੜਾ ਮਾਸਟਰ ਬਲਵੰਤ ਸਿੰਘ ਜੀ। ਸਿੱਖਾਂ ਦੀ ਘੁਸਰ ਮੁਸਰ ਤੋਂ ਫੌਜਾ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਸਿੱਖ ਆਖਦੇ ਹਨ ਕਿ ਮਾਸਟਰ ਜੀ ਆਪ ਦੇ ਹੁਕਮ ਦੇ ਉਲਟ ਹੱਥ ਘੁੱਟ ਕੇ ਕਪੜਾ ਦੇਂਦੇ ਨੇ। ਉਹਨਾਂ ਦੇ ਕਹਿਣ ਤੇ ਸਤਿਗੁਰੂ ਜੀ ਨੇ ਬੇਅੰਤ ਜੀ ਨੂੰ ਲਾ ਦਿੱਤਾ। ਕਪੜਾ ਤਾਂ ਇਹ ਵਰਤਾਉਣ ਪਰ ਹੌਲ ਪੈਣ ਲੱਗਾ ਮਾਸਟਰ ਜੀ ਨੂੰ। ਹੈਂ ! ਏਨ੍ਹਾਂ ਖੁੱਲ੍ਹਾ ਕਪੜਾ। ਜਦ ਉਹਨਾਂ ਅੰਦਰ ਗੱਲ ਹਜ਼ਮ ਨਾ ਹੋਈ ਤਾਂ ਉਹਨਾਂ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਇੰਝ ਵਰਤਾਇਆਂ ਕਪੜੇ ਦੀ ਤੋਟ ਆ ਗਈ ਤਾਂ ਫਿਰ ਕੀ ਕਰਾਂਗੇ। ਸਤਿਗੁਰੂ ਜੀ ਨੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਦ ਕੇ ਮਾਸਟਰ ਦੀ ਗੱਲ ਦੱਸੀ ਤੇ ਕਿਹਾ ਉਹ ਕਹਿੰਦਾ ਹੈ ਸੰਕੋਚ ਵਰਤੋ। ਇਹਨਾਂ ਨੇ ਨਿਰਮਤਾ ਨਾਲ ਕਿਹਾ ਸੱਚੇ ਪਾਤਸ਼ਾਹ ਜੀ ਕਪੜੇ ਨਹੀਂ ਘਟਦੇ, ਅਜੇ ਤਾਂ ਸਿਆਮੋਂ ਆਂਦੇ ਦੇ ਸੰਦੂਕ ਭੂਰੇ ਪਏ ਨੇ। ਤਾਂ ਸਤਿਗੁਰੂ ਜੀ ਨੇ ਮਾਸਟਰ ਜੀ ਨੂੰ ਕਿਹਾ ਇਹ ਤਾਂ ਸਾਡੇ ਗਲਾਂ ਦੇ ਕਪੜੇ ਵੀ ਵੰਡੇਗਾ, ਤੇਰਾ ਚੇਲਾ ਇਸ ਪੱਖੋਂ ਨਿੱਕਾ ਹੀ ਹੈ। ਇੰਝ ਲੱਗਾ ਜਿਵੇਂ ਸਤਿਗੁਰੂ ਜੀ ਨੇ ਇਕ ਦੇ ਸਖੀ ਸੁਭਾਅ ਅਤੇ ਦੂਜੇ ਦੇ ਹੱਥ ਘੁੱਟ

ਕੇ ਵਰਤਣ ਤੇ ਮੋਹਰ ਲਾ ਦਿੱਤੀ ਹੋਵੇ।

ਇਕ ਦਿਨ ਅਸੀਂ ਫਿਰਨ ਤੁਰਨ ਗਏ ਤਾਂ ਸਾਡਾ ਸੇਬ ਲੈਣ ਨੂੰ ਜੀਅ ਕੀਤਾ। ਸਾਡੀ ਜੇਬ ਵਿੱਚ ਰੁਪਈਏ ਤਾਂ ਸਨ ਪਰ ਖੋਟੇ। ਅਸਾਂ ਸੋਚਿਆ ਵੇਖੀਏ ਜੇ ਚਲ ਜਾਣ ਤੇ ਖੋਟੇ ਰੁਪਈਏ ਚਲ ਗਏ ਤੇ ਸਾਨੂੰ ਉਹਨਾਂ ਦੇ ਸੇਬ ਮਿਲ ਗਏ। ਅਸੀਂ ਮੁਸਕਰਾਈਏ ਤੇ ਖੁਸ਼ ਹੋਈਏ।

ਉਥੇ ਅਨੂੰਹੇ ਬਹੁਤ ਸਨ। ਇੰਝ ਸਮਝੋ ਕਿ ਹੇਠਾਂ ਉਤੇ ਲੱਗੇ ਫਿਰਦੇ ਸਨ। ਪਰ ਸ਼ਾਇਦ ਉਹਨਾਂ ਨੂੰ ਵੀ ਸੋਝੀ ਸੀ ਕਿ ਇਹ ਭਜਨ ਬਾਣੀ ਕਰਨ ਵਾਲੇ ਜੀਵ ਹਨ ਸੋ ਉਹ ਲੜੇ ਕਿਸੇ ਨੂੰ ਨਹੀਂ।

ਹੁਣ ਆਪਾਂ ਮਹਾਰਾਜ ਬੀਰ ਸਿੰਘ ਜੀ ਦਾ ਸੁਭਾਅ ਵੇਖਦੇ ਹਾਂ। ਏਹ ਗੱਲ ਮੇਰੀ ਸੁਣੀ ਸੁਣਾਈ ਹੀ ਹੈ। ਸੱਚ ਝੂਠ ਨੂੰ ਇਹ ਦੋਵੇਂ ਭ੍ਰਾਤਾ ਜਾਣਦੇ ਹੈਨ ਜਾਂ ਅੱਲਾ ਤਾਲਾ। ਸੌਤਗੁਰੂ ਜਗਜੀਤ ਸਿੰਘ ਜੀ ਦਾ ਕਾਫਲਾ ਦਿਲੀ ਨੂੰ ਰਵਾਨਾ ਹੋ ਰਿਹਾ ਸੀ। ਹਜੂਰੀ ਡਰਾਈਵਰ ਨੇ ਮਹਾਰਾਜ ਬੀਰ ਸਿੰਘ ਜੀ ਤੋਂ ਪੈਸੇ ਮੰਗੇ। ਮਹਾਰਾਜ ਜੀ ਨੇ ਪੰਜਾਹ ਰੁਪਏ ਦੇ ਦਿਤੇ। ਡਰਾਈਵਰ ਕਹਿਣ ਲਗਾ ਬਸ!

ਮਹਾਰਾਜ ਜੀ ਕਿਹਾ — ਤੁਹਾਨੂੰ ਤਾਂ ਦਿੱਲੀ ਪਹੁੰਚਣ ਤੋਂ ਪਹਿਲਾਂ ਹੀ ਵਾਧੂ ਮਾਇਆ ਮਿਲ ਜਾਣੀ ਹੈ ਤੇ ਦਿੱਲੀ ਜਾ ਕੇ ਤਾਂ ਤੁਸੀਂ ਗੱਡੀਆਂ ਦੀਆਂ ਟੈਂਕੀਆਂ ਭਰਾ ਲੈਣੀਆਂ ਨੇ। ਵਾਧੂ ਰੁਪਏ ਤੁਸੀਂ ਕੀ ਕਰਨੇ ਹੈਨ?

ਬਸ ਏਨੀ 'ਗਲ' ਹੀ ਸੀ, ਜੋ ਵਧਦੀ ਵਧਦੀ 'ਗਲੈਂੜ' ਬਣ ਗਈ। ਪਾਠਕਾਂ ਨੇ ਨਿਆਂ ਦੀ ਤੱਕੜੀ ਮੈਨੂੰ ਫੜਾ ਦਿਤੀ ਹੈ। ਮੈਂ ਦਸੋ! ਕਿਸ ਦਾ ਕਸੂਰ ਦਸਾਂ? ਮੈਂ ਏਹਨਾਂ ਦੀ ਲੜਾਈ ਵਿਚ ਨਹੀਂ ਔਣਾ ਚਾਹੁੰਦਾ। ਕਿਉਂਕਿ ਏਥੇ ਏਹ ਵੀ ਹੋ ਸਕਦਾ ਹੈ—

ਖੇਲ ਸੰਕੋਚੈ ਤਉ ਨਾਨਕ ਏਕੈ।

ਹੁਣ ਤੁਸੀਂ ਯਾਦ ਕਰੋ – ਮਾਤਾ ਭੂਪਿੰਦ੍ਰ ਕੌਰ ਜੀ ਦੀ ਮੁੰਦ੍ਰੀ ਦੀ ਵਾਰਤਾ ਅਤੇ ਸ੍ਰਦਾਰ ਹਮੀਰ ਸਿੰਘ ਜੀ ਦੇ ਪਿੰਡਾਂ ਦੇ ਪਿੰਡ ਖ੍ਰੀਦਣ ਦੀਆਂ ਕਹਾਣੀਆਂ। ਬਸ, ਇਸ਼ਾਰਾ ਹੀ ਕਾਫੀ ਹੈ —

ਘੋੜੇ ਮਰਦ ਪਰਖੀਏ ਰਗ ਨਾਨੇਹਾਰੀ।

ਰਿੰਡ ਖਰਬੂਜ਼ਾ

ਵੱਲਭ ਜੀ ਸਾਡੇ ਨਾਲੋਂ ਕਾਫੀ ਛੋਟੇ ਸਨ। ਓਹ ਮੇਰੇ ਨਾਲ ਹੱਸ ਖੇਡ ਵੀ ਲੈਂਦੇ ਸਨ ਤੇ ਅਖਾੜੇ ਵਿਚ ਘੁਲ ਵੀ ਪੈਂਦੇ ਸਨ। ਪਰ ਮੇਰੀ ਤੇ ਓਹਨਾਂ ਦੀ ਲੜਾਈ ਕਦੇ ਨਹੀਂ ਸੀ ਹੋਈ। ਨਾ ਹੀ ਓਹ ਤੇ ਬੇਅੰਤ ਜੀ ਹੀ ਕਦੇ ਲੜਦੇ ਝਗੜਦੇ – ਮੈਨੂੰ ਦਿਸੇ ਸਨ। ਵਲਭ ਜੀ ਨਾਲ ਮੇਰਾ ਰਾਬਤਾ ਅਸਲੋਂ ਵਖਰੇ ਢੰਗ ਦਾ ਸੀ। ਜਿਸ ਵਿਚ ਹਾਸਾ ਖੇਡ ਅਸਲੋਂ ਨਹੀਂ ਸੀ। ਵੇਲ ਬੂਟਿਆਂ ਦਾ ਸ਼ੌਕ ਓਹਨਾਂ ਨੂੰ ਵੀ ਬਹੁਤ ਸੀ ਤੇ ਮੈਨੂੰ ਵੀ। ਕੋਠੀ ਦੇ ਮਾਲੀ ਨੂੰ ਕਦੇ ਓਹਨਾਂ ਪੁਛਿਆ ਨਹੀਂ ਸੀ, ਪਰ ਵੇਖ ਕੇ ਹੀ ਕੁਝ ਨਾ ਕੁਝ ਅੰਦਾਜ਼ੇ ਸਾਡੇ ਚਲਦੇ ਰਹਿੰਦੇ ਸਨ। ਅਸੀਂ ਇਕ ਗੁਲਾਬ ਉਤੇ ਚਾਰ ਰੰਗਾਂ ਦੀ ਪਿਉਂਦ ਕੀਤੀ। ਜਿਸ ਵਿਚੋਂ ਇਕ ਮਰ ਗਿਆ ਅਤੇ ਤਿੰਨ ਪਿਉਂਦਾਂ ਨੇ ਬਹੁਤ ਖੂਬ-ਸੂਰਤ ਰੰਗ ਖਿੜਾਏ। ਅਸੀਂ ਏਸ ਕਾਮਯਾਬੀ ਉਤੇ ਬਹੁਤ ਖੁਸ਼ ਸਾਂ। ਤੇ ਹੁਣ ਅਸੀਂ ਆਪਣੇ ਆਪ ਨੂੰ – ਹਕੀਮ ਪੰ: ਦਿਲਾ ਰਾਮ ਸਮਝਣ ਲਗ ਪਏ ਸਾਂ। ਜਿਸਨੇ ਇਕ ਵਾਰ ਏਹ ਆਖ

ਕੇ ਸਨਸਨੀ ਫੈਲਾ ਦਿਤੀ ਸੀ ਕਿ ਦੱਸ ਤੈਨੂੰ ਖੁਆਕੇ ਰਾਜ਼ੀ ਕਰਾਂ ਕਿ ਬਿਨਾਂ ਖੁਆਏ ਪਿਆਏ ਹੀ ਨੌਂ-ਬਰ-ਨੌਂ ਕਰ ਦਿਆਂ?

ਗੱਲ ਇਹ ਸੀ ਕਿ ਮਹਾਰਾਜਾ ਕਪੂਰਥਲੇ ਦਾ ਸਾਹਬਜ਼ਾਦਾ ਮਾੜੀ ਸੰਗਤ ਵਿਚ ਪੈ ਕੇ ਬੀਮਾਰ ਹੋ ਗਿਆ। ਓਸ ਨੂੰ ਆਤਸ਼ਕ ਜੇਹੀ ਭੈੜੀ ਬੀਮਾਰੀ ਲਗ ਗਈ ਸੀ। ਵਿਆਹ ਦਾ ਦਿਨ ਨੀਯਤ ਹੋ ਚੁਕਾ ਸੀ। ਐਨ ਮੌਕੇ ਉਤੇ ਪਤਾ ਲਗਾ ਕਿ ਜਿਸਨੂੰ ਅਸੀਂ ਵਿਆਹੁਣ ਚਲੇ ਹਾਂ - ਓਹ ਤਾਂ ਬਿਮਾਰ ਹੈ। ਭਾ ਦੀ ਬਣ ਗਈ ਸਭ ਦੇ। ਮਹਿਲਾਂ ਵਿਚ ਸ਼ੋਰ ਪੈ ਗਿਆ। ਦਿਲੀ ਵਿਚੋਂ ਹਕੀਮ ਪੰ: ਦਿਲਾ ਰਾਮ ਨੂੰ ਸਦਿਆ ਗਿਆ ਤੇ ਸਾਰੀ ਗੱਲ ਓਸ ਨੂੰ ਦਸ ਦਿਤੀ ਗਈ। ਓਸ ਸਾਹਿਬਜ਼ਾਦੇ ਨੂੰ ਸੱਦ ਕੇ ਕਿਹਾ—

ਦੱਸ! ਤੈਨੂੰ ਦੁਆਈ ਖਵਾਕੇ ਠੀਕ ਕਰਾਂ ਕਿ ਬਿਨਾਂ ਖੁਆਏ ਪਿਆਏ ਹੀ — ਤੰਦਰੁਸਤ ਕਰ ਦਿਆਂ?

ਬਿਨਾਂ ਖੁਆਏ ਪਿਆਏ ਹੀ ਠੀਕ ਕਰੋ ਤਾਂ ਮੰਨੀਏ।

ਹਕੀਮ ਸਾਹਿਬ ਨੇ ਖਸ ਦੀ ਟੱਟੀ ਵਿਚ ਦੁਆਈਆਂ ਛਿੜਕਾ ਦਿਤੀਆਂ। ਅਤੇ ਛੱਤ ਵੀ ਦੁਆਈਆਂ ਨਾਲ ਹੀ ਤਰ ਕਰ ਦਿਤੀ। ਤਿੰਨ ਦਿਨ ਖੱਸ ਦੀ ਟੱਟੀ ਵਿਚ ਬੈਠਣ ਨਾਲ ਹੀ ਸਾਬ੍ਹਜ਼ਾਦਾ ਠੀਕ ਹੋ ਗਿਆ। ਅਤੇ ਹਕੀਮ ਸਾਹਿਬ ਦੀ ਸਾਰੇ ਭਾਰਤ ਵਿਚ ਹੋ ਗਈ ਬੱਲੇ ਬੱਲੇ।

ਤੇ ਅਸੀਂ ਵੀ ਆਪਣੇ ਆਪ ਨੂੰ ਹਕੀਮ ਪੰ: ਦਿਲਾ ਰਾਮ ਸਮਝਣ ਲਗ ਪਏ, ਤਿੰਨਾਂ ਰੰਗਾ- ਬਿਰੰਗੇ ਗੁਲਾਬਾਂ ਦੀ ਪਿਉਂਦ ਪਿਛੋਂ।

ਕੋਠੀ ਵਿਚ ਪਪੀਤੇ ਜਿਸਨੂੰ ਪੰਜਾਬੀ ਵਿਚ ਰਿੰਡ ਖਰਬੂਜ਼ਾ ਕਿਹਾ ਜਾਂਦਾ ਸੀ ਮਾਲੀ ਨੇ ਲਾ ਰਖੇ ਸਨ। ਜਦੋਂ ਓਹ ਜੁਆਨ ਹੋਏ ਬਹੁਤ ਹੀ ਆਕਰਸ਼ਕ ਤੇ ਮਨਮੋਹਣੇ ਲਗਦੇ ਸਨ ਸਾਨੂੰ। ਜਦੋਂ ਓਹਨਾਂ ਦੇ ਚੌੜੇ ਚੌੜੇ ਪਤਿਆਂ ਉਤੇ ਬਾਰਸ਼ ਪੈਂਦੀ ਤਾਂ ਸਾਨੂੰ ਓਹ ਦੇਵ ਲੋਕ ਦੇ ਬੂਟੇ ਲਗਦੇ। ਜਿੰਨ੍ਹਾਂ ਦੀ ਰੰਗੀਨੀ ਅਜ ਵੀ ਮਨ ਵਿਚ ਓਸੇ ਤਰ੍ਹਾਂ ਹੀ ਤਰੋ ਤਾਜ਼ਾ ਹੈ।

ਮੈਂ ਤੇ ਵੱਲਭ ਜੀ ਨੇ ਸੋਚਿਆ ਕਿ ਅਸੀਂ ਵੀ ਆਪ ਰਿੰਡ ਖਰਬੂਜ਼ਾ ਤਿਆਰ ਕਰੀਏ। ਮੌਸਮ ਸੌਣ ਭਾਦ੍ਰੋਂ ਦਾ ਸੀ। ਤੇ ਮੈਂ ਕਿਤੋਂ ਰਿੰਡ ਖੱਗ ਲਿਆਂਦਾ ਤੇ ਵੱਲਭ ਜੀ ਨੇ ਖਰਬੂਜ਼ੇ ਦੀ ਵੇਲ ਲਭ ਲਈ। ਅਸੀਂ ਕਈ ਦਿਨ ਬੜੀ ਮਿਹਨਤ ਕੀਤੀ ਤੇ ਰੋਜ਼ ਖਰਬੂਜ਼ੇ ਦੀ ਵੇਲ ਦੀ ਅੱਖ, ਅਰਿੰਡ ਉਤੇ ਟੱਕ ਲਾਕੇ ਬੰਨ੍ਹ ਦਿੰਦੇ। ਜਿਵੇਂ ਗੁਲਾਬ ਬੰਨ੍ਹੇ ਸਨ ਤੇ ਓਹ ਸੁੱਕ ਜਾਂਦੀ। ਸਾਡੀ ਏਸ ਕਾਰਸਤਾਨੀ ਦਾ ਜਿਸਦਾ ਭੇਦ ਅਸੀਂ ਬਹੁਤ ਹੀ ਗੁਪਤ ਰਖਿਆ ਸੀ ਕਿਸੇ ਤਰ੍ਹਾਂ ਬੇਅੰਤ ਜੀ ਨੂੰ ਚਲ ਗਿਆ। ਓਹਨਾਂ ਸਾਡੀ ਬੜੀ ਖਿੱਲੀ ਉਡਾਈ। ਤੇ ਕੋਠੀ ਦੇ ਮਾਲੀ ਅੱਲਾ ਬਖਸ਼ ਨੂੰ ਸਾਰੀ ਗਲ ਜਾ ਦੱਸੀ। ਓਹ ਬੜਾ ਹੱਸਿਆ। ਜੇਹੜਾ ਆਦਮੀ ਸਾਡੀ ਕਹਾਣੀ ਸੁਣੇ ਹੱਸਦਾ ਹੱਸਦਾ ਢਿਡ ਫੜਕੇ ਬਹਿ ਜਾਵੇ।

ਅੱਲਾ ਬਖਸ਼ ਨੇ ਮੈਨੂੰ ਤੇ ਵੱਲਭ ਜੀ ਨੂੰ ਸੱਦ ਕੇ ਸਮਝਾਇਆ ਕਿ ਪੱਤੇ ਰਿੰਡ ਨਾਲ ਮਿਲਦੇ ਜੁਲਦੇ ਹੋਣ ਕਰਕੇ ਹੀ ਅਸੀਂ ਪੰਜਾਬੀ ਏਸ ਨੂੰ ਰਿੰਡ ਖਰਬੂਜ਼ਾ ਕਹਿ ਦਿੰਦੇ ਹਾਂ, ਪਰ ਏਹ ਰਿੰਡ ਖਰਬੂਜ਼ਾ ਨਹੀਂ ਸਗੋਂ ਪਪੀਤਾ ਹੈ। ਤੇ ਏਹ ਬਦੇਸੀ ਬੂਟਾ ਹੈ ਜੋ ਪਿਉਂਦ ਨਹੀਂ ਹੁੰਦਾ। ਆਹ ਲਓ ਏਸ ਦੇ ਬੀਜ ਤੇ ਤੁਸੀਂ ਵੀ ਉਗਾ ਲਓ ਪਪੀਤੇ। ਤੇ ਏਸ ਤਰ੍ਹਾਂ ਅਸੀਂ ਦੋਵੇਂ ਹਕੀਮ ਪੰ: ਦਿਲਾ ਰਾਮ ਬਣਦੇ ਬਣਦੇ ਰਹਿ ਗਏ।

ਯਾਦ ਸੁਹਾਣੀ ਆਈ

ਵੱਲਭ ਜੀ (ਮਹਾਰਾਜ ਬੀਰ ਸਿੰਘ ਜੀ) ਸਾਥੋਂ ਬਹੁਤ ਛੋਟੇ ਸਨ। ਮੈਂ (ਰਜਿੰਦ੍ਰ ਸਿੰਘ) ਤੇ ਬੇਅੰਤ ਜੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਆਹਿਸਤਾ ਆਹਿਸਤਾ ਜੁਆਨੀ ਚੜ੍ਹ ਰਹੇ ਸਾਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਲਾਨਾ ਨਿਤਨੇਮ ਚਾਲੀਹਾ ਪਹਾੜਾਂ ਵਿਚ ਕਟਣ ਦਾ ਮਨ ਬਣਾ ਲਿਆ ਸੀ।

ਪਹਿਲੀ ਵਾਰ ਵਧੀਆ ਪਹਾੜਾਂ ਦੇ ਦਰਸ਼ਨ, ਓਹ ਵੀ ਸ੍ਰੀ ਸਤਿਗੁਰੂ ਜੀ ਨਾਲ ਅਤੇ ਮਨ ਭਾਂਵਦੇ ਸਾਥੀਆਂ ਨਾਲ। ਏਸ ਤੋਂ ਅਸਚਰਜ-ਜਨਕ ਘਟਨਾ ਸਾਡੇ ਵਾਸ੍ਤੇ ਹੋਰ ਕੀ ਹੋ ਸਕਦੀ ਸੀ। ਹੁਣ ਤੋਂ ਕਈ ਸਾਲ ਪਹਿਲੀਆਂ ਘਟਨਾਵਾਂ ਅਜ ਤੋਂ ਏਨੀਆਂ ਵੱਖਰੀਆਂ ਸਨ ਕਿ ਅੱਜ ਤੁਸੀਂ ਓਸਦੀ ਕਲਪਨਾ ਵੀ ਨਹੀਂ ਕਰ ਸਕਦੇ। ਹਾਤਮਤਾਈ ਇਸਮੇ-ਅਜ਼ਮ ਦੀ ਸ਼ਕਤੀ ਨਾਲ ਓਹਨਾਂ ਥਾਵਾਂ ਉਤੇ ਪਹੁੰਚ ਗਿਆ ਜਿੱਥੇ ਨਾ ਹਵਾ ਦੀ ਪਹੁੰਚ ਹੈ ਨਾ ਸੂਰਜ ਦੀ।

ਹਰ ਮੋੜ ਉਤੇ ਜਾਨ ਦਾ ਖਤਰਾ। ਹਰ ਇਕ ਥਾਂ ਅਲੰਘ ਨੂੰ ਲੰਘਣਾ ਪੈਂਦਾ ਸੀ। ਇਤਿਹਾਸ ਜਾਂ ਮਿਥਿਹਾਸ ਅਰਬਾਂ ਦੀ ਏਹ ਸਭ ਤੋਂ ਖ਼ੂਬਸੂਰਤ ਕਹਾਣੀ ਹੈ ਅਲਫ਼ ਲੈਲਾ। ਔਖਿਆਈਆਂ ਤਾਂ ਹਾਤਮ ਨੇ ਝੱਲੀਆਂ ਪਰ ਓਹਨਾਂ ਨੂੰ ਪੜ੍ਹ ਕੇ ਅਜ ਸਾਰੀ ਦੁਨੀਆਂ ਹੀ ਸੁਆਦ ਸੁਆਦ ਹੋ ਜਾਂਦੀ ਹੈ। ਪਰ ਏਹ ਲਿੱਲ ਹੈ – ਜਿਸ ਨੂੰ ਪੈ ਜਾਵੇ। ਜਿਵੇਂ ਅਜ ਗਿਣ, ਮਿਥ ਕੇ ਲੋਕ ਐਵਰੈਸਟ ਤੇ ਚੜ੍ਹਦੇ ਹੈਨ ਤੇ ਮਰਦੇ ਵੀ ਹੈਨ। ਪਰ ਜਦੋਂ ਅਸੀਂ ਓਹਨਾਂ ਦੀ ਚੜ੍ਹਾਈ ਨੂੰ ਟੈਲੀਵੀਜ਼ਨ 'ਤੇ ਵੇਖਦੇ ਹਾਂ – ਓਹ ਨਜ਼ਾਰਾ ਭੁਲਾਇਆਂ ਵੀ ਨਹੀਂ ਭੁਲਦਾ। ਪਲ ਜੇਹੜਾ ਬੀਤ ਗਿਆ ਓਹ ਕਿਤਨਾ ਵੀ ਮੁਸ਼ਕਿਲ ਕਿਉਂ ਨਾ ਹੋਵੇ, ਇਕ ਸੁਹਾਣੀ ਯਾਦ ਹੀ ਬਣ ਜਾਂਦਾ ਹੈ।

ਓਸ ਵੇਲੇ ਦਾ ਸਾਡਾ ਸਫਰ ਵੀ ਅੱਜਕਲ ਦੀ ਤਰ੍ਹਾਂ ਦਾ ਨਹੀਂ ਸੀ। ਪਰ ਸ੍ਰੀ ਸਤਿਗੁਰੂ ਜੀ ਦੇ ਵਰਦ ਹਸਤ ਸਾਡੇ ਉਤੇ ਹੋਣ ਕਰਕੇ ਏਹ ਔਖਿਆਈਆਂ ਸਾਡੇ ਵਾਸਤੇ, ਸੁੱਖਾਂ ਦੀ ਸਵੇਰ ਬਣ ਗਈਆਂ ਸਨ। ਪਹਿਰ ਦਾ ਤੜਕਾ, ਭੈਣੀ ਸਾਹਿਬ ਤੋਂ ਦੋ ਮੀਲ ਪੈਦਲ ਲਾਟੋਂ ਫੇਰ ਤਾਂਗਿਆਂ ਦੀ ਘਰੜ ਘਰੜ। ਰੋੜਾਂ ਦੀਆਂ ਸੜਕਾਂ। ਰਾਹ ਵਿਚ ਜੇ ਕੋਈ ਮਿਲ ਵੀ ਜਾਂਦਾ ਓਹ ਗੱਡਾ ਹੀ ਹੁੰਦਾ। ਜਾਂ ਬਹੁਤ ਸ਼ੋਖ ਤਾਂਗੇ ਵਾਲਾ, ਜੋ ਲਲਕਾਰਾ ਮਾਰਕੇ ਸਾਥੋਂ ਅਗੋ ਲੰਘ ਜਾਣ ਦੀ ਕੋਸ਼ਸ਼ ਕਰਦਾ। ਦੋ ਘੰਟੇ ਦਾ ਚੌਦਾਂ ਮੀਲ ਲੰਮਾਂ ਸਫਰ ਤੇ ਫੇਰ ਲੁਧਿਆਣਾ ਜਲੰਧਰ ਤੇ ਹੁਸ਼ਿਆਰਪੁਰ। ਦਸ ਗਿਆਰਾਂ ਵਜੇ ਜਦੋਂ ਅਸੀਂ ਹੁਸ਼ਿਆਰਪੁਰ ਸਟੇਸ਼ਨ ਤੇ ਉਤਰੇ – ਓਸ ਵੇਲੇ ਹੋਰ ਸਮਾਨ ਤੋਂ ਬਿਨਾਂ ਸਾਡੇ ਕੋਲ ਤੰਬੂਰੇ ਜੋੜੀ ਤੇ ਤਾਊਸ ਸਨ। ਏਸ ਤਰ੍ਹਾਂ ਅਸੀਂ ੧੨-੧੩ ਵਿਦਿਆਰਥੀ 'ਤੇ ਇਕ ਸਤਿਗੁਰੂ ਜੀ ਦਾ ਸੇਵਕ ਤੇ ਇਕ ਲਾਂਗਰੀ।

ਸਾਡੇ ਬੱਚਿਆਂ ਦੀ ਵਧੀਆ ਸਫੈਦ ਬਸਤਰਾਂ ਦੀ ਸੱਜ ਧੱਜ ਲੋਕਾਂ ਵਿਚ ਅਜੀਬ ਖਿੱਚ ਪੈਦਾ ਕਰਦੀ ਸੀ। ਜਦੋਂ ਲੋਕਾਂ ਨੇ ਸਾਡੇ ਸਾਜ, ਗਿਲਾਫਾਂ ਵਿਚ ਵਲ੍ਹੇਟੇ ਹੋਏ ਵੇਖੇ

ਤਾਂ ਸ਼ੋਖ਼ ਮਿਜਾਜ ਤੇ ਹੁਸ਼ਿਆਰਪੁਰ ਤੇ ਜਲੰਧਰ ਦੇ ਸੰਗੀਤ ਦੇ ਸ਼ੌਕੀਨ ਬਾਰ ਬਾਰ ਪੁੱਛਦੇ – "ਸਿੰਘ ਸਾਹਿਬ! ਅੱਜ ਕਿੱਥੇ ਮਹਿਫ਼ਿਲ ਸਜਾਓਗੇ?"

ਸਾਡਾ ਜੁਆਬ ਹੁੰਦਾ ਅਸੀਂ ਤਾਂ ਦੂਰ ਦੇ ਮੁਸਾਫ਼ਰ ਹਾਂ ਅਤੇ ਬੜੀ ਦੂਰ ਦਾ ਸਾਡਾ ਪੈਂਡਾ ਹੈ। ਪਰ ਪੁਛਣ ਵਾਲੇ ਪੁੱਛਦੇ ਹੀ ਚਲੇ ਗਏ।

ਅੱਕ ਕੇ ਸਾਹਿਬਜ਼ਾਦਿਆਂ ਦੇ ਸੇਵਕ ਗੁਰਬਖਸ਼ ਸਿੰਘ ਅਮਲੀ (ਇਹ ਅੱਲ ਸੀ) ਨੇ ਇਕ ਜੁਆਬ ਘੜ ਲਿਆ। ਬਸ, ਨੌ ਵਜੇ ਗਾਂਧੀ ਗਰਾਊਂਡ ਵਿਚ।

ਪਹਾੜ ਨੂੰ ਜਾਣ ਵਾਲੀ ਬੱਸ ਦੇ ਡਰਾਈਵਰ ਨੂੰ ਚਾ ਚੜ੍ਹ ਗਿਆ, ਏਨੀਆਂ ਕੱਠੀਆਂ ਸਵਾਰੀਆਂ ਵੇਖਕੇ। ਓਸ ਵੇਲੇ ਬੱਸਾਂ ਘੰਟਿਆਂ ਬੱਧੀ ਇੰਤਜ਼ਾਰ ਕਰਦੀਆਂ ਸਵਾਰੀਆਂ ਦਾ। ਪਰ ਸਵਾਰੀਆਂ ਸਨ ਕਿ ਅੱਜਕਲ ਦੇ ਬਾਗੜੀ ਪਰਿਵਾਰਾਂ ਵਾਂਗ ਆਪ ਦੀਆਂ ਲਤਾਂ ਦੇ ਆਸਰੇ ਹੀ ਡੰਗ ਟਪਾ ਲੈਂਦੀਆਂ। ਪੰਜ ਚਾਰ ਕੋਹ ਦੇ ਸਫਰ ਨੂੰ ਤਾਂ ਕਹਿੰਦੇ ਆਹ, ਆਹ ਖੜਾ ਹੈ ਪਿੰਡ। ਕਿਧਰੋਂ ਦੁਆਨੀ ਦਿਆਂਗੇ ਤਾਂਗੇ ਜਾਂ ਬੱਸ ਵਾਲਿਆਂ ਨੂੰ –

ਬੱਸ ਵਿਚ ਅਸੀਂ ਹੀ ੧੨-੧੫ ਸਵਾਰੀਆਂ ਸਾਂ। ਤੇ ਬਾਕੀ ਸਾਰੀ ਬੱਸ ਭਾਂ ਭਾਂ ਹੀ ਕਰਦੀ ਸੀ। ਅਤੇ ਉਤੇ ਆ ਕੇ ਬੱਸ ਨੇ ਅੱਧਾ ਘੰਟਾ ਉਡੀਕ ਕੀਤੀ। ਅਤੇ ੫-੬ ਸਵਾਰੀਆਂ ਹੋਰ ਲੈ ਕੇ ਡਰਾਈਵਰ ਚੱਲਦਾ ਬਣਿਆ।

ਡੇਹਰਾ ਗੋਪੀ ਪੁਰ ਕੋਲੋ ਦਰਿਆ ਬਿਆਸ ਨੂੰ ਪਾਰ ਕਰਨਾ ਸੀ। ਪਰ ਏਥੇ ਪੁਲ ਕੋਈ ਨਹੀਂ ਸੀ। ਇਟਾਂ ਪਥਰਾਂ ਉਤੋਂ ਬੁੜ੍ਹਕਦੀ ਬਸ ੨੦ ਮੀਲ ਦੀ ਰਫਤਾਰ ਉਤੇ ਵੀ ਇਉਂ ਜਾਪਦਾ ਸੀ ਜਿਵੇ ੯੦ ਮੀਲ ਦੀ ਰਫਤਾਰ ਉਤੇ ਦੌੜ ਰਹੀ ਹੋਵੇ। ਦਰਿਆਓਂ ਪਾਰ ਬਸ ਉਡੀਕ ਰਹੀ ਸੀ ਸਾਡੀ ਬੱਸ ਨੂੰ । ਏਸੇ ਵਾਸਤੇ ਹੀ ਡਰਾਈਵਰ ਹੋਰ ਸਵਾਰੀਆਂ ਦੀ ਉਡੀਕ ਨਹੀਂ ਸੀ ਕਰ ਸਕਦਾ।

ਅਸੀਂ ਦਰਿਆ ਦੇ ਕੰਢੇ ਜੋਹੜਾ ਨਜ਼ਾਰਾ ਵੇਖਿਆ, ਓਹ ਬੜਾ ਹੀ ਨਿਵੇਕਲੀ ਕਿਸਮ ਦਾ ਸੀ। ਮੇਰਾ ਮੋਢਾ ਹਲੂਣ ਕੇ ਬੇਅੰਤ ਜੀ ਕਿਹਾ — ਵੇਖ ਓਏ ਰਜਿੰਦ੍ਰ ਕਿਵੇਂ ਮੱਝਾਂ ਉਤੇ ਚੜ੍ਹਕੇ ਲੋਕ ਦਰਿਆ ਪਾਰ ਕਰ ਰਹੇ ਨੇ।

ਸਾਡਾ ਸਾਰਿਆਂ ਦਾ ਹੀ ਧਿਆਨ ਓਸੇ ਪਾਸੇ ਲਗ ਗਿਆ। ਅਸਲ ਵਿਚ ਓਹ ਮੱਝਾਂ ਨਹੀਂ ਸਨ ਸਗੋਂ ਮੱਝਾਂ ਦੇ ਸਬੂਤੇ ਚਮੜੇ ਨੂੰ ਸਿਉਂਕੇ ਵਿਚ ਫੂਕ ਭਰ ਕੇ ਫੁਲਾਈਆਂ "ਬੁਘੇਲਾਂ" ਸਨ। ਜਿਨ੍ਹਾਂ ਉਤੇ ਚੜੇ ਮਾਛੀ ਪਤਾ ਨਹੀਂ ਕੀ ਕਰ ਰਹੇ ਸਨ। ਸਾਨੂੰ ਤਾਂ ਇਵੇਂ ਜਾਪਿਆ ਜਿਵੇਂ ਸ਼ੌਕੀਆ ਤਾਰੀਆਂ ਲਾ ਰਹੇ ਹੋਣ।

ਮੈਂ ਬੇਅੰਤ ਜੀ ਨੂੰ ਕਿਹਾ ਹੁਣ ਤੁਸੀਂ ਵੀ ਹਾਤਮਤਾਈ ਦਾ ਮੁਕਾਬਲਾ ਕਰਨ ਲਗ ਪਏ ਹੋ। ਤੇ ਬੁਘੇਲਾਂ ਨੂੰ ਮੱਝਾਂ ਦਸਦੇ ਹੋ। ਸਾਰੀ ਗਲ ਹਾਸੇ ਠੱਠੇ ਵਿਚ ਹੀ ਲਪੇਟੀ ਗਈ। ਬਿਆਸਾ ਝਨਾਂ ਵਾਂਗ ਠਾਠਾਂ ਨਹੀਂ ਸੀ ਮਾਰ ਰਿਹਾ ਸਗੋ "ਧੀਰੇ ਵਹੋ ਗੰਗਾ" ਦੀ ਤਰ੍ਹਾਂ ਸ਼ਾਂਤੀ ਨਾਲ ਪਰ, ਬਹੁਤ ਤੇਜ਼ ਰਫ਼ਤਾਰ ਉਤੇ ਵਹਿ ਰਿਹਾ ਸੀ। ਛੋਟੀਆਂ ਛੋਟੀਆਂ ਦੋ ਕਿਸ਼ਤੀਆਂ ਉਤੇ ਅਸੀਂ ਸਵਾਰ ਹੋ ਗਏ। ਹਰ ਪਲ ਹਰ ਘੜੀ ਨਵੇਂ ਨਵੇਂ ਅਲੌਕਿਕ ਦ੍ਰਿਸ਼ ਸਾਨੂੰ ਮੰਤਰ-ਮੁਗਧ ਕਰ ਰਹੇ ਸਨ।

ਬਿਆਸਾ ਦਾ ਏਹ ਇਕ ਕਿਸਮ ਦਾ ਪੱਤਣ ਹੀ ਸੀ ਕਿਸ਼ਤੀਆਂ ਰਾਹੀਂ ਪਾਰ ਹੋਣ ਦਾ। ਚੌੜਾਈ ਤੇ ਡੂੰਘਾਈ ਦੋਨੋਂ ਹੀ ਅਥਾਹ ਸਨ। ਪਰ ਸਾਡੀ ਖੱਲੜੀ ਵਿਚ ਡਰ ਬਿਲਕੁਲ ਨਹੀਂ ਸੀ। ਜਿਸਦੀ ਵਜਾ ਸੀ ਸਰਹਿੰਦ ਨਹਿਰ। ਜਿਸਦੇ ਅਸੀਂ ਸਾਰੇ ਹੀ ਤੈਰਾਕ ਸਾਂ।

ਅਤੇ ਸੋਲਾਂ ਫੁਟ ਡੂੰਘੀ ਤੇ ਪੰਜ ਸੌ ਫੁਟ ਚੌੜੀ ਨਹਿਰ ਸਾਡੇ ਵਾਸਤੇ ਰਾਤ ਦਿਨ ਤੈਰਨ ਤੇ ਮੌਜ ਮਸਤੀ ਮਾਰਨ ਦੀ 'ਨ੍ਰਿਤਸ਼ਾਲਾ' ਹੀ ਸੀ। ਇਕ ਵਾਰ ਭਰੀ ਪੂਰੀ ਨਹਿਰ ਵਿਚ ਅਸੀਂ ਕਈ ਮੁੰਡੇ ਤਿੰਨ ਮੀਲ ਵਿਚੇ ਵਿਚ ਹੀ ਤਰੇ ਸਾਂ। ਅਤੇ ਸੂਬਾ ਗੁਰਬਖਸ਼ ਸਿੰਘ ਜੀ ਚਕ ਵਾਲੇ ਜੋ ਸਾਡੇ ਨਾਲ ਹੀ ਤੈਰ ਰਹੇ ਸਨ ਅਤੇ ਸਾਡੇ ਜੋਰ ਕਰੌਣ ਦੇ ਉਸਤਾਦ ਸਨ, ਭੈਣੀ ਸਾਹਿਬ ਆ ਕੇ ਕਹਿਣ ਲਗੇ —

ਅਜ ਤੁਹਾਨੂੰ ਨਵੀਂ ਗਲ ਦੱਸਾਂ?

ਪਾਂਚ ਬਰਖ ਕਾ ਬਾਲਕਾ ਤੀਨ ਮੈਲ ਤਰ ਗਿਆ।

ਅਸਲ ਗੱਲ ਏਹ ਸੀ, ਕਿ ਦਲੀਪ ਸਿੰਘ ਜਿਸ ਨੂੰ ਨਿਕੇ ਹੁੰਦੇ ਨੂੰ ਸੰਤ ਹਰਭਜਨ ਸਿੰਘ ਜੀ ਨੇ ਧ੍ਰੂ ਦੀ ਪਦਵੀ ਦੇ ਰਖੀ ਸੀ, ਓਸੇ ਗੱਲ ਨੂੰ ਯਾਦ ਕਰਕੇ ਤੇ ਗੁਰਬਾਣੀ ਦੀ ਏਹ ਪੰਗਤੀ ਯਾਦ ਵਿਚ ਲਿਆ ਕੇ -

ਪਾਂਚ ਬਰਖ ਕੋ ਅਨਾਥ ਧ੍ਰੂ ਬਾਲਕ ਹਰਿ ਸਿਮਰਤ ਅਮਰ ਅਟਾਰੇ।

ਨੂੰ ਧਿਆਨ ਵਿਚ ਰਖਕੇ ਹੀ ਸੂਬਾ ਜੀ ਨੇ ਏਹ ਅਖਾਂਣ ਜੋੜ ਲਿਆ ਸੀ। ਓਸ ਤਰ੍ਹਾਂ ਦਲੀਪ ਸਿੰਘ ਅਨਦਾਹੜੀਆ ਜੁਆਨ ਹੋ ਚੁੱਕਾ ਸੀ।

ਦਰਿਆਓਂ ਪਾਰ ਖੜਵਾਂ ਸਿਧਾ ਪਹਾੜ ਸੀ। ਰੇਤੀਲੇ ਪੱਥਰਾਂ ਦਾ ਪਹਾੜ ਬਾਰਸ਼ ਨਾਲ ਪੱਥਰ ਖੁਰ ਖੁਰ ਕੇ ਪਹਾੜ ਦੇ ਮੱਥੇ ਉਤੇ ਬਹੁਤ ਹੀ ਖੂਬਸੂਰਤ ਮਹਿਰਾਬਾਂ ਤੇ ਕਈ ਹਾਥੀ ਦੇ ਸੁੰਡ ਤੇ ਅਜੀਬ ਅਜੀਬ ਆਕਿਰਤੀਆਂ ਬਣ ਗਈਆਂ ਸਨ। ਜੀ ਤਾਂ ਕਰਦਾ ਸੀ, ਪਹਾੜ ਦੇ ਉਤੇ ਚੜ੍ਹ ਕੇ ਏਸ ਨਜ਼ਾਰੇ ਨੂੰ ਦੋ ਤਿੰਨ ਘੰਟੇ ਹੋਰ ਮਾਣਿਆ ਜਾਂਦਾ। ਪਰ ਸਾਹਮਣੇ ਬਸ ਪਾਂ ਪਾਂ ਕਰ ਰਹੀ ਸੀ। ਕਾਂਗੜੇ ਤੇ ਪਾਲਮਪੁਰ ਨੂੰ ਦੌੜ ਲੌਣ ਵਾਸਤੇ।

ਗੁਰਬਖਸ਼ ਸਿੰਘ "ਅਮਲੀ" ਬੇਅੰਤ ਜੀ ਦਾ ਸੇਵਕ ਬਹੁਤ ਹੰਢਿਆ ਵਰਤਿਆ ਤੇ ਸਿਆਣਾ ਆਦਮੀ ਸੀ। ਹੁਸ਼ਿਆਰ ਪੁਰ ਤੋਂ ਤੁਰਨ ਲਗਿਆਂ ਓਸ ਨੇ ਡਰਾਈਵਰ ਨੂੰ ਕਹਿ ਦਿਤਾ ਸੀ "ਅਸੀਂ ਬਸ ਦੀਆਂ ਫਸਟ ਸਵਾਰੀਆਂ ਹਾਂ। ਸਾਡੇ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਸਾਹਿਬਜ਼ਾਦੇ ਹੈਨ – ਜਿਸ ਵਾਸਤੇ ਹੁਣ ਅਸੀਂ ਸੁਪਰ ਫਸਟ ਸਵਾਰੀਆਂ ਬਣ ਗਏ ਹਾਂ ਬਸ ਦੀਆਂ। ਮਿਹਰਬਾਨੀ ਕਰਕੇ ਸਭ ਤੋਂ ਅਗੇ ਦੀਆਂ ਦੋ ਸੀਟਾਂ ਤੇ ਸਾਹਿਬਜ਼ਾਦਿਆਂ ਦੀਆਂ ਹੈਨ। ਓਸ ਤੋਂ ਪਿਛਲੀਆਂ ਅੱਠ ਸੀਟਾਂ ਵੀ ਸਾਡੀਆਂ ਹੈਨ। ਬਾਕੀ ਆਦਮੀ ਸਾਡੇ ਪਿਛੇ ਬੈਠ ਜਾਣਗੇ। ਏਸ ਵਾਸਤੇ ਸਾਡੀਆਂ ਦਸ ਅਗਲੀਆਂ ਸੀਟਾਂ ਕਿਸੇ ਵੀ ਹਾਲਤ ਵਿਚ ਰੁਕਣੀਆਂ ਨਹੀਂ ਚਾਹੀਦੀਆਂ। ਏਹ ਤੇਰੀ ਜ਼ਿੰਮੇਵਾਰੀ ਹੈ। ਅਗਲੀ ਬਸ ਦੀਆਂ ਸੀਟਾਂ ਲੈ ਕੇ ਦੇਣ ਦੀ।

ਕਾਂਗੜੇ ਦੀ ਬਸ ਦੇ ਡਰਾਈਵਰ ਨੂੰ ਸਾਡੀ ਬਸ ਦੇ ਡਰਾਈਵਰ ਨੇ ਸਾਰੀ ਗਲ ਸਮਝਾ ਦਿਤੀ। ਪਰ ਪਹਾੜ ਦੇ ਡਰਾਈਵਰ ਨੇ ਹੱਥ ਜੋੜ ਕੇ ਸਾਨੂੰ ਆਖਿਆ ਕਿ ਅਗਲੀਆਂ ਦੋ ਸੀਟਾਂ ਉਤੇ ਏਸ ਇਲਾਕੇ ਦਾ ਥਾਨੇਦਾਰ ਤੇ ਥਾਨੇਦਾਰਨੀ ਜਾ ਰਹੇ ਨੇ। ਜਿੰਨਾਂ ਨਾਲ ਸਾਨੂੰ ਰੋਜ਼ਾਨਾ ਵਾਹ ਪੈਂਦਾ ਹੈ। ਓਹਨਾਂ ਅਗਲੀਆਂ ਦੋਂਹ ਸੀਟਾਂ ਤੋਂ ਬਿਨਾਂ ਸਾਰੀ ਬਸ ਤੁਹਾਡੀ ਹੈ।

ਸਾਨੂੰ ਓਸ ਦੀ ਬੇਨਤੀ ਮੰਨਣੀ ਪਈ ਤੇ ਬੇਅੰਤ ਜੀ ਅਤੇ ਵੱਲਭ ਜੀ ਸਾਡੇ ਵਿਚਾਲੇ ਆਣ ਬੈਠੇ। ਹੁਣ ਮੈਂ ਤੁਹਾਨੂੰ ਬੱਚਿਆਂ ਦੀ ਬੱਚਿਆਂ ਵਾਲੀ ਗੱਲ ਦਸਦਾ ਹਾਂ। ਗਿਆਨੀ ਬਲਵੰਤ ਸਿੰਘ ਜੀ ਪੜ੍ਹ ਲਿਖ ਕੇ ਬਹੁਤ ਸਿਆਣੇ ਹੋ ਗਏ ਸਨ। ਸਾਰੀਆਂ ਚੱਲਾਂ ਬੜੇ ਠਹਿਰਾ ਨਾਲ ਕਰਦੇ ਸਨ। ਪੂਰੇ ਕਥੱਕੜ ਸਨ। ਪਰ ਹਰ ਕੰਮ ਕਰਨ ਵਿਚ ਢਿੱਲੇ।

ਰੋਟੀ ਖਾਣ ਵੇਲੇ ਦੋ ਦੋ ਘੰਟੇ ਲਾ ਦਿੰਦੇ। ਨਾਲੇ ਗੱਲਾਂ ਵੱਢੀ ਜਾਂਦੇ ਤੇ ਨਾਲੇ ਹੌਲੀ ਹੌਲੀ ਉਗਾਲੀ ਕਰੀ ਜਾਂਦੇ। ਤੁਹਾਡੇ ਨਾਲੋਂ ਦੋ ਪੰਗਤਾਂ ਉਠ ਬੈਠੀਆਂ ਹੈਨ ਮੈਂ ਗਿਆਨੀ ਜੀ ਨੂੰ ਕਿਹਾ-ਪਰ ਤੁਸੀਂ ਅਜੇ ਅੱਧ ਵਿਚ ਹੀ ਅੱਪੜੇ ਹੋ?

ਮੈਨੂੰ ਕਹਿਣ ਲਗੇ-ਗੱਲ ਸੁਣ ਲੈ ਮੇਰੀ-ਸਾਰੀ ਦੁਨੀਆਂ ਰੋਟੀਆਂ ਵਾਸਤੇ ਧੰਦਾ ਪਿਟਦੀ ਹੈ – "ਰੋਟੀਆਂ ਕਾਰਨ ਪੂਰਹਿ ਤਾਲ।"

ਜੇ ਰੋਟੀ ਹੀ ਸੁਆਦ ਨਾਲ ਨਹੀਂ ਖਾਧੀ, ਤਾਂ ਬਾਕੀ ਧੰਦਾ ਪਿਟਣ ਦਾ ਫੈਦਾ ਕੀ। ਅਸੀਂ ਨਿਰੁੱਤਰ ਹੋ ਜਾਂਦੇ। ਪਰ ਅਜ ਅਸੀਂ ਓਸ ਢਿੱਲ ਦਾ ਓਹਨਾਂ ਤੋਂ ਬਦਲਾ ਲੈ ਲਿਆ ਸੀ। ਅਸੀਂ ਸਾਰਿਆਂ ਨੇ ਹੌਲੇ ਹੌਲੇ ਤੇ ਕਾਬੂ ਵਿਚ ਔਣ ਵਾਲੇ ਸਾਜ਼ ਚੱਕ ਲਏ ਸਨ। ਮੈਂ ਤਾਊਸ, ਝੀਤਾ (ਦਲੀਪ ਸਿੰਘ) ਜੋੜੀ, ਚੰਦ੍ਰਹਾਂਸ ਨੇ ਵਾਜਾ ਤੇ ਗਿਆਨੀ ਜੀ ਦੇ ਹਿਸੇ ਆ ਗਿਆ ਸੀ ਤੰਬੂਰਾ।

ਬਸ ਦੇ ਸਫਰ ਵਿਚ ਤੰਬੂਰੇ ਨੂੰ ਕੰਟਰੋਲ ਹੇਠਾਂ ਰਖਣਾਂ ਸਭ ਤੋਂ ਔਖਾ ਕੰਮ ਹੈ। ਓਸ ਵੇਲੇ ਗਿਆਨੀ ਜੀ ਦੀ ਤੋਂਦ ਅਸਲੋਂ ਨਹੀਂ ਸੀ। ਅਤੇ ਤੰਬੂਰਾ ਹੀ ਅੱਜ ਓਹਨਾਂ ਦੀ ਗੋਗੜ ਬਣ ਗਿਆ ਸੀ। ਓਸ ਤਰ੍ਹਾਂ ਜੇ ਅਜ ਤੁਸੀਂ ਗਿਆਨੀ ਜੀ ਦੇ ਦਰਸ਼ਨ ਕਰੋ ਤਾਂ ਸਚਮੁਚ ਹੀ ਓਹਨਾਂ ਦਾ ਪੇਟ ਤੰਬੂਰਾ ਬਣ ਗਿਆ ਹੈ।

ਪਾਕਿਸਤਾਨ ਦੇ ਜਿਵੇਂ ਕੱਚੇ ਰਾਹਾਂ ਉਤੇ ਅਜ ਬਸਾਂ ਚਲਦੀਆਂ ਨੇ ਘੜਿਚਕ ਘੜੈਂ – ਘੜਿਚਕ ਘੜੈਂ ਓਸ ਤੋਂ ਵੀ ਬੁਰੀ ਹਾਲਤ ਸੀ ਓਸ ਵੇਲੇ ਪਹਾੜੀ ਸੜਕਾਂ ਦੀ। ਨਾਮ ਹੀ ਸੜਕ ਸੀ। ਓਸ ਤਰ੍ਹਾ ਪੈਦਲ ਸਵਾਰੀਆਂ ਵੀ ਸੜਕ ਤੋਂ ਬਚ ਕੇ ਡੰਡੀ ਡੰਡੀ ਹੀ ਤੁਰਨਾ ਪਸੰਦ ਕਰਦੀਆਂ ਸਨ। ਗਿਲੀ ਮਿਟੀ ਹੀ ਓਸ ਵੇਲੇ ਸੜਕਾਂ ਦੀ ਲੁੱਕ ਸੀ। ਜੇ ਪੈ ਜਾਂਦੀ ਤਾਂ ਚਾਰ ਦਿਨ ਚੰਗੇ ਲੰਘ ਜਾਂਦੇ, ਨਹੀਂ ਤਾਂ ਓਹੋ ਬੈਂਹਾਂ ਓਹੋ ਕੁਹਾੜੀ।

ਪਹਾੜਾਂ ਦੇ ਥਾਂ ਥਾਂ ਤੇ ਮੋੜ ਅਤੇ ਬਸ ਦੀ ਘੋਂ ਘੋਂ ਅਤੇ ਬਹੁਤ ਲੰਮਾ ਸਫਰ। ਸਾਨੂੰ ਸਾਰਿਆਂ ਨੂੰ ਊਂਘ ਔਣ ਲਗ ਪਈ ਸੀ। ਜਿਵੇਂ ਆਸਾ ਦੀ ਵਾਰ ਵਿਚ ਸਿੰਘ ਜੈਕਾਰਾ ਗਜਾਕੇ ਉਂਘਲੌਂਦਿਆਂ ਨੂੰ ਜਗਾ ਦਿੰਦੇ ਹੈਨ – ਠੀਕ ਓਸੇ ਤਰ੍ਹਾਂ ਜਦੋਂ ਅਸੀਂ ਬੁੜਕ ਕੇ ਛੱਤ ਨਾਲ ਜਾ ਵਜਦੇ ਤਾਂ ਨੀਂਦ ਉਖੜ ਜਾਂਦੀ। ਨਹੀਂ ਤਾਂ ਫੇਰ ਸੀਟ ਦੀ ਬਾਹੀ ਉਤੇ ਸਿਰ ਹੇਠਾਂ ਬਾਂਹ ਰਖ ਕੇ ਉਂਘਲੌਣ ਲਗ ਪੈਂਦੇ।

ਅਸੀਂ ਅੱਠ ਜਣੇ ਤਾਂ ਵਿਚਾਲੜੀ ਟੇਢੀ ਸੀਟ ਉਤੇ ਅੜ ਕੇ ਬੈਠੇ ਹੋਏ ਸਾਂ ਜਿਥੇ ਕਿਸੇ ਦੀ ਵੀ ਹੇਠਾਂ ਡਿਗਣ ਦੀ ਸੰਭਾਵਨਾ ਨਹੀਂ ਸੀ। ਪਰ ਪਿਛਲੀਆਂ ਸੀਟਾਂ ਉਤੇ ਤਾਂ ਸਵਾਰੀਆਂ ਮਸਾਂ ਹੀ ਬਚਦੀਆਂ। ਵਰਨਾਂ ਕੋਈ ਨਾ ਕੋਈ ਸਵਾਰੀ ਜ਼ਰੂਰ ਹੀ, ਬਸ ਦੀ ਫਰਸ਼ ਤੇ ਡਿਗ ਪੈਂਦੀ। ਤੇ ਲੋਕ ਇਕ ਵਾਰ ਹੱਸ ਕੇ ਫੇਰ ਸੌਂ ਜਾਂਦੇ।

ਗਿਆਨੀ ਜੀ ਤੰਬੂਰਾ ਬੁੱਕਲ ਵਿਚ ਲੈ ਕੇ ਸੀਟ ਉਤੇ ਚੌਂਕੜਾ ਮਾਰ ਕੇ ਜਚ ਕੇ ਬੈਠੇ ਹੋਏ ਸਨ। ਇਕ ਵਾਰ ਜਿਓਂ ਉਚੇ ਪਥਰ ਉਤੋਂ ਬਸ ਬੁੜਕੀ, ਗਿਆਨੀ ਜੀ ਚੌਂਕੜਾ ਲਗੇ ਲਗਾਏ ਪਹਿਲਾਂ ਛਤ ਨਾਲ ਵਜੇ ਤੇ ਫੇਰ ਸੀਟ ਤੋਂ ਹੇਠਾਂ ਫਰਸ਼ ਉਤੇ ਜਾ ਡਿਗੇ। ਪਰ ਤੰਬੂਰੇ ਨੂੰ ਆਂਚ ਨਹੀਂ ਔਣ ਦਿਤੀ।

ਜਦੋਂ ਘੋੜ ਦੌੜ ਵਿਚ, ਕੋਈ ਨਿਹੰਗ, ਘੋੜੀ ਉਤੋਂ ਡਿਗ ਕੇ ਮਿਧਿਆ ਜਾਂਦਾ ਹੈ ਤਾਂ ਨਿਹੰਗ ਸਿੰਘ ਜੈਕਾਰਾ ਛਡ ਕੇ ਹੀ ਓਸ ਦੀ ਆਓ ਭਗਤ ਕਰਦੇ ਹਨ।

ਠੀਕ ਏਸੇ ਤਰਾਂ ਹੀ ਜਦੋਂ ਗਿਆਨੀ ਜੀ ਤੰਬੂਰੇ ਸਣੇ ਫਰਸ਼ ਤੇ ਡਿੱਗੇ ਅਸੀਂ ਹੱਸ ਹੱਸ ਕੇ ਦੂਹਰੇ ਹੋ ਗਏ। ਗਿਆਨੀ ਜੀ ਕਹਿਣ ਲਗੇ – "ਮੈਨੂੰ ਕਿਥੋਂ ਵਖਤ ਪਾ ਰਖਿਆ

ਹੈ ਤੰਬੂਰੇ ਨੇ। ਨਾ ਮੈਂ ਵਜੌਣਾ ਤੇ ਨਾ ਹੀ ਏਸ ਨਾਲ ਗੌਣਾਂ ਹੈ। ਏਹ ਅਣ ਜੰਮਿਆ ਢੋਲ ਮੇਰੇ ਕਿਥੋਂ ਪਲੇ ਪੈ ਗਿਆ ਹੈ।"

ਗੱਲ ਗਿਆਨੀ ਜੀ ਦੀ ਵੀ ਠੀਕ ਸੀ। ਓਹ ਤਾਂ ਢੋਲਕ ਛੈਣਿਆਂ ਦੇ ਹੀ ਜਥੇਦਾਰ ਸਨ। ਗੌਣ ਵਜੌਣ ਦੇ ਮਾਸਟਰ ਤਾਂ ਦੋਵੇਂ ਸਾਹਬਜ਼ਾਦੇ, ਦਲੀਪ ਸਿੰਘ ਤੇ ਮੈਂ ਹੀ ਸਾਂ। ਪਰ ਕਿਸਮਤ ਨੇ ਤੰਬੂਰਾ ਓਹਨਾਂ ਦੇ ਮਥੇ ਉਤੇ ਮੜ੍ਹ ਦਿਤਾ ਸੀ। ਤੇ ਅਸੀਂ ਹੁਣ ਫੇਰ ਉਬਾਸੀਆਂ ਲੈਣ ਲਗ ਪਏ ਸਾਂ। ਅਚਾਨਕ, ਬਸ ਅਗੇ ਗਧਿਆਂ ਦਾ ਟੱਬਰ ਆਣ ਖਲੋਤਾ। ਮੈਂ ਆ ਵੇਖਿਆ ਨਾ ਤਾ ਸੁਤ-ਉਣੀਂਦੇ ਨੇ ਰੌਲਾ ਪਾ ਦਿਤਾ — "ਥਾਣੇਦਾਰ ਆ ਗਏ ਥਾਣੇਦਾਰ ਆ ਗਏ।"

ਬੇਅੰਤ ਜੀ ਨੇ ਮੇਰੀ ਹੁਜਾਂ ਮਾਰ ਕੇ ਚੰਗੀ ਸੇਵਾ ਕੀਤੀ। ਤੇ ਨਾਲ ਹੀ ਇਸ਼ਾਰਾ ਕੀਤਾ ਅਗੇ ਥਾਣੇਦਾਰ ਤੇ ਥਾਣੇਦਾਰਨੀ ਬੈਠੇ ਹੈਨ। ਤੂੰ ਕੀ ਲੋਹੜਾ ਮਾਰਿਆ?

ਥਾਣੇਦਾਰ ਤਾਂ ਕਚੂਚ ਹੋਇਆ ਨੀਵੀਂ ਪਾ ਗਿਆ। ਅਤੇ ਥਾਣੇਦਾਰਨੀ ਸਾਡੇ ਮੂੰਹਾਂ ਵੱਲ ਵੇਖਣ ਲਗ ਪਈ। ਮੇਰੀ ਸੇਵਾ ਹੁੰਦੀ ਵੇਖ ਕੇ ਕੁਝ ਤਾਂ ਵਿਚਾਰੀ ਨੂੰ ਤਸੱਲੀ ਹੋ ਹੀ ਗਈ ਹੋਵੇਗੀ।

ਮੈਂ ਬੇਅੰਤ ਜੀ ਨੂੰ ਗੁੱਸੇ ਹੋਕੇ ਆਖਿਆ, "ਮੈਂ ਨਹੀਂ ਤੁਹਾਡੇ ਕੋਲ ਬਹਿਣਾਂ ਤੁਸੀਂ ਮੈਨੂੰ ਮਾਰਦੇ ਹੋ।"

ਬੇਅੰਤ ਜੀ ਕਿਹਾ, "ਬਹਿ ਜਾ ਬਹਿ ਜਾ ਜੋ ਹੋਣਾ ਸੀ ਹੋ ਗਿਆ। ਹੁਣ ਨਹੀਂ ਮੈ ਤੈਨੂੰ ਕੁਝ ਕਹਿੰਦਾ।"

ਕਾਂਗੜਾ ਆ ਗਿਆ ਤੇ ਥਾਣੇਦਾਰ ਉਤਰ ਗਿਆ। ਏਸ ਤੋਂ ਅਗਲੀ ਰਿਆਸਤ ਸਾਡੀ ਆਪਣੀ ਸੀ। ਕਿਉਂਕਿ ਪਾਲਮ ਪੁਰ ਸ੍ਰ. ਅਨੂਪ ਸਿੰਘ ਜੀ ਲਗੇ ਹੋਏ ਸਨ ਥਾਣੇਦਾਰ। ਤੇ ਓਹਨਾਂ ਦੇ ਘਰ ਵਿਚ ਹੀ ਸਾਡਾ ਸਾਰਿਆਂ ਦਾ ਡੇਰਾ ਸੀ।

ਖੁਲ੍ਹੇ ਪਹਾੜਾਂ ਵਾਂਗ ਸ੍ਰ. ਅਨੂਪ ਸਿੰਘ ਜੀ ਦਾ ਬੰਗਲਾ ਵੀ ਬਹੁਤ ਖੁਲ੍ਹਾ ਡੁੱਲ੍ਹਾ ਸੀ। ਸਾਰੇ ਬੰਗਲੇ ਉਤੇ ਟੀਨ ਦੀ ਛੱਤ ਜੋ ਰੋਜ਼ਾਨਾ ਰਾਤ ਨੂੰ ਬਾਰਸ਼ ਪੈ ਜਾਣ ਕਰਕੇ ਹਮੇਸ਼ਾਂ ਸੋਧ ਦੀ ਬਣੀ ਰਹਿੰਦੀ। ਅਤੇ ਛੱਤ ਦਾ ਪਾਣੀ ਹੀ ਰਾਤ ਨੂੰ ਘੜਿਆਂ ਤੇ ਹੌਜ਼ ਵਿਚ ਭਰ ਲਿਆ ਜਾਂਦਾ। ਦਿਨੇ ਸਭ ਕੁਝ ਖਾਲੀ ਹੋ ਜਾਂਦਾ ਤੇ ਰਾਤ ਨੂੰ ਫੇਰ ਸਭ ਕੁਝ ਏਸ ਤਰ੍ਹਾਂ ਭਰਾ ਪੂਰਾ ਹੋ ਜਾਂਦਾ, ਜਿਵੇਂ ਰਾਜਾ ਨਲ ਦੇ ਰਸੋਈ ਦੇ ਸਾਰੇ ਬਰਤਨ ਪਾਣੀ ਨਾਲ ਭਰ ਜਾਂਦੇ। ਅਤੇ ਚੁੱਲ੍ਹੇ ਵਿਚ ਅੱਗ ਵੀ ਆਪੇ ਬਲ ਉਠਦੀ। ਤੇ ਏਸ ਤਰ੍ਹਾਂ ਓਹ ਓਸ ਰਾਜੇ ਦੀ ਰਸੋਈ ਸਿਖਿਆ ਦਾ ਮੁਕੰਮਲ ਅਦਾਕਾਰ ਤੇ ਰਸੋਈਆ ਬਣਿਆ ਹੋਇਆ ਸੀ, ਜੋ ਰੱਥ ਉਤੇ ਭੱਜੇ ਜਾਂਦੇ ਘੋੜਿਆਂ ਦੀਆਂ ਟਾਪਾਂ ਨਾਲ ਸਾਹਮਣੇ ਖੜੇ ਦਰਖਤਾਂ ਦੇ ਪੱਤੇ ਗਿਣ ਦਿੰਦਾ ਸੀ।

ਏਸ ਤਰ੍ਹਾਂ ਰਾਤ ਦਾ ਜਮ੍ਹਾ ਪਾਣੀ ਅਸੀਂ ਸਾਰੇ ਜਣੇ ਸਾਰਾ ਦਿਨ ਵਰਤਦੇ, ਸੋਧੀ ਵੀ ਅਤੇ ਖੁਲ੍ਹੇ ਵੀ। ਅਤੇ ਰਾਤ ਨੂੰ ਬੱਦਲ ਪਤਾ ਨਹੀਂ ਕੇਹੜੀ ਪਹਾੜੀ ਵਿਚੋਂ ਨਿਕਲ ਔਂਦਾ ਅਤੇ ਮੂਸਲਾਧਾਰ ਬਾਰਸ਼ ਸ਼ੁਰੂ ਹੋ ਜਾਂਦੀ। ਏਸ ਤਰਾਂ ਰਾਤ ਵੀ ਬੜੀ ਸੁਆਦੀ ਤੇ ਠੰਢੀ ਠੰਢੀ ਬਣੀ ਰਹਿੰਦੀ ਤੇ ਦਿਨ ਵੇਲੇ ਸਾਰੀਆਂ ਕੂਹਲਾਂ ਤੇ ਨਾਲੇ ਝਰਨੇ ਤੇ ਨਿਕੀਆਂ ਮੋਟੀਆਂ ਨਦੀਆਂ ਭਰ ਜਾਂਦੀਆਂ ਪਾਣੀ ਨਾਲ। ਏਸ ਤਰ੍ਹਾਂ ਦਾ ਵਧੀਆ ਨਜ਼ਾਰਾ ਰੱਬ ਸਬਬੀ ਹੀ ਵੇਖਣ ਨੂੰ ਮਿਲਦਾ ਹੈ।

ਸਰਦਾਰ ਜੀ ਦੇ ਬੰਗਲੇ ਵਿਚ ਏਡੇ ਵਡੇ ਜਥੇ ਦੀ ਭੀੜ ਵੇਖਦੇ - ਇਕ ਮੂੰਹ ਫੁਟ

ਆਦਮੀ, ਸਰਦਾਰ ਅਨੂਪ ਸਿੰਘ ਜੀ ਨੂੰ ਪੁਛ ਬੈਠਾ— "ਏਨੇ ਆਦਮੀਆਂ ਦਾ ਖਰਚਾ ਕਿਵੇਂ ਪੂਰਾ ਹੋਵੇਗਾ"।

ਸ੍ਰਦਾਰ ਜੀ ਨੇ [illegible] ਕੇ ਕਿਹਾ– ਖਰਚਾ ਕਾਸਦਾ? ਮੂੰਗੀ ਦੀ ਦਾਲ ਤੇ ਕਣਕ ਦੀਆਂ ਚਪਾਤੀਆਂ ਅਤੇ ਦਸ ਸੇਰ ਦੁੱਧ। ਮੂੰਗ ਦੀ ਦਾਲ ਢਾਈ ਰੁਪਏ ਮਣ। ਕਣਕ ਦੋ ਰੁਪਏ ਮਣ। ਤੇ ਗਾਂ ਦਾ ਦੁਧ ਦੁਆਨੀ ਸੇਰ। ਮੇਰੀ ਤਨਖਾਹ ਏਸ ਵੇਲੇ ੧੫੦ ਰੁਪਏ ਮਹੀਨਾ ਹੈ। ਖੁਲ੍ਹਾ ਡੁੱਲ੍ਹਾ ਖਰਚ ਕਰਕੇ ਵੀ ਪੰਜਾਹ ਰੁਪਏ ਬਚ ਰਹਿਣਗੇ ਮਹੀਨੇ ਦੇ। ਏਸ ਤੋਂ ਸਸਤਾ ਸੌਦਾ ਹੋਰ ਕੀ ਹੋ ਸਕਦਾ ਹੈ। ਘੀ ਡੇਢ ਸੇਰ ਰੁਪਏ ਦਾ। ਸਬਜ਼ੀ ਐਵੇਂ ਸਾਵੀਂ। ਏਹੋ ਜੇਹੀ ਰੌਣਕ ਕਿਥੋਂ ਮਿਲਦੀ ਹੈ ਹੋਰ ਜਗ੍ਹਾ ਉਤੇ। ਸਾਡੇ ਧੰਨ ਭਾਗ ਹੈਨ, ਸੰਗਤਾਂ ਨੇ ਤੇ ਸਤਿਗੁਰੂ ਜੀ ਨੇ ਦਰਸ਼ਨ ਦਿਤੇ ਹੈਨ। ਅਤੇ ਸਾਰੀ ਸੰਗਤ ਨੇ ਚਾਲੀ ਦਿਨ ਏਥੇ ਰਹਿ ਕੇ ਰਾਤ ਦਿਨ ਕਥਾ ਕੀਰਤਨ ਭਜਨ ਬਾਣੀ ਤੇ ਪੂਜਾ ਪਾਠ ਕਰਦੇ ਰਹਿਣਾ ਹੈ।

ਸਾਧ ਸੰਗਤ ਬੈਕੁੰਠੈ ਆਹਿ – ਜਿਥੇ ਸਾਧ ਸੰਗਤ ਦਾ ਨਿਵਾਸ ਉਥੇ ਹੀ ਬੈਕੁੰਠ ਹੈ। ਤੂੰ ਹੀ ਦਸ! ਏਹ ਸੌਦਾ ਲਾਹੇਵੰਦਾ ਹੈ ਜਾਂ ਘਾਟੇ ਵਾਲਾ?

ਪਾਲਮ ਪੁਰ

ਓਸ ਵੇਲੇ ਸਾਨੂੰ ਇਉਂ ਹੀ ਜਾਪਦਾ ਸੀ, ਜਿਵੇਂ ਸਚ ਮੁਚ ਹੀ ਕਿਸੇ ਰਿਸ਼ੀ ਦੇ ਸ੍ਰਾਪ ਕਾਰਨ – ਪਾਲਮ ਪੁਰ ਦਾ ਏਹ ਟੁਕੜਾ ਸਵਰਗ ਨਾਲੋਂ ਟੁੱਟ ਕੇ ਧਰਤੀ ਉਤੇ ਆਣ ਡਿੱਗਾ ਹੋਵੇ। ਵਾਹੀ ਵਾਸਤੇ ਪੱਧਰ ਮੈਦਾਨ ਖੇਡਣ ਵਾਸਤੇ ਚੀਲਾਂ ਨਾਲ ਲੱਦੇ ਮੈਦਾਨ। ਥੋੜ੍ਹੀ ਥੋੜ੍ਹੀ ਉਚਾਈ ਨਿਵਾਈ ਵਾਲੇ ਥਾਵਾਂ ਉਤੇ ਚਾਹ ਦੇ ਬਗੀਚੇ। ਨਾਂ ਛੋਟੇ ਬੂਟਿਆਂ ਦੀ ਘਾਟ ਤੇ ਨਾਂ ਹੀ ਵਡੇ ਤੋਂ ਵਡਿਆਂ ਦਾ ਮੇਚਾ ਰੋਜ਼ਾਨਾ ਰਾਤ ਨੂੰ ਪੈਣ ਵਾਲੀ ਬਾਰਸ਼ ਪਤਾ ਨਹੀਂ ਕਿਸ ਵੇਲੇ ਟੀਨ ਦੀਆਂ ਛੱਤਾਂ ਉਤੇ ਪੈਣ ਵਾਲੀ ਛਰਰ ਛਰਰ ਬੁਛਾੜ। ਤੁਹਾਨੂੰ ਮੈਂ ਇਕ ਵਧੀਆ ਗਲ ਦੱਸਾਂ?

ਬੇਅੰਤ ਜੀ ਨੂੰ ਵਾਧੂ ਇਸ਼ਨਾਨ ਕਰਨ ਦੀ ਆਦਤ ਤਾਂ ਮੁਢ ਤੋਂ ਹੀ ਹੈ। ਇਸ਼ਨਾਨ ਤਾਂ ਏਹਨਾਂ ਵਾਸਤੇ ਇਉਂ ਹੈ ਜਿਵੇਂ ਸਾਧ ਸੰਗਤ ਵਿਚ ਵਰਤਣ ਵਾਲਾ ਭੋਗ ਦਾ ਪ੍ਰਸ਼ਾਦ। ਜਦੋਂ ਵੀ ਬਾਰਸ਼ ਦੇ ਅਸਾਰ ਬਣਦੇ ਏਹਨਾਂ ਝਟ ਹੀ ਕਪੜੇ ਲਾਹ ਕੇ ਨ੍ਹੌਣ ਵਾਸਤੇ ਤਿਆਰ ਹੋ ਜਾਣਾ। ਓਧਰ ਬਾਰਸ਼ ਨੇ ਸ਼ੁਰੂ ਹੋ ਜਾਣਾ ਤੇ ਏਧਰ ਬੇਅੰਤ ਜੀ ਨੇ ਛੱਤ ਹੇਠਾਂ ਸਿਰ ਕਰ ਦੇਣਾਂ। ਜਿੰਨਾਂ ਚਿਰ ਠੁਰ ਠੁਰ ਨਾ ਸ੍ਰੀਰ ਨੇ ਕਰਨ ਲੱਗ ਪੈਣਾਂ ਓਨਾਂ ਚਿਰ ਪਾਣੀ ਵਿੰਚ ਅਠਖੇਲੀਆਂ ਕਰੀ ਜਾਣੀਆਂ। ਅਤੇ ਨੇੜੇ ਤੇੜੇ ਖਲੋਤੇ, ਮੇਰੇ ਵਰਗਿਆਂ ਨੂੰ ਬਿਨਾਂ ਦਾਅਵਤ ਹੀ ਭਿਉਂ ਦੇਣਾ।

ਸਾਨੂੰ ਤਾਂ ਏਹਨਾਂ ਨੂੰ ਵੇਖ ਕੇ ਹੀ ਪਾਲਾ ਲਗਣ ਲਗ ਪੈਂਦਾ ਸੀ। ਅਜ ਵੀ ਏਹ ਪਾਣੀ ਨਾਲ ਬੁਰੀ ਕਰਦੇ ਹੈਨ। ਜਦੋਂ ਥੋੜਾ ਜਿੰਨਾ ਵਕਤ ਮਿਲੇ ਓਸੇ ਵੇਲੇ ਸੇਵਕ ਨੂੰ ਕਹਿਣਾ, "ਕਿਉਂ ਭਾਈ ਪਾਣੀ ਤਿਆਰ ਹੈ?"

ਮੈਨੂੰ ਬੇਅੰਤ ਜੀ ਦੇ ਪੁਰਾਣੇ ਸੇਵਕ ਬਲਕਾਰ ਸਿੰਘ ਦਸਮ ਗ੍ਰੰਥ ਨੇ ਦਸਿਆ – "ਕਈ ਸਾਲ ਹੋਏ, ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਨਾਨਕੇ ਗੁਰੂਸਰ ਜਾ ਰਹੇ ਸਨ। ਸਮਾਂ ਮਸਾਂ ਅਜੇ ਚੰਡੀ ਦੀ ਵਾਰ ਦਾ ਸੀ। ਪੋਹ ਦੇ ਦਿਨ ਸਨ। ਗੁਰੂ ਸਰ ਤੋਂ ਇਕ ਮੀਲ ਦੇ ਫਾਸਲੇ ਉਤੇ ਨਹਿਰ ਔਂਦੀ ਹੈ। ਕਹਿਣ ਲਗੇ ਬਲਕਾਰ ਸਿੰਘਾ ਫੜ ਕਪੜੇ ਮੇਰਾ ਇਸ਼ਨਾਨ ਕਰਨ ਨੂੰ ਜੀ ਕਰਦਾ ਹੈ। ਪਿਘਲੀ ਹੋਈ ਬਰਫ ਦਾ ਪਾਣੀ, ਬਰਫ ਤੋਂ

ਵੀ ਠੰਢਾ। ਨਹਿਰ ਵਿਚ ਜਾ ਛਾਲ ਮਾਰੀ। ਦੋ ਤਿੰਨ ਵਾਰ ਨਹਿਰ ਦੇ ਉਰਾਰ ਪਾਰ ਗਏ। ਅਚਾਨਕ ਟੁੱਭੀ ਮਾਰੀ। ਇਕ ਆਦਮੀ ਜੋ ਪਾਣੀ ਦੀ ਦੇਖਭਾਲ ਕਰ ਰਿਹਾ ਸੀ ਕਹਿਣ ਲੱਗਾ—

ਤੁਹਾਡਾ ਸਾਥੀ ਤਾਂ ਖਤਮ ਹੋ ਗਿਆ। ਏਨੇ ਠੰਢੇ ਪਾਣੀ ਵਿਚ ਬਚਣ ਬਚੌਣ ਦੀ ਕੋਈ ਗੱਲ ਨਹੀਂ ਰਹਿ ਗਈ। ਤੁਸੀਂ ਆ ਕੇ ਛੇਤੀ ਛੇਤੀ ਬਾਹਰ ਕੱਢ ਕੇ ਅੱਗ ਸਿਕਾਓ ਵਰਨਾ – – –

ਸਤਿਗੁਰੂ ਜੀ ਡੇਢ ਮਿੰਟ ਬਾਅਦ ਬਾਹਰ ਨਿਕਲ ਆਏ। ਅਤੇ ਆਪੇ ਕਪੜੇ ਬਦਲ ਕੇ ਗੱਡੀ ਵਿਚ ਬਹਿ ਗਏ। ਵੇਖਣ ਵਾਲਾ ਜੱਟ ਹੈਰਾਨ ਪ੍ਰੇਸ਼ਾਨ ਹੋਇਆ ਏਹ ਸਭ ਵੇਖ ਰਿਹਾ ਸੀ। ਅਤੇ ਅਸੀਂ ਬਾਹਰ ਖੜੋਤੇ ਹੀ ਠੰਢ ਨਾਲ ਠੁਰ ਠੁਰ ਕਰ ਰਹੇ ਸਾਂ। ਜੱਟ ਦਾ ਆਖਰੀ ਫਿਕਰਾ ਸੀ – – –ਕਿਸ ਚਮੜੀ ਦੇ ਬਣੇ ਹੋਏ ਨੇ ਏਹ ਲੋਕ।"

ਪਾਲਮ ਪੁਰ ਦਾ ਦਿਨ ਰਾਤ ਦਾ ਮੌਸਮ ਅਤੀ ਸੁਹਾਵਣਾ ਸੀ। ਚੁਫੇਰੇ ਹਰਿਆਵਲ ਹੀ ਹਰਿਆਵਲ। ਕਲ ਕਲ ਕਰਦੇ ਝਰਨੇ। ਥਾਂ ਥਾਂ ਵਗਦੀਆਂ ਕੂਹਲਾਂ। ਪਹਾੜੀ ਆਬਸ਼ਾਰਾਂ, ਭਰੇ ਪੂਰੇ ਵਗਦੇ ਨਦੀਆਂ ਨਾਲੇ ਥਾਂ ਥਾਂ ਤੇ ਝਰਨੇ। ਸਭ ਤੋਂ ਵੱਧ ਖੁਸ਼ੀ ਸੀ ਏਸ ਦੇ ਸਿਰਜਨਹਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਾਵਨ ਪਵਿਤਰ ਦਰਸ਼ਨ ਦੀ। ਅਜੀਬ ਬਾਦਸ਼ਾਹਤ ਸੀ ਏਥੇ ਰਹਿਣ ਵਾਲੇ ਆਦਮੀਆਂ ਦੀ। ਸਭ ਤਰਾਂ ਦੀ ਖੁਰਾਕ ਪੰਜਾਬ ਨਾਲੋਂ ਅਧੀ ਕੀਮਤ ਉਤੇ।

ਬੀਬੀ ਸੰਤ ਕੌਰ ਦਾ ਨਵਾਂ ਨਵਾਂ ਵਿਆਹ ਹੋਇਆ ਸੀ — ਸ੍ਰ. ਅਨੂਪ ਸਿੰਘ ਜੀ ਰਾਜਾ ਜੰਗ ਵਾਲਿਆਂ ਨਾਲ। ਜੋ ਓਸ ਵੇਲੇ ਥਾਨੇਦਾਰ ਦੀ ਪੋਸਟ ਉਤੇ ਤੈਨਾਤ ਸਨ। ਸ੍ਰ. ਅਨੂਪ ਸਿੰਘ ਜੀ ਵਰਗਾ ਖਰਾ ਆਦਮੀ ਵਿਰਲਾ ਹੀ ਹੋਵੇਗਾ ਏਸ ਧਰਤੀ ਉਤੇ। ਦਸ ਪੈਸੇ ਦੇ ਵੀ ਰਵਾਦਾਰ ਨਹੀਂ ਸਨ ਕਿਸੇ ਦੇ।

ਨਾਲ ਲਗਦਿਆਂ ਇਕ ਵਾਕਿਆ ਤੁਹਾਨੂੰ ਸ੍ਰ. ਅਨੂਪ ਸਿੰਘ ਜੀ ਦਾ ਵੀ ਸੁਣਾ ਦਿੰਦਾ ਹਾਂ —"ਸ੍ਰਦਾਰ ਜੀ, ਅੰਬਾਲੇ ਲਗੇ ਹੋਏ ਸਨ ਵਡੇ ਥਾਨੇਦਾਰ : ਅੰਗ੍ਰੇਜ਼ ਐਸ. ਪੀ. ਕੁਰੱਪਟ ਸੀ। ਓਹ ਸ੍ਰਦਾਰ ਜੀ ਦੀ ਤਬੀਅਤ ਤੋਂ ਚੰਗੀ ਤਰਾਂ ਵਾਕਫ ਸੀ ਪਰ ਪਤਾ ਨਹੀਂ ਕਿਉਂ? ਓਸ ਨੇ ਹੁਕਮ ਦੇ ਦਿਤਾ ਸ੍ਰਦਾਰ ਸਾਹਿਬ! ਅਗੇ ਤੋਂ ਦੋ ਸੌ ਰੁਪਏ ਮਹੀਨਾ ਮਿਲਣਾ ਚਾਹੀਏ ਆਪਦੇ ਥਾਨੇ ਤੋਂ। 'ਸਖਤੇ ਦਾ ਸੱਤੀ ਵੀਹੀਂ ਸੌ'। ਸ੍ਰਦਾਰ ਜੀ ਨੇ ਹਾਂ ਵਿਚ ਸਿਰ ਹਿਲਾ ਦਿਤਾ। ਸਾਰੇ ਥਾਨੇ ਨੂੰ ਹੁਕਮ ਸੁਣਾ ਦਿਤਾ – ਸਿਪਾਹੀ ਪੰਜ ਰੁਪਏ ਤੇ ਹਵਾਲਦਾਰ ਦਸ ਰੁਪਏ ਮਹੀਨਾ ਜਮ੍ਹਾ ਕਰਾਵੇ ਅਤੇ ਜੋ ਆਦਮੀ ਦਰਖਾਸਤ ਲੈ ਕੇ ਆਵੇ ਓਸ ਤੋਂ ਇਕ ਇਕ ਰੁਪਏ ਵਸੂਲ ਕਰੋ।

ਮਹੀਨੇ ਪਿਛੋਂ ਸ੍ਰਦਾਰ ਜੀ ਨੇ ਅੰਬਾਲੇ ਦੇ ਐਸ ਪੀ ਨੂੰ ਦੋ ਸੌ ਰੁਪਏ ਜਾ ਦਿਤੇ। ਓਸ ਨੇ ਪੈਂਦੇ ਹੀ ਕਿਹਾ – "ਵੈਲ ਥਾਨੇਦਾਰ ਸਾਹਿਬ ਯਿਹ ਰੁਪਏ ਆਪ ਨੇ ਕੈਸੇ ਇਕਠੇ ਕੀਏ।"

ਸ੍ਰਦਾਰ ਜੀ ਕਿਹਾ — "ਸਾਹਿਬ ਪੰਜ ਪੰਜ ਸਿਪਾਹੀਆਂ ਤੋਂ ਲਏ। ਦਸ ਦਸ ਉਸ ਤੋਂ ਵਡੇ ਅਫਸਰਾਂ ਤੋਂ ਲਏ। ਇਕ ਇਕ ਰੁਪਏ ਦਰਖਾਸਤਾਂ ਦੇਣ ਵਾਲਿਆਂ ਤੋਂ ਵਸੂਲ ਕੀਤੇ – ਏਸ ਤਰ੍ਹਾਂ ਬਣੇ ਕੁਲ ਡੇਢ ਸੌ। ਅਤੇ ਪੰਜਾਹ ਰੁਪਏ ਮੈਂ ਆਪਣੀ ਤਨਖਾਹ ਵਿਚੋਂ ਪਾ ਕੇ ਦੋ ਸੌ ਰੁਪਏ ਪੂਰੇ ਕਰ ਦਿੱਤੇ ਹੈਂ।"

ਐਸ. ਪੀ. ਕਹਿਣ ਲਗਾ —"ਵੈਲ ਸ੍ਰਾਦਰ ਸਾਹਿਬ! ਜੈਸਾ ਸੁਣਾ ਥਾਂ ਆਪ ਵੈਸੇ ਹੀ ਨਿਕਲੇ। ਆਗੇ ਸੇ ਸਖਤ ਡਿਊਟੀ ਆਪ ਕੀ ਮਾਫ ਕੀ ਜਾਤੀ ਹੈ।"

ਸ੍ਰ: ਅਨੂਪ ਸਿੰਘ ਦੇ ਘਰੋਂ ਬੀਬੀ ਸੰਤ ਕੌਰ ਖਾਨਦਾਨ ਦੇ ਤੌਰ ਉਤੇ ਹੀ ਸੰਤ ਸੇਵੀ. ਹਸਮੁੱਖ ਤੇ ਹਮੇਸ਼ਾਂ ਖੁਸ਼ ਰਹਿਣ ਵਾਲੀ ਦੇਵੀ ਸੀ। ਬੀਬੀ, ਮਾਤਾ ਜੀਵਨ ਕੌਰ ਜੀ ਦੇ ਭਤੀਜੇ ਸ: ਦਿਆਲ ਸਿੰਘ ਬਰਾਜ ਦੀ ਲੜਕੀ ਹੋਣ ਕਰਕੇ ਇਕ ਤਾਂ ਨਵਾਂ ਨਵਾਂ ਵਿਆਹ ਅਤੇ ਦੂਸਰੇ ਅਸੀਂ ਸਾਰੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਤ ਉਸਦੇ ਰਿਸ਼ਤੇਦਾਰ ਸਾਂ। ਜਿਸ ਵਾਸਤੇ ਓਸ ਦੇ ਪਿਆਰ, ਉਮਾਹ ਦਾ ਮੇਚ ਹੀ ਨਹੀਂ ਸੀ ਕੋਈ। ਅਸੀਂ ਤਾਂ ਕਥਾ ਕੀਰਤਨ ਵੇਲੇ ਜਾਂ ਖਾਣ ਪੀਣ ਦੇ ਸਮੇਂ ਹੀ ਘਰੇ ਔਂਦੇ ਸਾਂ. ਬਾਕੀ ਸਮਾਂ ਤਾਂ ਪਹਾੜ ਦੀ ਸੈਰ ਵਿਚ ਹੀ ਲੰਘ ਜਾਂਦਾ ਸੀ। ਸ੍ਰੀ ਸਤਿਗੁਰੂ ਜੀ ਪੱਕੇ ਤੌਰ ਤੇ ਓਥੇ ਰਹਿਣ ਵਾਸਤੇ ਅਜੇ ਅਸਮੰਜਸ ਵਿਚ ਹੀ ਹੈ ਸਨ। ਕਿਉਂਕਿ ਪਹਾੜ ਦਾ ਪਾਣੀ ਕੱਚਾ ਸੀ। ਬਾਰਸ਼ ਦਾ ਪਾਣੀ ਵੀ ਪੀ ਕੇ ਵੇਖਿਆ ਸੀ, ਸੌਂਫ ਤੇ ਜਵੈਣ ਪਾ ਕੇ ਉਬਾਲ ਕੇ ਪੀਤਾ ਪਾਣੀ ਵੀ ਫਿਟ ਨਹੀਂ ਸੀ ਬੈਠ ਰਿਹਾ। ਕਈ ਝਰਨਿਆਂ ਤੇ ਬੌਲੀਆਂ ਦਾ ਵੀ ਪਾਣੀ ਚੈਕ ਕੀਤਾ ਸੀ – ਓਹ ਵੀ ਸਿਹਤ ਵਾਸਤੇ ਸਹੀ ਨਹੀਂ ਸੀ ਬੈਠ ਰਿਹਾ। ਪਹਾੜੀਏ ਤਾਂ ਚਾਹ ਦੀ ਪੱਤੀ ਵਿਚ ਉਬਾਲਕੇ ਪਾਣੀ ਪੀ ਲੈਂਦੇ ਸਨ। ਬਾਕੀ ਓਥੋਂ ਦੇ ਜੰਮ ਪਲ ਹੋਣ ਦਾ ਵੀ ਫਰਕ ਸੀ। ਅਤੇ ਚਾਏ ਓਹਨਾਂ ਦੇ ਘਰ ਦੀ ਸੀ ਪਾਲਮ ਪੁਰ ਦੀ ਤਿਆਰ ਚਾਏ। ਪਰ ਸਾਡੇ ਵਾਸਤੇ ਜ਼ਰੂਰ ਪਾਣੀ ਨੇ ਪ੍ਰੇਸ਼ਾਨੀ ਪੈਦਾ ਕਰ ਰਖੀ ਸੀ।

ਅੰਗ੍ਰੇਜ਼

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡਾ ਬਚਿਆਂ ਦਾ ਵੀ ਟੌਹਰ ਬਣਾ ਦਿਤਾ ਸੀ। ਕਿਉਂਕਿ ਗੁਰੂ ਘਰ ਵਿਚ ਛੋਟੇ ਵੱਡੇ ਦਾ ਕੋਈ ਲਿਹਾਜ਼ ਨਹੀਂ ਕੀਤਾ ਜਾਂਦਾ। ਕਿਉਂਕਿ

ਸਭੇ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ।।

ਅਸੀਂ ਵੀ ਵੱਡੇ ਵੱਡੇ ਸੰਤਾਂ ਮਹਾਤਮਾਂ ਦੇ ਬ੍ਰਾਬਰ ਹੀ ਆਪਣੇ ਆਪਣੇ ਆਸਣ ਵਿਛਾ ਕੇ ਬੈਠਦੇ ਸਾਂ। ਏਥੇ ਸਾਡੇ ਜ਼ਿੰਮੇ ਦੋ ਹੀ ਕੰਮ ਸਨ –

ਸੰਤ ਸੰਤੋਖ ਸਿੰਘ ਜੀ ਲਿਖਿਤ ਸਤਿਗੁਰੂ ਬਿਲਾਸ ਦੀ ਕਥਾ ਅਤੇ ਦੋਹਾਂ ਵੇਲਿਆਂ ਦਾ ਸੰਗੀਤ। ਤਾਊਸ ਤੰਬੂਰੇ ਵੀ ਸਾਡੇ ਨਾਲ ਸਨ – ਜੋ ਗੁਰੂ ਜੀ ਦੀ ਸ਼ਬਦਾਂ ਦੀ ਭੁੱਖ ਦੀ ਤ੍ਰਿਪਤੀ ਕਰਦੇ ਸਨ। ਕਿਉਂਕਿ —

ਰਬ ਖਾਂਦਾ ਰਾਗ ਨਿਆਮਤਾਂ ਪਹਿਨੇ ਸਚ ਪੁਸ਼ਾਕ।

ਸਾਡੇ ਏਸ ਜਥੇ ਵਿਚ ਸਨ – ਪਰਮ ਸਤਿਕਾਰ ਯੋਗ ਬੇਅੰਤ ਜੀ, ਵੱਲਭ ਜੀ, ਮੈਂ ਰਜਿੰਦ੍ਰ ਸਿੰਘ, ਗਿਆਨੀ ਬਲਵੰਤ ਸਿੰਘ ਜੀ, ਦਲੀਪ ਸਿੰਘ ਧ੍ਰੂ ਅਤੇ ਹਜ਼ੂਰ ਸਿੰਘ ਚੰਦ੍ਰਹਾਂਸ। ਮਾਸਟਰ ਬਲਵੰਤ ਸਿੰਘ ਜੀ ਸਨ ਕੰਟਰੋਲਰ। ਸੰਤ ਮੋਹਣ ਸਿੰਘ ਜੀ ਭਾਗੋਵਾਲੀਏ ਇਕ ਓਹਨਾਂ ਦਾ ਸੇਵਕ, ਤੇਜਾ ਸਿੰਘ ਮਹੀਓ ਦਾਤਾ, ਸ੍ਰੀ ਸਤਿਗੁਰੂ ਜੀ, ਭਾਈ ਵਜ਼ੀਰ ਸਿੰਘ ਜੀ ਤੇ ਸਤਿਗੁਰੂ ਜੀ ਦਾ ਲਾਂਗਰੀ ਰਤਨ ਸਿੰਘ। ਰਤਨ ਸਿੰਘ ਲਾਂਗਰੀ ਤਾਂ ਸਾਡੇ ਸਾਰਿਆਂ ਦਾ ਹੀ ਸੀ। ਓਸ ਤਰ੍ਹਾਂ ਅਗੋਂ ਪਿਛੋਂ ਲੰਗਰ ਦਾ ਕੰਮ ਗੁਰਬਖਸ਼ ਸਿੰਘ ਅਮਲੀ ਦੇ ਜ਼ਿੰਮੇ ਸੀ।

ਗੁਰਬਖਸ਼ ਸਿੰਘ ਨੂੰ ਅਮਲ ਖਾਂਦਿਆਂ ਅਸੀਂ ਕਦੇ ਨਹੀਂ ਸੀ ਵੇਖਿਆ। ਓਹ ਸੁਖਈ ਵੀ ਨਹੀਂ ਸੀ। ਅਮਲੀ ਪਤਾ ਨਹੀਂ ਕਿਉਂ ਓਸਦਾ ਨਾਮ ਪੈ ਗਿਆ ਸੀ। (ਗੁਰਬਖਸ਼ ਸਿੰਘ ਦਾ ਪਿਤਾ ਕਿਸ਼ਨ ਸਿੰਘ ਅਫੀਮ ਖਾਂਦਾ ਸੀ, ਇਸ ਕਰਕੇ ਇਹਨਾਂ ਦੀ ਅੱਲ ਅਮਲੀ ਪੈ ਗਈ)। ਬਾਕੀ ਸੰਤ ਮੰਡਲੀ ਨੇ ਤਾਂ ਓਸ ਵੇਲੇ ਔਣਾਂ ਸੀ ਜਦੋਂ ਥਾਂ ਦੀ ਚੋਣ ਕਰਕੇ

ਪੱਕੇ ਡੇਰੇ ਲੱਗ ਜਾਂਦੇ। ਵਡੇ ਸੰਤ ਤਾਂ ਅਜੇ ਘਰੋ ਘਰੀ ਹੀ ਸਨ।

ਸ੍ਰ. ਅਨੂਪ ਸਿੰਘ ਜੀ ਦੀ ਕੋਠੀ ਬੜੀ ਖੁਲ੍ਹੀ ਡੁਲ੍ਹੀ ਸੀ। ਅਤੇ ਮਾਹੌਲ ਬੇਹੱਦ ਸ਼ਾਂਤ। ਏਥੋਂ ਦਾ ਵਾਤਾਵਰਣ ਕਿਸੇ ਬਹਿਸ਼ਤ ਤੋਂ ਘਟ ਨਹੀਂ ਸੀ।

ਪਾਲਮ ਪੁਰ ਬੇਹੱਦ ਖੂਬਸੂਰਤ ਸ਼ਹਿਰ ਤੇ ਵਾਦੀ ਹੋਣ ਕਰਕੇ, ਏਥੇ ਅੰਗ੍ਰੇਜ਼ ਵੀ ਕਾਫ਼ੀ ਰਹਿੰਦੇ ਸਨ। ਜੋ ਓਸ ਵੇਲੇ ਸਾਡਾ ਧਿਆਨ ਖਿਚਦੇ ਰਹਿੰਦੇ। ਓਹ ਆਮ ਤੌਰ 'ਤੇ ਹਿੰਦੁਸਤਾਨੀਆਂ ਤੋਂ ਦੂਰ ਹੀ ਰਹਿੰਦੇ ਸਨ। ਸਾਡੇ ਉਤੇ ਹਕੂਮਤ ਸਾਡੇ ਹੀ ਆਦਮੀਆਂ ਰਾਹੀਂ ਚਲੌਂਦੇ ਸਨ ਸਾਰੇ ਹਿੰਦੁਸਤਾਨ ਦੀ। ਭਾਰਤ ਵਿਚ ਰਹਿਣ ਵਾਲੇ ਅੰਗ੍ਰੇਜ਼ ਬੇਹੱਦ ਡੀਲ ਡੌਲ ਵਾਲੇ ਰੋਅਬ ਦਾਬ ਵਾਲੇ ਤੇ ਖੂਬਸੂਰਤ ਨੌਜਵਾਨ ਹੁੰਦੇ ਸਨ। ਓਹਨਾਂ ਦੀਆਂ ਮੇਮਾਂ ਗੋਰੀਆਂ ਗੋਰੀਆਂ ਚਿਟੀਆਂ ਚਿਟੀਆਂ, ਅਪਸਰਾਵਾਂ ਹੀ ਲਗਦੀਆਂ ਸਨ। ਓਹਨਾਂ ਨੂੰ ਵੇਖ ਕੇ ਇਉਂ ਲਗਦਾ ਸੀ, ਜਿਵੇਂ ਅੰਗ੍ਰੇਜ਼ਾਂ ਦੀ ਸਾਰੀ ਕੌਮ ਹੀ ਏਨੀ ਖੂਬਸੂਰਤ ਹੋਵੇਗੀ। ਸਮਝਦਾਰ ਤਾਂ ਓਹ ਹੈ ਹੀ ਸਨ। ਓਹਨਾਂ ਨੂੰ ਸਭ ਤੋਂ ਪਹਿਲਾਂ ਸਿਖਿਆ ਈ ਏਹ ਸੀ ਕਿਉ ਬਣੌਣਾ। ਇਕ ਦੂਸਰੇ ਦੇ ਪਿਛੇ ਲਗਣਾ, ਸਭ ਤੋਂ ਵੱਡੀ ਖੂਬੀ ਸੀ ਓਹਨਾਂ ਵਿਚ ਸਾਡੇ ਵਰਗੀ ਗਲ ਨਹੀਂ ਸੀ —

ਏਕ ਏਕ ਕੇ ਪੈਂਡ ਨ ਚਲ ਹੈ।
ਏਕ ਏਕ ਕੀ ਬਾਤ ਉਥਲ ਹੈ। (ਗੁਰੂ ਗੋਬਿੰਦ ਸਿੰਘ)

ਤੁਹਾਨੂੰ ਮੈਂ ਅੰਗ੍ਰੇਜ਼ਾਂ ਦੀ ਗੱਲ ਦੱਸਾਂ?

ਲਾਰਡ ਕਲਾਈਵ ਜੋ ਬੰਗਾਲ ਦਾ ਪਹਿਲਾ ਗਵਰਨਰ ਸੀ। ਵਲੈਤ ਵਿਚ ਕਿਸੇ ਸਮੇਂ ਇਕ ਕੰਪਨੀ ਦਾ ਮਾਮੂਲੀ ਕਲਰਕ ਸੀ।

ਸਾਡੇ ਮੁਲਕ ਵਿਚ ਜੇ ਕਿਤੇ ਅਜੇਹੀ ਗਲ ਹੋ ਗਈ ਹੁੰਦੀ ਤਾਂ ਨਾਲ ਹੀ ਖਾਨਾਜੰਗੀ ਸ਼ੁਰੂ ਹੋ ਜਾਂਦੀ। ਮਹਾਰਾਜਾ ਰਣਜੀਤ ਸਿੰਘ ਜੀ ਦੀ ਮੌਤ ਪਿਛੋਂ ਜੋ ਸਿੱਖਾਂ ਸ਼ਾਹੀ ਸਿੰਘਾਂ ਵਿਚ ਸ਼ੁਰੂ ਹੋਈ, ਓਹ ਅਜ ਵੀ ਦੂਣ ਸਵਾਈ ਹੋ ਕੇ, ਸਾਡੇ ਗਲ ਨੂੰ ਚੰਮੜੀ ਹੋਈ ਹੈ। ਜਿਸ ਦੀ ਭਿਆਨਕਤਾ ਦਾ ਤੁਸੀਂ ਵਰਣਨ ਹੀ ਨਹੀਂ ਕਰ ਸਕਦੇ। ਅਜਿਤੇ ਰੰਧਾਵੇ ਦੀ ਗੋਸਟ ਵਿਚ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਸੀ :-

ਭਾਈ ਅਜਿਤਿਆ ਅਜੇਹਾ ਸਮਾਂ ਆਵੇਗਾ ਹੱਥ ਨੂੰ ਹੱਥ ਖਾਇਗਾ। ੧੯੩੫-੩੬ ਵਿਚ ਅੰਗ੍ਰੇਜ਼ ਦੇ ਖਿਲਾਫ ਬੋਲਣਾ ਤਾਂ ਕਿਸੇ ਕੀ ਸੀ, ਏਥੋਂ ਅੰਗ੍ਰੇਜ਼ ਚਲੇ ਜਾਣਗੇ – ਸੋਚ ਵੀ ਨਹੀਂ ਸੀ ਸਕਦਾ ਕੋਈ। ਪੰਜਾਬ ਵਿਚ ਕੋਈ ਵੀ ਅਜੇਹੀ ਪਾਰਟੀ ਨਹੀਂ ਸੀ ਜੋ ਓਹਨਾਂ ਦੇ ਖਿਲਾਫ਼ ਅਵਾਜ਼ ਉਠਾ ਕੇ ਸਾਫ਼ ਬਚ ਜਾਏ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਲਾਹੌਰ ਰੇਸ ਕੋਰਸ ਵਿਚ ਘੋੜੇ ਦੌੜਦੇ ਸਨ, ਜਿਸ ਵਾਸਤੇ ਕਾਫ਼ੀ ਅੰਗ੍ਰੇਜ਼ ਓਹਨਾਂ ਦੇ ਵਾਕਫ਼ ਬਣ ਚੁਕੇ ਸਨ। ਅਤੇ ਸਤਿਗੁਰੂ ਜੀ ਦੀ ਇਜ਼ਤ ਕਰਦੇ ਸਨ। ਏਸ ਤਰ੍ਹਾਂ ਏਥੇ ਵੀ ਕੋਈ ਨਾ ਕੋਈ ਵਾਕਫ ਅੰਗ੍ਰੇਜ਼ ਮਿਲ ਪੈਂਦਾ, ਬੜੇ ਸਤਿਕਾਰ ਨਾਲ ਸੁਖ ਸਾਂਦ ਪੁਛਦਾ ਤੇ ਗੁਡ.......ਕਹਿਕੇ ਜਾਂਦਾ।

ਇਕ ਰਾਤ ਸ੍ਰੀ ਸਤਿਗੁਰੂ ਜੀ, ਭਾਈ ਵਜੀਰ ਸਿੰਘ ਜੀ, ਮੈਂ ਅਤੇ ਬੇਅੰਤ ਜੀ, ਸ਼ਾਇਦ ਇਕ ਦੋ ਹੋਰ, ਕਾਫ਼ੀ ਰਾਤ ਗਈ ਇਕ ਨਿਵੇਕਲੀ ਸੜਕ ਉਤੇ ਸੈਰ ਕਰਨ ਜਾ ਰਹੇ ਸਾਂ। ਏਹ ਸੜਕ ਅੰਗ੍ਰੇਜ਼ਾਂ ਦੀ ਵਾਦੀ ਵਿਚੋਂ ਲੰਘਦੀ ਸੀ। ਸ਼ਰੀਫ਼ ਆਦਮੀਆਂ ਦੀ ਅੰਗ੍ਰੇਜ਼ ਵੀ ਇਜ਼ਤ ਕਰਦੇ ਸਨ। ਰਾਤ ਅੰਧੇਰੀ ਸੀ। ਟਪਰੀਵਾਸਾਂ ਵਾਂਗ ਕਿਤੇ ਕਿਤੇ ਚਾਨਣ ਚਮਕਦਾ ਸੀ। ਬਿਜਲੀ ਵਰਗੀ ਕੋਈ ਚੀਜ਼ ਅਜੇ ਨਹੀਂ ਸੀ ਆਈ ਏਥੇ। ਆਮ ਤੌਰ

ਤੇ ਲਾਲਟੈਨਾਂ ਹੀ ਰੌਸ਼ਨੀ ਦਾ ਕੰਮ ਸਾਰਦੀਆਂ ਸਨ।

ਇਕ ਮੇਮ-ਛਮਕ ਛਲੋ-ਜਿਸਦਾ ਕਦ ਦਰਮਿਆਨਾ ਹੀ ਸੀ, ਸਾਡੇ ਅਗੇ ਅਗੇ ਜਾ ਰਹੀ ਸੀ। ਓਸ ਦੇ ਅਗੇ ਅਗੇ ਜਾ ਰਹੀ ਸੀ ਪਿਸਤੀ ਕੁੱਤੀ। ਅਤੇ ਕੁੱਤੀ ਦੇ ਮੂੰਹ ਵਿਚ ਫੜਾਈ ਅਸਲੋਂ ਛੋਟੀ ਜਿਹੀ ਪਿਸਤੀ ਲੈਂਪ। ਸਾਡੇ ਬਚਿਆਂ ਵਾਸਤੇ ਤਾਂ ਇਕ ਫਿਲਮ ਸ਼ੋ ਹੀ ਸੀ ਓਸ ਵੇਲੇ ਦਾ ਏਹ ਦ੍ਰਿਸ਼।

ਸ੍ਰੀ ਸਤਿਗੁਰੂ ਜੀ ਅਤੇ ਭਾਈ ਵਜ਼ੀਰ ਸਿੰਘ ਜੀ ਤਾਂ ਮੁਸਕੜੀਏਂ ਹੱਸਦੇ ਹੱਸਦੇ ਅੰਗੇ ਲੰਘ ਗਏ। ਪਰ ਅਸੀਂ ਮੇਮ ਦੇ ਪਿਛੇ ਪਿਛੇ ਹੀ ਇਸ਼ਾਰਿਆਂ ਨਾਲ ਗੱਲਾਂ ਕਰ ਕਰ ਕੇ ਖੁਸ਼ ਹੁੰਦੇ ਜਾ ਰਹੇ ਸਾਂ। ਕਾਫ਼ੀ ਦੇਰ ਪਿਛੋਂ ਜਦੋਂ ਅਸੀਂ ਵੇਖਿਆ ਕਿ ਸਤਿਗੁਰੂ ਜੀ ਤਾਂ ਸਾਥੋਂ ਬਹੁਤ ਅਗੇ ਨਿਕਲ ਗਏ ਹੈਨ ਅਸੀਂ ਭਜ ਕੇ ਜਾ ਰਲੇ। ਸਤਿਗੁਰੂ ਜੀ ਹੱਸ ਕੇ ਕਹਿਣ ਲਗੇ—

ਮੇਮ ਨੂੰ ਵੇਖ ਰਹੇ ਸੀ?

ਭਾਈ ਵਜ਼ੀਰ ਸਿੰਘ ਜੀ ਮੇਰੇ ਵਲ ਇਸ਼ਾਰਾ ਕਰਕੇ ਕਹਿਣ ਲਗੇ —"ਪਾਤਿਸ਼ਾਹ! ਬਾਂਦਰ ਲੰਗੂਰ ਤੇ ਏਹੋ ਜੇਹਾ ਨਜ਼ਾਰਾ ਤਾਂ ਏਹਨਾਂ ਨੂੰ ਰੱਬ ਦੇਵੇ!"

ਸਾਡੀ ਸਰਦਾਰੀ

ਪਾਲਮ ਪੁਰ ਦਾ ਪਹਾੜ, ਜੋ ਓਸ ਵੇਲੇ ਬੇ ਹੱਦ ਸਰਸਬਜ਼ ਸੀ ਸਾਨੂੰ ਸਾਰਿਆਂ ਨੂੰ ਬਹੁਤ ਪਸੰਦ ਆਇਆ। ਏਥੇ ਕਈ ਗੱਲਾਂ ਰਲ ਗਈਆਂ ਸਨ। ਸ੍ਰ: ਅਨੂਪ ਸਿੰਘ ਜੀ ਦੇ ਮਹਿਮਾਨ ਹੋਣ ਸਦਕਾ — ਸਾਰੇ ਇਲਾਕੇ ਦੀ ਥਾਣੇਦਾਰੀ ਹੀ ਸਾਡੀ ਆਪਣੀ ਸੀ। ਸ੍ਰਦਾਰ ਜੀ ਦੀ ਸਾਰੇ ਇਲਾਕੇ ਵਿਚ ਬੜੀ ਇਜ਼ਤ ਸੀ। ਜਿਸ ਵਾਸਤੇ ਹਰ ਪਹਾੜੀ ਆਦਮੀ ਸਾਡੀ ਇਜ਼ਤ ਕਰਦਾ, ਅਤੇ ਝੁਕ ਝੁਕ ਅਦਾਬ ਬਜਾ ਲਾਉਂਦਾ ਸੀ। ਪਰ ਪਾਣੀ ਸਾਰੇ ਪਹਾੜ ਦਾ ਹੀ ਕੱਚਾ ਸੀ। ਕਿਸੇ ਨੂੰ ਮਰੋੜ, ਕਿਸੇ ਨੂੰ ਸਿਰ ਦਰਦ, ਕਿਸੇ ਨੂੰ ਢਿਡ ਪੀੜ, ਕਿਸੇ ਨੂੰ ਕੈਅ। ਏਸ ਤਰ੍ਹਾਂ ਸਾਡੇ ਸਾਰਿਆਂ ਵਾਸਤੇ ਏਹ ਜਗਾਹ ਨਖਿਧ ਸਾਬਤ ਹੋਈ।

ਬੀਬੀ ਸੰਤ ਕੌਰ ਸਾਡਾ ਬੜਾ ਖਿਆਲ ਰਖਦੀ। ਪ੍ਰਸ਼ਾਦੇ ਵੀ ਵੇਸਣ ਤੇ ਹੋਰ ਗਰਮ ਮਸਾਲੇ ਪਾ ਕੇ ਬਣੌਂਦੀ। ਪਾਣੀ ਵਿਚ ਸੌਂਫ਼ ਉਬਾਲਕੇ ਠੰਢਾ ਕਰਕੇ ਸਾਨੂੰ ਪੀਣ ਨੂੰ ਦਿੰਦੀ। ਰਾਤ ਨੂੰ ਬਾਰਸ਼ ਦਾ ਪਾਣੀ ਮੱਟਿਆਂ ਵਿਚ ਭਰਦੀ, ਸਾਡੇ ਪੀਣ ਵਾਸਤੇ। ਸ੍ਰ: ਅਨੂਪ ਸਿੰਘ ਜੀ ਦਾ ਨੌਕਰ ਵੀ ਬੇਹੱਦ ਭਲਾਮਾਣਸ ਜੋ ਸਾਡੀ ਹਰ ਇਕ ਖਾਹਸ਼ ਪੂਰੀ ਕਰਦਾ। ਬੀਬੀ ਦੀ ਏਹੋ ਖਾਹਸ਼ ਸੀ ਕਿ ਸਤਿਗੁਰੂ ਜੀ ਚਾਲੀਹਾ ਏਥੇ ਹੀ ਕੱਟਣ। ਅਤੇ ਸਾਰਾ ਮਹੀਨਾ ਸਾਡੇ ਘਰ ਰੌਣਕਾਂ ਬਣੀਆਂ ਰਹਿਣ। ਪਰ ਸਾਡੀ ਹਾਲਤ ਬੇਕਾਬੂ ਹੁੰਦੀ ਜਾ ਰਹੀ ਸੀ। ਅਤੇ ਏਥੋਂ ਦਾ ਵਾਤਾਵਰਣ ਕਿਸੇ ਤਰ੍ਹਾਂ ਵੀ ਸਾਡੇ ਫਿਟ ਨਹੀਂ ਸੀ ਬੈਠ ਰਿਹਾ।

ਕਈ ਦਿਨ ਉਡੀਕ ਕਰਨ ਪਿਛੋ- ਸਤਿਗੁਰੂ ਜੀ ਨੇ ਮਨਾਲੀ ਜਾ ਕੇ ਰਹਿਣ ਦੀ ਇਛਾ ਪ੍ਰਗਟ ਕੀਤੀ। ਜੇ ਰਿਹਾਇਸ਼ ਵਾਸਤੇ ਕੋਈ ਵਧੀਆ ਕੋਠੀ ਸਾਧ ਸੰਗਤ ਦੇ ਰਹਿਣ ਵਾਸਤੇ ਮਿਲ ਜਾਏ ਤਾਂ?

ਮਨਾਲੀ ਦੀ ਤਿਆਰੀ

ਬਾਦਸ਼ਾਹਾਂ ਦਾ ਜ਼ਮਾਨਾ ਸੀ। ਸੁਕੇਤ - ਜਿਸਦਾ ਹੁਣ ਨਾਮ ਵੀ ਖਤਮ ਹੋ ਚੁੱਕਾ

ਹੈ - ਓਸ ਵੇਲੇ ਬਹੁਤ ਹੀ ਖ਼ੂਬਸੂਰਤ ਰਿਆਸਤ ਹੁੰਦੀ ਸੀ। ਪਹਾੜ ਵਿਚ ਏਹ ਨਾਮਧਾਰੀਆਂ ਦਾ ਗੜ੍ਹ ਸੀ। ਏਥੋਂ ਦਾ ਰਾਜਾ ਲਛਮਣ ਸੈਨ ਸ੍ਰੀ ਸਤਿਗੁਰੂ ਜੀ ਉਤੇ ਪੂਰੀ ਸ਼ਰਧਾ ਰਖਦਾ ਸੀ। ਦੇਵੀ ਦੇ ਮੰਦਿਰ ਅਗੇ ਜ਼ਿਉਂਦਾ ਜਾਗਦਾ ਬਹੁਤ ਵਡਾ ਬੱਬਰ ਸ਼ੇਰ ਰਖਿਆ ਸੀ ਦੁਰਗਾ ਦੀ ਸਵਾਰੀ ਵਾਸਤੇ। ਜੋ ਬਹੁਤ ਵਡੇ ਡੀਲ ਡੌਲ ਵਾਲਾ ਸੀ। ਸਪੈਦੇ ਦੇ ਬਹੁਤ ਹੀ ਭਾਰੇ ਭਾਰੇ ਰੁੱਖ ਓਸ ਵੇਲੇ, ਸੁਕੇਤ ਦੀ ਸ਼ਾਹੀ ਸੜਕ ਤੇ ਵੇਖੇ ਸਨ। ਅਤੇ ਨਾਲ ਹੀ ਵੇਖੀ ਸੀ - ਕੁੱਤੇ ਦੀ, ਸੰਗਮਰਮਰ ਦੀ ਸਮਾਧੀ।

ਬੇਹੱਦ ਸ਼ਾਂਤ ਮਾਹੌਲ। ਪਹਾੜਾਂ ਦੇ ਵਿਚਾਲੇ ਘਿਰੀ ਬਾਗ਼ ਬਗ਼ੀਚੇ ਅਤੇ ਖੇਤੀ ਵਾਸਤੇ ਬਹੁਤ ਵੱਡੀ ਪੱਧਰ ਵੈਲੀ। ਸ਼ਾਇਦ ਏਡੀ ਵਡੀ ਵੈਲੀ ਹੋਰ ਕਿਸੇ ਵੀ ਪਹਾੜ ਵਿਚ ਨਹੀਂ ਸੀ। ਬਘੂਗੋਸ਼ਾ, ਆਲੂ ਬੁਖਾਰਾ, ਖੁਰਮਾਨੀ, ਅਖਰੋਟ, ਸੇਬ ਤੇ ਜਾਪਾਨੀ ਫਲ। ਬੂਟੀਆਂ ਚਿੜਕ-ਵੜਿੰਗ, ਗਰਸ਼ਿਰਮਰ, ਤੇਜ ਬਲ, ਪਤਾ ਨਹੀਂ ਹੋਰ ਕੀ ਕੀ। ਸਭ ਬੇਸ ਕੀਮਤ ਜੜੀ ਬੂਟੀਆਂ ਏਨਾਂ ਹੀ ਪਹਾੜਾਂ ਦੀ ਉਪਜ ਸਨ। ਏਹ ਵੈਲੀ ਹੁਣ ਝੀਲਾਂ ਨਹਿਰਾਂ ਤੇ ਡਰੇਨਾਂ ਵਿਚ ਬਦਲ ਚੁੱਕੀ ਹੈ। ਏਸ ਤੋਂ ਅਗੇ ਰਿਆਸਤ ਮੰਡੀ ਦੀ ਬਹੁਤ ਵਡੀ ਰੌਣਕ।

ਓਸ ਵੇਲੇ ਸਫਰ ਮੋਟਰਾਂ ਉਤੇ ਵੀ ਏਨਾਂ ਸੌਖਾ ਨਹੀਂ ਸੀ। ਸੜਕਾਂ ਮੋਟੇ ਮੋਟੇ ਪੱਥਰ ਕੂਟ ਕੇ ਹੀ ਬਣਾਈਆਂ ਜਾਂਦੀਆਂ ਸਨ। ਲੁਕ ਦਾ ਸਾਰੇ ਭਾਰਤ ਵਿਚ ਸੁਪਨਾ ਵੀ ਨਹੀਂ ਸੀ। ਜਰਨੈਲੀ ਸੜਕ ਤੋਂ ਬਿਨਾਂ ਸਾਰੇ ਹੀ ਭਾਰਤ ਦੀਆਂ ਸਿੰਗਲ ਸੜਕਾਂ। ਫੇਰ ਪਹਾੜਾਂ ਵਿਚ ਤਾਂ ਮਸਾਂ ਮਸਾਂ ਹੀ ਪਹਾੜ ਕਟ ਕਟ ਕੇ ਥੋੜੀ ਬਹੁਤ ਥਾਂ ਤਿਆਰ ਕੀਤੀ ਜਾਂਦੀ ਸੀ।

ਸੁਭਾ ੬ ਵਜੇ ਦੋਹਾਂ ਪਾਸਿਆਂ ਤੋਂ ਕਾਰਾਂ ਤੇ ਬਸਾਂ ਦੇ ਕਾਫ਼ਲੇ ਚਲ ਪੈਂਦੇ। ਠੀਕ ੧੧ ਵਜੇ ਇਕ ਖਾਸ ਬੈਰੀਅਰ ਤੇ ਜਾ ਕੇ ਰੁਕਦੇ। ਦੋਹਾਂ ਪਾਸਿਆਂ ਦੀ ਰਹਿੰਦ ਖੂੰਹਦ ਨੂੰ ਏਥੇ ਉਡੀਕਣਾ ਪੈਂਦਾ ਸੀ। ਅਤੇ ਏਥੇ ਹੀ ਅਸੀਂ ਦਰਿਆ ਉਤੇ ਜਾ ਕੇ ਮੂੰਹ ਹੱਥ ਧੋਤਾ। ਕੁਝ ਖਾਧਾ ਪੀਤਾ।

ਤੁਹਾਨੂੰ ਮੈਂ ਇਕ ਨਵੀਂ ਗੱਲ ਦੱਸਾਂ, ਅਸੀਂ ਜਿੰਨੇ ਵੀ ਏਸ ਜਥੇ ਵਿਚ ਸ਼ਾਮਲ ਸਾਂ ਸਾਰੇ ਹੀ ਵੱਡੇ ਸੋਧੀ ਸਾਂ। ਮੈਂ ਵੀ ਤੇ ਬੇਅੰਤ ਜੀ ਵੀ। ਵੱਡੀ ਸੋਧ ਹੀ ਓਸ ਵੇਲੇ ਸਾਧ ਸੰਗਤ ਤੇ ਸ੍ਰੀ ਸਤਿਗੁਰੂ ਜੀ ਦੀ ਸ਼ਾਨ ਸੀ।

ਜਦੋਂ ਔਣ ਤੇ ਜਾਣ ਵਾਲੀਆਂ ਸਾਰੀਆਂ ਗੱਡੀਆਂ ਦੀ ਉਡੀਕ ਮੁੱਕ ਗਈ ਤਾਂ ਬੈਰੀਅਰ ਵਾਲਿਆਂ ਹਰੀ ਝੰਡੀ ਦੇ ਦਿਤੀ। ਫੇਰ ਜਾਣ ਵਾਲੀਆਂ ਗੱਡੀਆਂ ਨੇ ਉਤਾਂਹ ਨੂੰ ਅਤੇ ਔਣ ਵਾਲੀਆਂ ਗੱਡੀਆਂ ਨੇ ਹੇਠਾਂ ਨੂੰ ਖਿਸਕਣਾ ਸ਼ੁਰੂ ਕਰ ਦਿਤਾ। ਕਿਸੇ ਖਾਸ ਵਜ੍ਹਾ ਕਰਕੇ ਸਫ਼ਰ ਦੇ ਵਿਚਾਲੇ ਕੋਈ ਕਾਰ ਜਾਂ ਬੱਸ ਫ਼ਸ ਜਾਂਦੀ, ਓਸ ਦਾ ਤਾਂ ਰੱਬ ਹੀ ਵਾਲੀ ਹੁੰਦਾ। ਹਰ ਚੌੜੇ ਮੋੜ ਉਤੇ ਪਾਂ ਪਾਂ ਦੀ ਆਵਾਜ਼ ਸੁਣਕੇ, ਓਸ ਨੂੰ ਰੁਕਣਾ ਪੈਂਦਾ ਤੇ ਅੱਧ ਵਿਚ ਜਾ ਕੇ ਅਗਲੇ ਦਿਨ ਦੀ ਉਡੀਕ ਕਰਨੀ ਪੈਂਦੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ, ਭਾਈ ਵਜ਼ੀਰ ਸਿੰਘ ਜੀ ਰਤਨ ਸਿੰਘ ਲਾਂਗਰੀ, ਮੈਂ ਅਤੇ ਸ੍ਰੀ ਬੇਅੰਤ ਜੀ! ਸੰਤ ਮੋਹਣ ਸਿੰਘ ਜੀ ਅਤੇ ਓਹਨਾਂ ਦਾ ਇਕ ਸੇਵਕ - ਬਸ ਏਨੇ ਹੀ ਆਦਮੀ ਸਾਂ ਬਸ ਦੇ ਹਮਸਫ਼ਰ। ਦਰਿਆ ਬਿਆਸਾ ਦੇ ਨਾਲ ਨਾਲ ਰਿਆਸਤ ਮੰਡੀ ਵਲ ਵਧਦੇ ਚਲੇ ਜਾ ਰਹੇ ਸਾਂ। ਸ਼ਹਿਰ ਦੇ ਬਿਲਕੁਲ ਨੇੜੇ ਦਰਿਆ ਦੇ ਕੰਢੇ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਗੁਰਦੁਆਰਾ ਹੈ। ਅਸੀਂ ਓਥੇ ਹੀ ਉਤਰ ਖਲੋਤੇ। ਗੁਰਦੁਆਰੇ ਵਿਚ ਗੁਰੂ ਜੀ ਦੀ ਇਕ ਤੋੜੇਦਾਰ ਬੰਦੂਕ ਪਈ ਹੈ। ਬੇਹੱਦ ਵਜ਼ਨੀ

ਤੇ ਨਾਲੀ ਪੰਜ ਫੁਟ ਦੇ ਕਰੀਬ। ਸਤਿਗੁਰੂ ਜੀ ਨੇ ਸਾਨੂੰ ਓਹ ਚਕ ਕੇ ਵਿਖਾਈ ਅਤੇ ਸਿਸਤ ਲੈ ਕੇ ਦਸਿਆ ਕਿ ਏਸ ਦਾ ਨਿਸ਼ਾਨਾ ਕਿਵੇਂ ਲਿਆ ਜਾਂਦਾ ਹੈ।

ਸੰਤ ਵਤਨ ਸਿੰਘ ਜ਼ੀ ਏਥੋਂ ਦੇ ਗ੍ਰੰਥੀ ਸਨ, ਜੋ ਬਹੁਤ ਹੀ ਸ਼ਾਂਤ ਸੁਭਾ ਤੇ ਸਤਿਗੁਰੂ ਜੀ ਦੇ ਸ਼ਰਧਾਲੂ ਸਨ। ਓਹਨਾਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੀਆਂ ਕਈ ਸਾਖੀਆਂ ਸੁਣਾਈਆਂ, ਜੋ ਮੰਡੀ ਨਾਲ ਸੰਬੰਧਤ ਸਨ।

ਸ਼ਹਿਰ ਵਿਚ ਮੋਟੇ ਤਾਰਾਂ ਦੇ ਰਸਿਆਂ ਉਤੇ ਸ਼ਤੀਰੀਆਂ ਟਿਕਾ ਕੇ, ਝੂਲਦੇ ਪੁਲ ਬਣੇ ਹੋਏ ਸਨ, ਦਰਿਆ ਬਿਆਸਾ ਤੇ ਅਤੇ ਛੋਟੇ ਮੋਟੇ ਨਦੀਆਂ ਨਾਲਿਆਂ ਉਤੇ ਓਸ ਵੇਲੇ ਝੂਲਣੇ ਪੁਲ ਹੀ ਬਣਦੇ ਸਨ। ਕੋਈ ਭਾਰੀ ਚੀਜ਼ ਉਤੋਂ ਦੀ ਲੰਘੇ ਤਾਂ ਪੁਲ ਪੀਂਘ ਦੀ ਤਰ੍ਹਾਂ ਝੂਟੇ ਦਿੰਦੇ ਮਾਲੂਮ ਹੁੰਦੇ ਸਨ। ਵਡੇ ਪੁਲਾਂ ਉਤੋਂ, ਫੀ ਸਵਾਰੀ, ਟੋਲ ਟੈਕਸ ਦੇ ਕੇ ਲੰਘਣਾ ਪੈਂਦਾ ਸੀ। ਸਾਰੇ ਹੀ ਪਹਾੜਾਂ ਵਿਚ ਅਜੇਹੇ ਪੁਲ ਹੀ ਬਣਦੇ ਸਨ।

ਮਨਾਲੀ ਤਕ ਦਾ ਬੇਹੱਦ ਲੰਮਾ ਸਫਰ ਦਰਿਆ ਦੀਆਂ ਲਹਿਰਾਂ ਉਚੀਆਂ ਨੀਵੀਆਂ ਪਹਾੜੀਆਂ ਅਤੇ ਪਹਾੜੀਆਂ ਉਤੇ ਬਣੇ ਛੋਟੇ ਛੋਟੇ ਰਜਵਾੜਿਆਂ ਦੇ ਕਿਲੇ। ਜੋ ਹੁਣ ਬੇ-ਆਬਾਦ ਹੈਨ। ਏਹ ਕਿਲੇ ਬਹੁਤ ਉਚੀਆਂ ਉਚੀਆਂ ਪਹਾੜੀਆਂ ਉਤੇ ਬਣੇ ਹੋਏ ਹੈਨ। ਜਿਨਾਂ ਉਤੇ ਖਾਸ ਰਸਤਿਆਂ ਤੋਂ ਬਿਨਾਂ ਕੇਵਲ ਬਾਂਦਰ ਹੀ ਓਥੇ ਜਾ ਸਕਦੇ ਸਨ। ਅਤੇ ਅੱਜ ਓਹ ਬੇ-ਆਬਾਦ ਕਿਲੇ ਬਾਂਦਰਾਂ ਦੀਆਂ ਅਤੇ ਲੰਗੂਰਾਂ ਦੀਆਂ ਰਿਹੈਸ਼ਗਾਹਾਂ ਬਣ ਕੇ ਰਹਿ ਗਈਆਂ ਹੈਨ।

ਕਿਲਿਆਂ ਉਤੇ ਜਦੋਂ ਬਾਂਦਰਾਂ ਨੂੰ ਆਪਣੇ ਬਚਿਆਂ ਨਾਲ ਖੇਡਦਿਆਂ ਵੇਖਦੇ – ਅਸੀਂ ਇਕ ਦੂਸਰੇ ਨੂੰ ਇਸ਼ਾਰਿਆਂ ਨਾਲ ਹੀ ਦੱਸ ਦਿੰਦੇ।

ਰਾਤ ਮੰਡੀ ਰਹਿ ਕੇ ਸੁਬਹ ਸੁਵਖਤੇ ਪਹਿਲੀ ਬਸ ਰਾਹੀਂ ਕੁੱਲੂ ਨੂੰ ਚਾਲੇ ਪਾ ਦਿਤੇ। ਰਸਤਾ ਤਾਂ ਬਹੁਤ ਡਰਾਵਣਾ ਸੀ। ਤਿਖੇ ਮੋੜ, ਉਚੀਆਂ ਨੀਵੀਆਂ ਘਾਟੀਆਂ। ਤੇਜ਼ ਰਫ਼ਤਾਰ ਬਸਾਂ, ਤੇ ਸਿੰਗਲ ਸੜਕਾਂ। ਓਹ ਵੀ ਪੈਰਾਂ ਭਾਰ ਰੱਖਕੇ ਆਪਣੇ ਆਪ ਨੂੰ ਸੰਤੁਲਤ ਬਣੌਣਾਂ ਪੈਂਦਾ ਸੀ, ਨਹੀਂ ਤਾਂ ਸੀਟ ਤੋਂ ਹੇਠਾਂ ਡਿਗ ਪੈਣਾ ਮਾਮੂਲੀ ਗੱਲ ਸੀ। ਪਰ ਸਾਡੇ ਵਾਸਤੇ ਦੋ ਸਹੂਲਤਾਂ ਸਭ ਤੋਂ ਵਧੀਆ ਸਨ – ਇਕ ਤਾਂ ਬੱਸ ਦੀਆਂ ਅਗਲੀਆਂ ਸੀਟਾਂ ਸਾਡੇ ਵਾਸਤੇ ਰੀਜ਼ਰਵ ਹੋ ਜਾਂਦੀਆਂ ਤੇ ਦੂਸਰੇ ਸ੍ਰੀ ਸਤਿਗੁਰੂ ਜੀ ਦੀ ਛਾਂ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਏਨੀ ਪ੍ਰਭਾਵੀ ਸੀ ਕਿ ਸਾਹਮਣੇ ਜਾਂ ਬ੍ਰਾਬਰ ਬੈਠਣ ਵਿਚ ਹਮੇਸ਼ਾਂ ਝਿਜਕ ਬਣੀ ਰਹਿੰਦੀ। ਮੇਰੀ ਤੇ ਬੇਅੰਤ ਜੀ ਦੀ ਹਮੇਸ਼ਾਂ ਭਾਈ ਵਜ਼ੀਰ ਸਿੰਘ ਜੀ ਦੇ ਪਿਛੇ ਬੈਠਣ ਦੀ ਕੋਸ਼ਸ਼ ਹੁੰਦੀ। ਭਾਈ ਜੀ ਸਾਨੂੰ ਪਿਆਰ ਵੀ ਬਹੁਤ ਕਰਦੇ ਸਨ ਤੇ ਬੱਚੇ ਸਮਝ ਕੇ ਸਾਡੀਆਂ ਨਿਕੀਆਂ ਨਿਕੀਆਂ ਗਲਾਂ ਨੂੰ ਨਜ਼ਰ ਅੰਦਾਜ਼ ਵੀ ਕਰਦੇ ਰਹਿੰਦੇ ਸਨ। ਸਾਡੇ ਨਾਲ ਹਮੇਸ਼ਾਂ ਹਸਦੇ ਖੇਡਦੇ ਰਹਿੰਦੇ, ਜਿਸ ਵਾਸਤੇ ਓਹਨਾਂ ਦੀ ਕਮਰ ਦੀ ਛਾਂ, ਸਾਡੀ ਹਮੇਸ਼ਾਂ ਮਨ ਭਾਂਵਦੀ ਜਗ੍ਹਾ ਹੁੰਦੀ। ਸਤਿਗੁਰੂ ਜੀ ਨੂੰ ਭਾਈ ਜੀ ਕਦੇ ਕਦੇ ਦੱਸ ਵੀ ਦਿੰਦੇ ਕਿ ਅਸੀਂ ਕੀ ਕਰ ਰਹੇ ਹਾਂ। ਬੱਚੇ ਤਾਂ ਬੱਚੇ ਹੀ ਹੁੰਦੇ ਨੇ, ਏਹ ਸਤਿਗੁਰੂ ਜੀ ਅਛੀ ਤਰ੍ਹਾਂ ਜਾਣਦੇ ਸਨ।

ਪਹਾੜੀ ਸੜਕਾਂ ਤੇ ਬਸਾਂ ਦੀ ਦਿਲਚਸਪ ਗੱਲ – ਜੋ ਮੈਨੂੰ ਪਹਿਲਾਂ ਦਸਣੀ ਚਾਹੀਦੀ ਸੀ, ਸਭ ਤੋਂ ਪਿਛੋਂ ਦਸ ਰਿਹਾਂ।

ਪਹਿਲੇ ਦਿਨ ਅਸੀਂ ਕੁੱਲੂ ਹੀ ਰਹੇ। ਓਥੇ ਕਿਸੇ ਨੇ ਦੋ ਰਿਛ ਦੇ ਬੱਚੇ ਪਾਲ ਰਖੇ ਸਨ। ਸਿਆਹ ਕਾਲੇ ਰਿਛ। ਅਸੀਂ ਸੁਣ ਰਖਿਆ ਸੀ ਕਿ ਰਿਛ ਰੁਖਾਂ ਉਤੇ ਪੁਠਾ ਹੀ

ਚੜ੍ਹਦਾ ਹੈ ਹਮੇਸ਼ਾ। ਜਦੋਂ ਸਤਿਗੁਰੂ ਜੀ ਕੋਲ ਮੈਂ ਇਹ ਅਰਜ਼ ਕੀਤੀ – ਤਾਂ ਉਹਨਾਂ ਕਿਹਾ –

ਆਹ ਵੇਖ, ਰਿਛ ਦੇ ਦੋਵੇਂ ਬੱਚੇ, ਸਿਧੇ ਵੀ ਤੇ ਪੁਠੇ ਵੀ ਉਤਰ ਚੜ੍ਹ ਰਹੇ ਹੈਨ ਰੁਖ ਉਤੇ। ਏਹਨਾਂ ਨੂੰ ਕੋਈ ਪ੍ਰਵਾਹ ਨਹੀਂ ਕਿਸੇ ਉਤਰਨ ਚੜ੍ਹਨ ਦੀ। ਤੁਹਾਨੂੰ ਇਕ ਨਵੀਂ ਗਲ ਦੱਸਾਂ? ਸ੍ਰੀ ਸਤਿਗੁਰੂ ਜੀ ਕਿਹਾ —

ਪਸ਼ਮ ਕਿਤਨੀ ਮਹਿੰਗੀ ਚੀਜ਼ ਹੈ। ਓਢਣ ਵਾਸਤੇ ਅਜ ਵੀ ਏਸ ਤੋਂ ਕੋਈ ਮਹਿੰਗੀ ਵਸਤੂ ਨਹੀਂ। ਏਹਨਾਂ ਬਰਫੀਲੇ ਪਹਾੜਾਂ ਵਿਚ ਜਿੰਨੇ ਵੀ ਜਾਨਵਰ ਰਹਿੰਦੇ ਹੈਨ – ਕੁੱਤੇ, ਬਘਿਆੜ, ਗਿਦੜ, ਲੂੰਬੜ, ਰਿਛ, ਏਥੋਂ ਤਕ ਕਿ ਗਲਹਿਰੀ ਤੇ ਚੂਹੇ ਅਤੇ ਸਹੇ – ਸਿਆਲ ਵਿਚ ਸਭ ਦੇ ਵਾਲਾਂ ਵਿਚ ਪਸ਼ਮ ਪੈਦਾ ਹੋ ਜਾਂਦੀ ਹੈ। ਭੇਡ ਬਕਰੀ ਦੇ ਮੋਟੇ ਵਾਲਾਂ ਵਿਚ ਵੀ ਪਸ਼ਮ ਏਸ ਤਰ੍ਹਾਂ ਵਧਣ ਫੁੱਲਣ ਲਗਦੀ ਹੈ – ਜਿਵੇਂ ਕਿਕਰਾਂ ਬੇਰੀਆਂ ਵਿਚ ਅਮਰ ਵੇਲਾਂ। ਜੇ ਏਹ ਪਛਮ ਸਾਰੀ ਦੀ ਸਾਰੀ ਕਿਤੇ ਸਾਂਭੀ ਜਾ ਸਕਦੀ ਹੁੰਦੀ, ਤਾਂ ਹਰ ਕੋਈ ਏਸ ਦੀਆਂ ਚਾਦਰਾਂ ਤੇ ਜਰਸੀਆਂ ਹੰਢਾ ਸਕਦਾ ਸੀ। ਏਹ ਆਪੇ ਹੀ ਸਿਆਲ ਵਿਚ ਪੈਦਾ ਹੋ ਕੇ ਜਾਨਵਰਾਂ ਨੂੰ ਗਰਮੀ ਪਹੁੰਚਾਂਦੀ ਹੈ। ਅਤੇ ਗਰਮੀਆਂ ਵਿਚ ਆਪੇ ਹੀ ਝੜ ਜਾਂਦੀ ਹੈ।

ਔਹ ਵੇਖੋ ਕੁੱਤਾ ਕਾਲਾ ਹੈ ਤੇ ਏਸ ਦੇ ਵਾਲਾਂ-ਵਿਚ ਫਸੀ ਪਸ਼ਮ ਕਿਤਨੀ ਵਧੀਆ ਹੈ। ਪਰ ਏਹ ਸਭ ਬੇਕਾਰ ਹੀ ਚਲੀ ਜਾਂਦੀ ਹੈ। ਕੁੱਤਾ ਸੰਗਲ ਨਾਲ ਬੱਧਾ ਭਾਵੇਂ ਸਾਡੇ ਸਾਹਮਣੇ ਹੀ ਖਲੋਤਾ ਸੀ, ਪਰ ਪਸ਼ਮ ਸਤਿਗੁਰੂ ਜੀ ਦੇ ਵਿਖਾਇਆਂ ਹੀ ਸਾਨੂੰ ਦਿੱਸੀ।

ਸਤਿਗੁਰੂ ਜੀ ਨੇ ਸਾਨੂੰ ਇਕ ਗੱਲ ਹੋਰ ਵੀ ਦੱਸੀ! ਪਹਾੜੀ ਕੁੱਤਿਆਂ ਦੇ ਗਲਾਂ ਵਿਚ ਪਟੇ, ਲੋਹੇ ਦੇ ਕੰਡਿਆਂ ਵਾਲੇ ਪਾਏ ਹੋਏ ਹੁੰਦੇ ਹੈਨ। ਜਿਸ ਕਰਕੇ ਚਿਤ੍ਰੇ ਤੋਂ ਏਸ ਦੀ ਕੁਝ ਬਚਤ ਹੋ ਜਾਂਦੀ ਹੈ। ਘਰਾਂ ਵਿਚ ਕੁੱਤੇ ਰਾਖੀ ਵਾਸਤੇ ਜ਼ਰੂਰੀ ਹੈਨ। ਅਤੇ ਚਿਤ੍ਰੇ ਦਾ ਪਹਿਲਾ ਨਿਸ਼ਾਨਾ ਕੁੱਤਾ ਹੁੰਦਾ ਹੈ। ਜੋ ਓਸ ਦਾ ਮਨ ਭੌਂਦਾ ਖਾਜਾ ਹੈ। ਅਜਕਲ੍ਹ ਦੇ ਗੰਨ-ਮੈਨਾਂ ਦੀ ਤਰ੍ਹਾਂ ਕੁੱਤਾ ਵੀ ਭੇਡਾਂ ਬਕਰੀਆਂ ਦਾ ਪਹਿਰੇਦਾਰ ਹੁੰਦਾ ਹੈ। ਆਦਤ ਮੁਤਾਬਕ ਚਿਤ੍ਰਾ ਕੁਤੇ ਨੂੰ ਗਲ ਤੋਂ ਹੀ ਫੜਦਾ ਹੈ। ਜਦੋਂ ਮੂੰਹ ਵਿਚ ਕੰਡੇ ਖੁਭਦੇ ਹੈਨ ਤਾਂ ਓਹ ਕੁੱਤੇ ਨੂੰ ਛਡ ਕੇ ਕਿਸੇ ਹੋਰ ਸ਼ਿਕਾਰ ਦੀ ਤਲਾਸ਼ ਵਿਚ ਨਿਕਲ ਪੈਂਦਾ ਹੈ।

ਬੱਚੇ ਜੋ ਸਾਂ, ਅਸੀਂ ਏਹ ਨਵੀਂ ਵਾਕਫ਼ੀ ਸੁਣ ਸੁਣ ਕੇ ਹੈਰਾਨ ਹੋ ਰਹੇ ਸਾਂ।

ਮੈਂ ਬਹੁਤ ਅਗੇ ਲੰਘ ਆਇਆ ਹਾਂ। ਪਿਛਲੀ ਸੰਗਤ ਦੀ ਗੱਲ ਤਾਂ ਦੱਸਣੀ ਭੁੱਲ ਹੀ ਗਿਆ ਸਾਂ। ਪਿਛਲੇ ਬੱਚੇ ਅਤੇ ਵਲਭ ਜੀ ਮਾਸਟਰ ਬਲਵੰਤ ਸਿੰਘ ਜੀ ਅਤੇ ਗੁਰਬਖਸ਼ ਸਿੰਘ ਅਮਲੀ ਦੀ ਨਿਗਰਾਨੀ ਹੇਠ ਪਾਲਮਪੁਰ ਦੀਆਂ ਬੀਥੀਆਂ ਹੀ ਕਛ ਰਹੇ ਸਨ। ਜਦੋਂ ਅਸੀਂ ਵਾਪਸ ਆਏ ਤਾਂ ਵਲਭ ਜੀ (ਮਹਾਰਾਜ ਬੀਰ ਸਿੰਘ ਜੀ) ਅਤੇ ਦਲੀਪ ਸਿੰਘ ਹੁਰਾਂ ਦਸਿਆ, ਤੁਹਾਡੇ ਪਿਛੋਂ, ਅਸੀਂ ਪੱਕੀ ਹੋਈ ਰਸੌਂਤ ਬਹੁਤ ਖਾਧੀ। ਏਹ ਫਲ ਓਥੇ ਸਭ ਤੋਂ ਵਧ ਸੀ, ਜੋ ਬੱਚਿਆਂ ਦੇ ਖਾਣ ਵਾਸਤੇ ਸਭ ਤੋਂ ਵਧੀਆ, ਖ਼ੁਸ਼ਨਸਫ਼ਾ, ਖੱਟੀ ਮਿਠੀ ਮਿਠਿਆਈ ਸੀ। ਚੀਲਾਂ ਦੇ ਜੰਗਲਾਂ ਵਿਚ ਵਗਦੇ ਝਰਨੇ, ਗੋਮੁਖ ਤੇ ਹਾਥੀ ਸ਼ੇਰਾਂ ਦੇ ਮੂੰਹਾਂ ਵਿਚੋਂ ਦੀ ਨਿਕਲਦਾ ਪਾਣੀ ਬਹੁਤ ਹੀ ਆਕਰਸ਼ਕ ਦ੍ਰਿਸ਼ ਪੇਸ਼ ਕਰਦੇ ਸਨ। ਵਿੰਗੀਆਂ ਟੇਢੀਆਂ ਉਤਾਂਹ ਹੇਠਾਂ ਨੂੰ ਵਗਦੀਆਂ ਪਾਣੀ ਦੀਆਂ ਕੂਹਲਾਂ ਝਰਨੇ ਤੇ ਬੌਲੀਆ ਅਤੇ ਬੌਲੀਆਂ ਵਿਚ ਤਰਦੀਆਂ ਨਿਕੀਆਂ ਨਿਕੀਆਂ ਰੰਗ ਬਰੰਗੀਆਂ ਮੱਛੀਆਂ। ਏਹ ਏਨੀਆਂ ਸੋਹਣੀਆਂ ਤਾਂ ਹੀ ਲਗਦੀਆਂ ਹੈਨ ਜੇ ਅਸੀਂ ਛੋਟੇ ਛੋਟੇ ਹੋਈਏ, ਮੈਂ ਤੇ

ਬੇਅੰਤ ਜੀ ਨੇ ਓਹਨਾਂ ਤੋਂ ਪੁਛਿਆ –

ਤੁਸੀਂ ਬੌਲੀਆਂ ਦਾ ਪਾਣੀ ਵੀ ਪੀਤਾ ਹੋਣਾ ਏਂ ਜਿੰਨ੍ਹਾਂ ਵਿਚ ਮੱਛੀਆਂ ਤਰਦੀਆਂ ਸਨ ਤਾਂ ਸਾਰਿਆਂ ਇਕ ਆਵਾਜ਼ ਵਿਚ ਹੋ ਕੇ ਕਿਹਾ —

ਓਹ ਪਾਣੀ ਏਨਾ ਸੁਆਦ ਸੀ ਕਿ ਪੁਛੋ ਕੁਝ ਨਾ। ਪੀਤਿਆਂ ਹੀ ਸੁਆਦ ਦਾ ਪਤਾ ਲਗਦਾ ਹੈ। ਠੰਢਾ ਮਿਠਾ ਤੇ ਸੀਤਲ ਜਲ।

ਅਸੀਂ ਕਿਹਾ – ਸੁਆਦ ਤਾਂ ਹੋਣਾ ਹੀ ਸੀ। ਮੱਛੀਆਂ ਦਾ ਮੂਤ ਜੋ ਸੀ?

ਹੂੰਹ, ਮੂਤ ਕਿਵੇਂ?

ਅਸੀਂ ਕਿਹਾ ਹੋਰ ਮੱਛੀਆਂ ਬਾਹਰ ਮੂਤ ਕੇ ਔਂਦੀਆਂ ਸਨ?

ਹੂੰਹ, ਕਿਡੀਆਂ ਗੱਲਾਂ ਔਂਦੀਆਂ ਨੇ। ਤੁਸੀਂ ਵੀ ਹੁਣ ਏਹੋ ਪਾਣੀ ਪੀਓਗੇ, ਦਲੀਪ ਸਿੰਘ ਆਖਿਆ;।

ਅਸੀਂ ਨੇੜੇ ਤੇੜੇ ਦੇ ਸਾਰੇ ਪਿੰਡ ਪਹਾੜੀਆਂ ਤੇ ਮੰਦਰ ਗਾਹ ਮਾਰੇ। ਅਤੇ ਨਾਲ ਹੀ ਵਧੀਆ ਵਧੀਆ ਕਈ ਤਰਾਂ ਦੇ ਜੰਗਲੀ ਫਲ ਖਾਧੇ।

ਏਹ ਸਭ ਕੁਝ ਦੱਸਣ ਦਾ ਮਤਲਬ ਓਹਨਾਂ ਦਾ ਏਹ ਸੀ ਕਿ ਅਸੀਂ ਵੀ ਤੁਹਾਡੇ ਤੋਂ ਘਾਟੇ ਵਿਚ ਨਹੀਂ ਰਹੇ। ਸਗੋਂ ਫਾਇਦੇ ਵਿਚ ਹੀ ਰਹੇ ਸਾਂ।

ਸ੍ਰੀ ਸਤਿਗੁਰੂ ਜੀ ਸਮੇਤ ਅਸੀਂ ਤਾਂ ਹਰਾਵਲ ਦਸਤੇ ਦਾ ਹੀ ਕੰਮ ਕਰ ਰਹੇ ਸਾਂ। ਜਗ੍ਹਾ ਪਸੰਦ ਔਣ ਤੇ ਹੀ ਸੰਤ ਮੰਡਲੀ ਨੂੰ ਸਦਿਆ ਜਾਣਾ ਸੀ।

ਮਨਾਲੀ ਓਸ ਵੇਲੇ ਇਕ ਜੰਗਲ ਦਾ ਹੀ ਦ੍ਰਿਸ਼ ਪੇਸ਼ ਕਰਦੀ ਸੀ। ਸਾਨੂੰ ਰਿਹੈਸ਼ ਵਾਸਤੇ ਮਹਿਕਮਾ ਜੰਗਲਾਤ ਦਾ ਡਾਕ ਬੰਗਲਾ ਮਿਲ ਗਿਆ ਸੀ ਜੋ ਦੇਵਦਾਰ ਦੇ ਰੁੱਖਾਂ ਨਾਲ ਚੁਫੇਰਿਓ ਘਿਰਿਆ ਹੋਇਆ ਸੀ। ਦਰਿਆ ਬਿਆਸਾ ਦਾ ਕਿਨਾਰਾ, ਸ਼ਾਂ-ਸ਼ਾਂ ਕਰਦੇ ਦਿਆਰ, ਦੇਵਦਾਰ, ਤੇ ਸੀ ਦਿਆਰ ਅਤੇ ਓਕ। ਅੱਜ ਦੀ ਮਨਾਲੀ ਤਾਂ ਏਸ ਤਰ੍ਹਾਂ ਹੋਈ ਪਈ ਹੈ- ਜਿਵੇਂ ਕਿਸੇ ਆਦਮੀ ਦਾ ਕ੍ਰਿਆ ਕਰਮ ਕਰਵਾ ਕੇ ਹਰੀਦਵਾਰ ਤੋਂ ਮੁੜਦੇ ਹੋਏ ਰਿਸ਼ਤੇਦਾਰਾਂ ਦੀ ਪਾਰਟੀ। ਜਿੰਨ੍ਹਾਂ ਦੇ ਮੂੰਹ ਸਿਰ ਭੱਦਣ ਕਰਨ ਪਿਛੋਂ ਤੱਛ-ਮੁੱਛ ਕੇ ਜੱਟ ਦੇ ਹਲ ਦੇ ਮੁੰਨੇ ਵਰਗਾ ਕੀਤਾ ਹੁੰਦਾ ਹੈ। ਪਹਾੜ ਅਸਲੋਂ ਘੋਨ-ਮੋਨ ਅਤੇ ਸੁੰਨੇ ਸੁੰਨੇ। ਪਰ ਓਸ ਵੇਲੇ ਕਿਸੇ ਦੀ ਕੋਠੀ ਦਾ ਬੂਹਾ ਜਾਂ ਘਰ ਬਾਜ਼ਾਰ ਓਦੋਂ ਹੀ ਲਭਦਾ ਸੀ, ਜਦੋਂ ਓਸ ਵਿਚ ਜਾ ਕੇ ਦਾਖਲ ਹੋਈਦਾ ਸੀ। ਨਹੀਂ ਤਾਂ ਸਭ ਜੰਗਲ ਦਾ ਹੀ ਰੂਪ ਬਣੀ ਹੋਈ ਸੀ ਮਨਾਲੀ।

ਨਿਤਨੇਮ ਵਾਸਤੇ ਸਾਨੂੰ ਇਕ ਕੋਠੀ ਦੀ ਦੱਸ ਪਈ, ਜੋ ਦਰਿਆਓਂ ਪਾਰ, ਉਚੀ ਜਗ੍ਹਾ ਉਤੇ, ਸੇਬਾਂ ਦੇ ਬਾਗ਼ ਵਿਚ ਬਣੀ ਹੋਈ ਸੀ। ਸਤਿਗੁਰੂ ਜੀ ਨੂੰ ਕੋਠੀ ਅਤੇ ਬਾਗ ਬਹੁਤ ਪਸੰਦ ਆਏ। ਪਰ ਮਾਲਕ ਨੇ ਇਕ ਸ਼ਰਤ ਰਖ ਦਿਤੀ —

ਸੇਬਾਂ,ਦੇ ਪੱਕਣ ਦਾ ਮੌਸਮ ਨੇੜੇ ਆ ਰਿਹਾ ਹੈ। ਜਦੋਂ ਸੇਬ ਪੱਕ ਗਏ – ਕੋਠੀ ਖਾਲੀ ਕਰਨੀ ਹੋਵੇਗੀ। ਪਰ ਏਹ ਸ਼ਰਤ ਸਾਨੂੰ ਮਨਜ਼ੂਰ ਨਹੀਂ ਸੀ। ਅਸੀਂ ਸ਼ੁਰੂ ਕੀਤੇ ਜਪ ਪ੍ਰਯੋਗ ਨੂੰ ਅਧੂਰਾ ਕਿਵੇਂ ਛਡ ਸਕਦੇ ਸਾਂ।

ਦੁਪਹਿਰ ਢਲ ਰਹੀ ਸੀ, ਅਤੇ ਅਸੀਂ ਕੋਠੀ ਤੋਂ ਵਾਪਸ ਪਰਤ ਰਹੇ ਸਾਂ। ਸੇਬ ਦੇ ਰੁਖ ਉਤੇ ਫਲ ਏਸੇ ਤਰਾਂ ਔਂਦਾ ਹੈ — ਜਿਵੇਂ ਉਮਰਾਨ ਬੇਰੀ ਉਤੇ ਬੇਰ। ਸੇਬਾਂ ਨਾਲ ਡਾਹਣੀਆਂ ਝੁਕ ਕੇ ਨੀਵੀਆਂ ਹੋ ਰਹੀਆਂ ਸਨ। ਵੇਖਣ ਵਾਲੇ ਨੂੰ ਕਵੀ ਰਾਜ ਬਿਹਾਰੀ ਦੀ ਸਤਸਈ ਦਾ ਦੋਹਾ ਯਾਦ ਆ ਰਿਹਾ ਸੀ – ਜੋ ਉਸ ਨੇ ਉਦੇਪੁਰ ਦੇ ਮਹਾਰਾਜਾ

ਜਸਵੰਤ ਸਿੰਘ ਨੂੰ ਲਿਖ ਭੇਜਿਆ ਸੀ। ਦੋਹਾ ਏਸ ਤਰ੍ਹਾਂ ਹੈ—

ਨਹਿੰ ਪਰਾਗ ਨਹਿ ਮਧੁਰ ਮਧੁ ਨਹਿੰ ਵਿਕਾਸ ਯਹਿ ਕਾਲ।
ਅਲੀ ਕਲੀ ਹੀ ਸੌਂ ਬਿੰਧਿਓ ਅਗੇ ਕਵਨ ਹਵਾਲ।

ਮਹਾਰਾਜਾ ਜਸਵੰਤ ਸਿੰਘ ਨੇ ਨਵਾਂ ਨਵਾਂ ਵਿਆਹ ਕਰਵਾਇਆ ਸੀ। ਨਵੀਂ ਰਾਣੀ ਬੇ-ਹੱਦ ਖੂਬਸੂਰਤ ਸੀ। ਪਰ ਹੈਸੀ ਉਮਰ ਦੀ ਛੋਟੀ। ਰਾਜਾ ਉਸ ਤੇ ਏਨਾਂ ਮੋਹਤ ਹੋ ਚੁਕਾ ਸੀ ਕਿ ਰਾਜ ਦਾ ਸਾਰਾ ਹੀ ਕੰਮ ਭੁਲਾ ਦਿਤਾ ਸੀ। ਮਹਾਂਕਵੀ ਬਿਹਾਰੀ ਨੇ ਦਰਬਾਰੀਆਂ ਨੂੰ ਕਿਹਾ, ਮੈਂ ਮਹਾਰਾਜਾ ਦੇ ਦਰਸ਼ਨ ਕਰਨੇ ਹੈਨ। ਮੈਨੂੰ ਉਹਨਾਂ ਕੋਲੋਂ ਸਮਾਂ ਲੈ ਕੇ ਦਿਓ?

ਦਰਬਾਰੀ ਕਹਿਣ ਲਗੇ – ਤੁਸੀਂ ਸਮਾਂ ਭਾਲਦੇ ਹੋ? ਓਹ ਤਾਂ ਅਜ ਕਲ੍ਹ ਆਪਣੇ ਆਪ ਨੂੰ ਵੀ ਭੁਲ ਗਏ ਹੈਨ।

ਬਿਹਾਰੀ ਨੇ ਕਿਹਾ – ਤੁਸੀਂ ਮੇਰਾ ਕੰਮ ਕਰ ਦਿਓ, ਤੇ ਮੈਂ ਤੁਹਾਡਾ ਕਰ ਦਿਆਂਗਾ।

ਦਰਬਾਰੀਆਂ ਕਿਹਾ ਦਸੋ ?

ਕਵੀ ਜੀ ਕਿਹਾ ਮੇਰਾ ਏਹ ਦੋਹਾ ਕਿਸੇ ਨਾ ਕਿਸੇ ਤਰਾਂ ਕਿਸੇ ਦਾਸੀ ਦੇ ਹੱਥ ਮਹਾਰਾਜਾ ਕੋਲ ਭੇਜ ਦਿਓ। ਫੇਰ ਵੇਖਿਓ ਏਸ ਦਾ ਕ੍ਰਿਸ਼ਮਾ।

ਬਾਦਸ਼ਾਹ ਨੇ ਜਦੋਂ ਦੋਹਾ ਪੜ੍ਹਿਆ, ਓਹਨਾਂ ਹੀ ਪੈਰਾਂ ਤੇ ਆਕੇ ਬਿਹਾਰੀ ਨੂੰ ਜੱਫੀ ਵਿਚ ਲੈ ਲਿਆ। ਅਤੇ ਆਪਣਾ ਦਰਬਾਰੀ ਕਵੀ ਬਣਾ ਦਿਤਾ ਅਤੇ ਦਰਬਾਰੀਆਂ ਅਤੇ ਰਾਜ ਦੇ ਸਾਰੇ ਕੰਮ ਨਵੇਂ ਸਿਰੇ ਤੋਂ ਸ਼ੁਰੂ ਹੋ ਗਏ। ਦੋਹੇ ਦਾ ਮਤਲਬ ਸੀ —

ਏਹ ਫੁਲ ਜਿਸ ਉਤੇ ਤੂੰ ਆਸ਼ਕ ਹੋ ਗਿਆ ਹੈਂ ਤੇ ਆਪਣੀ ਸੁਧ ਬੁਧ ਖੋ ਬੈਠਾ ਹੈਂ। ਏਹ ਨਾ ਹੀ ਤਾਂ ਅਜੇ ਪੂਰੀ ਤਰ੍ਹਾਂ ਖਿੜਿਆ ਹੈ। ਨਾ ਏਸ ਵਿਚ ਮਿਠਾਸ ਹੀ ਪੈਦਾ ਹੋਈ ਹੈ। ਹੇ ਭੰਵਰੇ ਤੂੰ ਏਸ ਅਧ-ਖਿੜੀ ਕਲੀ ਉਤੇ ਮਰ ਮਿਟਿਆ ਹੈਂ, ਜਦੋਂ ਏਹ ਪੂਰੀ ਤਰ੍ਹਾਂ ਖਿੜ ਉਠੇਗਾ, ਫੇਰ ਤੇਰਾ ਕੀ ਹਾਲ ਹੋਵੇਗਾ ?

ਮੈਂ ਸੇਬਾਂ ਦੇ ਬਾਗ ਦੀ ਗੱਲ ਕਰ ਰਿਹਾ ਸਾਂ। ਸੇਬ ਅਜੇ ਅੱਧ ਵਿਚ ਹੀ ਨਹੀਂ ਸਨ ਵਿਗਸੇ। ਅਤੇ ਟਾਹਣੀਆਂ ਸਾਡੇ ਸਿਰਾਂ ਨਾਲ ਖਹਿਣ ਲਗ ਪਈਆਂ ਸਨ। ਜਦੋਂ ਸੇਬ ਗੁਲਾਬੀ ਭਾਹ ਮਾਰਨ ਲਗ ਪਏ ਤੇ ਪੂਰੀ ਤਰਾਂ ਪ੍ਰਫੁਲਤ ਹੋ ਗਏ – ਫੇਰ ਬੂਟਿਆਂ ਦਾ ਕੀ ਹਾਲ ਹੋਵੇਗਾ ?

ਸ੍ਰੀ ਸਤਿਗੁਰੂ ਜੀ ਅਤੇ ਭਾਈ ਵਜ਼ੀਰ ਸਿੰਘ ਜੀ ਸਭ ਤੋਂ ਅੱਗੇ ਸਨ। ਓਹਨਾਂ ਦੇ ਪਿਛੇ ਪਿਛੇ ਜਾ ਰਹੇ ਸਨ ਸੰਤ ਮੋਹਣ ਸਿੰਘ ਅਤੇ ਓਹਨਾਂ ਦਾ ਸੇਵਕ। ਅਤੇ ਓਹਨਾਂ ਦੇ ਪਿਛੇ ਪਿਛੇ ਜਾ ਰਹੇ ਸਾਂ ਮੈਂ ਤੇ ਬੇਅੰਤ ਜੀ। ਜਿਥੋਂ ਅਸੀਂ ਲੰਘ ਰਹੇ ਸਾਂ ਏਹ ਕੋਈ ਖੁਲਾ ਰਸਤਾ ਨਹੀਂ ਸੀ। ਬਾਗ ਵਿਚੋਂ ਦੀ ਗੁਜ਼ਰਨ ਦਾ ਭੀੜਾ ਜਿਹਾ ਰਾਹ ਸੀ। ਅਚਾਨਕ ਸਾਡੇ ਸਿਰਾਂ ਨਾਲ ਕੁਝ ਸੇਬਾਂ ਦੀਆਂ ਟਾਹਣੀਆਂ ਟਕਰਾ ਗਈਆਂ। ਸੰਤਾਂ ਸਮਝ ਲਿਆ ਕਿ ਮੈਂ ਕੱਚੇ ਸੇਬ ਤੋੜ ਰਿਹਾ ਹਾਂ। ਮੈਨੂੰ ਤਾਂ ਕਿਸੇ ਗੱਲ ਦਾ ਚਿਤ ਚੇਤਾ ਵੀ ਨਹੀਂ ਸੀ। ਮੈਂ ਤੇ ਬੇਅੰਤ ਜੀ ਆਪਣੀਆਂ ਗਲਾਂ ਵਿਚ ਮਸਤ ਤੁਰੇ ਆ ਰਹੇ ਸਾਂ। ਸੰਤ ਮੋਹਣ ਸਿੰਘ ਜੀ ਇਕ ਵੇਰਾਂ ਹੀ ਬੱਬਰ ਸ਼ੇਰ ਦੀ ਤਰ੍ਹਾਂ ਭਬਕ ਉਠੇ, ਅਤੇ ਪੂਰੇ ਗੁੱਸੇ ਨਾਲ ਮੇਰੇ ਉਤੇ ਵਰ੍ਹ ਪਏ।

ਸਕੂਲੀਏ ਮੁੰਡੇ ਸ਼ਰਾਰਤਾਂ ਦੀ ਜੜ੍ਹ ਨੇ। ਤੂੰ ਸੇਬ ਕਿਉਂ ਤੋੜੇ। ਸਾਡੇ ਸਾਰਿਆਂ ਦੀ ਦਾਹੜੀ ਵਿਚ ਫੁਲ ਪਵੇਂਣੋਂ ਨਹੀਂ ਟਲਦੇ। ਤੈਨੂੰ ਏਹ ਵੀ ਧਿਆਨ ਨਹੀਂ ਸਤਿਗੁਰੂ ਜੀ

ਸਾਡੇ ਨਾਲ ਹੈਨ। ਤੁਸੀਂ ਸਾਡੇ ਨਾਲ ਹੁੰਦਿਆਂ ਨਹੀਂ ਟਲਦੇ - ਅਗੋਂ ਪਿਛੋਂ ਪਤਾ ਨਹੀਂ ਕੀਂ ਕਰਦੇ ਹੋਵੋਗੇ? ਉਚੀ ਤੋਂ ਉਚੀ ਬੋਲ ਕੇ ਸੰਤ ਜੀ ਸਤਿਗੁਰੂ ਜੀ ਨੂੰ ਸਭ ਕੁਝ ਸੁਣਾ ਦੇਣਾ ਚਾਹੁੰਦੇ ਸਨ। ਜੋ ਅਗੇ ਅਗੇ ਜਾ ਰਹੇ ਸਨ ਸਭ ਕੁਝ ਸੁਣ ਵੀ ਰਹੇ ਸਨ, ਪਰ ਇਕ ਵਾਰ ਵੀ ਓਹਨਾਂ ਨੇ ਭਾਈ ਵਜ਼ੀਰ ਸਿੰਘ ਜੀ ਨੂੰ ਪਿਛਾਂਹ ਮੁੜ ਕੇ ਨਹੀਂ ਝਾਕਿਆ। ਸਤਿਗੁਰੂ ਜੀ ਦੇ ਧਿਆਨ ਨਾ ਦੇਣ ਕਰਕੇ ਸੰਤ ਰਿਖੀ ਦੁਰਵਾਸ਼ਾ ਦੀ ਤਰਾਂ ਹੋਰ ਵੀ. ਰੋਹ ਵਿਚ ਹੋ ਕੇ ਅਬਹ ਤਬਹ ਬੋਲਦੇ ਚਲੇ ਜਾ ਰਹੇ ਸਨ।

ਹੁਣ ਮੈਂ ਤੁਹਾਨੂੰ ਰਿਖੀ ਦੁਰਵਾਸ਼ਾ ਜੀ ਦੀ ਗੱਲ ਦੱਸ ਦਿਆਂ?

ਦੁਰਵਾਸ਼ਾ ਜ਼ੀ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਕਰਨ ਜਾਂ ਮੌਜ ਮਸਤੀ ਕਰਨ ਦੁਾਰਕਾ ਜੀ ਚਲੇ ਗਏ। ਸ਼ਾਮ ਦਾ ਵਕਤ ਸੀ। ਦੁਰਵਾਸ਼ਾ ਜੀ ਨਦੀ ਕਿਨਾਰੇ ਆਪਣੇ ਕਿਰਿਆ ਕਰਮ ਵਿਚ ਲੀਨ ਸਨ। ਭਗਵਾਨ ਕ੍ਰਿਸ਼ਨ ਜੀ ਦੇ ਪੁਤ੍ਰ ਪੋਤ੍ਰੇ ਪੜੋਤ੍ਰੇ ਤੇ ਓਹਨਾਂ ਦੇ ਹੋਰ ਭੈਣ ਭਰਾਵਾਂ ਦੇ ਬੱਚੇ ਵੀ ਨਦੀ ਕਿਨਾਰੇ ਖੇਡ ਰਹੇ ਸਨ। ਓਹਨਾਂ ਨੂੰ ਇਕ ਸ਼ਰਾਰਤ ਸੁਝੀ। ਓਹਨਾਂ ਇਕ ਮੁੰਡੇ ਦੇ ਢਿਡ ਉਤੇ ਲੋਹੇ ਦੀ ਬਾਟੀ ਬੰਨ੍ਹ ਕੇ ਬਹੂ ਬਣਾ ਲਿਆ। ਅਤੇ ਜਾ ਸੰਤਾਂ ਦੇ ਪੇਸ਼ ਹੋਏ। ਦੁਰਵਾਸ਼ਾ ਜੀ ਨੂੰ ਕਹਿਣ ਲਗੇ - ਸੰਤ ਜੀ! ਏਹ ਦਸੋ ਏਸ ਵਿਚੋਂ ਕੀ ਪੈਦਾ ਹੋਵੇਗਾ?

ਦੁਰਵਾਸ਼ਾ ਜੀ ਕਿਹਾ- ਏਸ ਵਿਚੋਂ ਓਹ ਪੈਦਾ ਹੋਵੇਗਾ ਜੋ ਤੁਹਾਡੀ ਕੁਲ ਦਾ ਨਾਸ ਕਰ ਦੇਵੇਗਾ।

ਸੰਤਨ ਸੇਤੀ ਮਸਕਰੀ - ਕੁਲ ਡੋਬਨ ਕੀ ਰੀਤ।

ਸੰਤਾਂ ਦਾ ਸ੍ਰਾਫ਼ ਸੁਣ ਕੇ ਬੱਚੇ ਕੰਬ ਉਠੇ। ਉਹਨਾਂ ਰਾਤੋ ਰਾਤ ਬਾਟੀ ਨੂੰ ਰਗੜ ਕੇ ਓਸ ਦਾ ਚੂਰਨ ਬਣਾ ਦਿਤਾ। ਅਤੇ ਲੋਹ ਚੂਨ ਨੂੰ ਦਰਿਆ ਦੇ ਕਿਨਾਰੇ ਉਤੇ ਖਿੰਡਾ ਦਿਤਾ। ਅਖੀਰ ਉਤੇ ਜੋ ਟੁਕੜਾ ਬਚ ਗਿਆ ਸੀ ਓਸਨੂੰ ਦਰਿਆ ਵਿਚ ਸੁਟ ਦਿਤਾ। ਦਰਿਆ ਉਤੇ ਬਾਂਸਾਂ ਵਰਗਾ ਕਰੜਾ ਘਾਹ ਪੈਦਾ ਹੋ ਗਿਆ। ਕਿਸੇ ਤਿੱਥ ਤਿਉਹਾਰ ਉਤੇ ਯਾਦਵਾਂ ਨੇ ਖੂਬ ਰਜ ਕੇ ਸ਼ਰਾਬ ਪੀਤੀ, ਓਸੇ ਦਰਿਆ ਦੇ ਕਿਨਾਰੇ ਮੌਜ ਮਸਤੀ ਮਾਰਦੇ ਮਾਰਦੇ ਆਪਸ ਵਿਚ ਹੀ ਗਾਲੋ ਗਾਲੀ ਹੋ ਪਏ। ਫੇਰ ਕੀ ਸੀ, ਓਸ ਘਾਹ ਨੂੰ ਪੁੱਟ ਪੁਟ ਕੇ ਇਕ ਦੂਸਰੇ ਉਤੇ ਫਾੜ ਫਾੜ ਵਾਰ ਕਰਨ ਲਗ ਪਏ। ਅਤੇ ਸਾਰੇ ਹੀ ਅਜੇਹੇ ਲੜੇ ਕਿ ਓਥੇ ਹੀ ਸੌਂ ਗਏ।

ਜਦੋਂ ਸਾਰਿਆਂ ਯਾਦਵਾਂ ਦਾ ਅੰਤ ਭਗਵਾਨ ਨੇ ਵੇਖਿਆ ਤਾਂ ਉਦਾਸ ਹੋ ਗਏ ਅਤੇ ਪਰਭਾਸ ਛੇਤ੍ਰ ਦੇ ਕਿਨਾਰੇ ਉਤੇ ਜਾ ਲੰਮੇ ਪਏ। ਇਕ ਸ਼ਿਕਾਰੀ ਵਿਆਧ - ਜਿਸ ਦੇ ਤੀਰ ਅਗੇ ਓਹੋ ਮੁਖੀ ਲਗੀ ਸੀ ਸਰਾਫ਼ ਵਾਲੀ। ਜਿਸ ਨੂੰ ਇਕ ਮੱਛੀ ਨਿਗਲ ਲਿਆ ਸੀ। ਅਤੇ ਮੱਛੀ ਓਸੇ ਸ਼ਿਕਾਰੀ ਦੇ ਜਾਲ ਵਿਚ ਫ਼ਸ ਗਈ ਸੀ।

ਭਾਈ ਗੁਰਦਾਸ ਨੇ ਲਿਖਿਆ ਹੈ -

ਜਾਇ ਸੁਤਾ ਪਰਭਾਸ ਵਿਚ ਗੋਡੇ ਉਤੇ ਪੈਰ ਪਸਾਰੇ।
ਚਰਨ ਕਮਲ ਵਿਚਿ ਪਦਮ ਹੈ ਝਿਲਮਿਲ ਝਲਕੇ ਵਾਂਗੀ ਤਾਰੇ।
ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਨ ਡਿਠੋਸੁ ਜਾਇ ਕੈ ਕਰਣੁ ਪਲਾਵ ਕਰੇ ਪੁਕਾਰੇ।
ਗਲ ਵਿਚ ਲੀਤਾ ਕ੍ਰਿਸ਼ਨ ਜੀ ਔਗੁਣ ਕੀਤੇ ਹਰਿ ਨਾ ਚਿਤਾਰੇ।
ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।

ਪਾਪ ਕਰੇਂਦੇ ਪਤਿਤ ਉਧਾਰੇ।

ਏਹ ਸੀ ਦੁਰਵਾਸ਼ਾ ਦਾ ਸ੍ਰਾਪ, ਜੋ ਅਣਭੋਲ ਮੁੰਡਿਆਂ ਦੇ ਬਚਪੁਣੇ ਕਰਕੇ ਸਾਰੀ ਕੁਲ ਦੇ ਨਾਸ ਦਾ ਕਾਰਨ ਬਣਿਆ। ਪਰ ਮੈਂ ਤਾਂ ਪਹਿਲਾਂ ਵੀ ਸੰਤਾਂ ਦੀ ਬੜੀ ਇਜ਼ਤ ਕਰਦਾ ਸਾਂ ਅਤੇ ਓਹਨਾਂ ਨੂੰ ਆਪਣਾ ਆਦ੍ਰਸ਼ ਮੰਨਦਾ ਸਾਂ। ਅਤੇ ਨਾ ਹੀ ਏਸ ਲੰਮੇ ਸਫਰ ਵਿਚ ਕਦੇ ਵੀ ਅਸੀਂ ਇਕ ਦੂਸਰੇ ਦੇ ਸਾਮ੍ਹਣੇ ਹੀ ਹੋਏ ਸਾਂ। ਹਾਂ ਜਦੋਂ ਮਿਲਦੇ ਓਦੋਂ ਨਮਸਕਾਰ ਵੀ ਕਰਦੇ ਤੇ ਮਥਾ ਵੀ ਟੇਕਦੇ ਸਾਂ ਅਸੀਂ। ਪਰ ਅਜ ਸੰਤਾਂ ਨੇ ਮੇਰੇ ਉਤੇ ਓਹ ਵਾਰ ਕੀਤਾ ਜੇਹੜਾ ਦੁਰਬਾਸਾ ਜੀ ਨੇ ਯਾਦਵਾਂ ਉਤੇ ਕੀਤਾ ਸੀ। ਪਰ ਮੈਂ ਸੱਚਾ ਸਾਂ ਜਿਸ ਵਾਸਤੇ ਓਹਨਾਂ ਦੇ ਸ੍ਰਾਫ ਦਾ ਮੇਰੇ ਉਤੇ ਭੋਰਾ ਵੀ ਅਸਰ ਨਾ ਹੋਇਆ ਪਰ —

ਜਿਸ ਆਦਮੀ ਉਤੇ ਝੂਠਾ ਇਲਜ਼ਾਮ ਲਗ ਜਾਏ, ਓਸ ਦੀ ਹਾਲਤ ਨੂੰ ਓਹੋ ਹੀ ਜਾਣ ਸਕਦਾ ਹੈ। ਮੇਰੀ ਦਿਤੀ ਸਫਾਈ ਤਾਂ "ਹਵਨ ਯੱਗ" ਦੀ ਅਗਨੀ ਉਤੇ ਪਾਣੀ ਦੇ ਛੱਟੇ ਦਾ ਕੰਮ ਕਰ ਰਹੀ ਸੀ। ਜੋ ਅੱਗ ਨੂੰ ਦਸ ਗੁਣਾਂ ਵਧੇਰੇ ਪ੍ਰਚੰਡ ਕਰ ਦਿੰਦੀ ਹੈ। ਕਾਸ਼ ! ਸੰਤ ਜੀ ਮਹਾਰਾਜ ਨੇ ਕਿਤੇ ਮਹਾਂਭਾਰਤ ਦੀ ਓਹ ਕਥਾ ਪੜ੍ਹੀ ਸੁਣੀ ਹੁੰਦੀ - - - -

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਅੱਗੇ ਸਭ ਕੁਝ ਸੁਣਦੇ ਜਾ ਰਹੇ ਸਨ। ਪਰ ਪਿਛਾਂਹ ਮੁੜਕੇ ਨਾ ਭਾਈ ਵਜੀਰ ਸਿੰਘ ਜੀ ਨੇ ਹੀ ਵੇਖਿਆ ਅਤੇ ਨਾ ਹੀ ਸ੍ਰੀ ਸਤਿਗੁਰੂ ਜੀ ਨੇ। ਪਰ ਸੰਤ ਜੀ, ਆਪਣੇ ਆਪ ਨੂੰ ਖਪੌਂਦੇ ਤੇ ਮੈਨੂੰ ਲੂੰਹਦੇ ਦੇਰ ਤਕ ਬੁੜ-ਬੁੜਾਹਟ ਕਰਦੇ ਚਲੇ ਗਏ।

ਬੇਅੰਤ ਜੀ ਮੇਰੇ ਨਾਲ ਏਸ ਤਰ੍ਹਾਂ ਤੁਰੇ ਆ ਰਹੇ ਸਨ, ਜਿਵੇਂ ਕੁਛ ਹੋਇਆ ਹੀ ਨਾ ਹੋਵੇ। ਜਾਂ ਏਹ ਸੋਚ ਰਹੇ ਹੋਣਗੇ ਵਾਹਵਾ ਹੋ ਰਹੀ ਹੈ ਰਜਿੰਦ੍ਰ ਨਾਲ। ਇਵੇਂ ਹੋਈ ਜਾਣ ਦਿਓ।

ਦਰਿਆ ਟੱਪ ਕੇ ਅਸੀਂ ਡਾਕ ਬੰਗਲੇ ਆ ਗਏ ਤੇ ਸੰਤ ਜੀ ਆਪਣੇ ਡੇਰੇ ਚਲੇ ਗਏ।

ਦਿਨ ਛਿਪ ਰਿਹਾ ਸੀ। ਬੇਅੰਤ ਜੀ, ਸੰਤਾਂ ਦੀਆਂ ਗੱਲਾਂ ਦੁਹਰਾ ਕੇ ਅਤੇ ਮੈਨੂੰ ਖਿਝਾ ਖਿਝਾ ਕੇ, ਸੁਆਦ ਲੈ ਰਹੇ ਸਨ। ਸਭ ਕੁਝ ਜਾਣਦੇ ਬੁਝਦੇ ਹੋਏ ਵੀ ਮੈਨੂੰ ਪ੍ਰੇਸ਼ਾਨ ਕਰ ਰਹੇ ਸਨ।

ਓਸ ਵਕਤ ਅਸੀਂ ਸ੍ਰੀ ਭੈਣੀ ਸਾਹਿਬ ਵਿਦਯਾਲੇ ਦੇ ਵਿਦਯਾਰਥੀ ਹੀ ਤਾਂ ਸਾਂ। ਸਾਨੂੰ ਪੜ੍ਹੌਣ ਵਾਲੇ ਉਸਤਾਦ ਸਨ ਸੰਤ ਹਰਭਜਨ ਸਿੰਘ ਜੀ। ਜੋ ਪੂਰਨ ਸੰਤ ਅਤੇ ਬ੍ਰਹਮ ਗਿਆਨੀ ਤੇ ਜਤੀ ਸਤੀ ਪੁਰਸ਼ ਸਨ। ਜਿੰਨ੍ਹਾਂ ਦਾ ਪਿੰਡ ਮਾਨਸਾ ਰਿਆਸਤ ਪਟਿਆਲਾ ਵਿਚ ਪੈਂਦਾ ਸੀ ਤੇ ਪਿੰਡ ਦੇ ਸੰਤਾਂ ਮਹੰਤਾਂ ਦੀਆਂ ਕਥਾ ਕਹਾਣੀਆਂ ਸੁਣੌਂਦੇ ਰਹਿੰਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਅਨਮੋਲ ਬਚਨ ਜੋ ਹਰ ਸਾਲ ਸੌਣ ਭਾਦ੍ਰੋ ਦੇ ਮਹੀਨੇ ੪੦ ਦਿਨਾਂ ਵਾਸਤੇ ਮਹਾਨ ਪ੍ਰਯੋਗ ਪ੍ਰਾਰੰਭ ਕਰਦੇ, ਅਸੀਂ ਵੱਡੇ ਬੱਚੇ ਓਸ ਵਿਚ ਜ਼ਰੂਰ ਸੰਮਿਲਤ ਹੁੰਦੇ। ਓਥੇ ਹੀ ਸਾਡੀ ਗੁਰਬਾਣੀ ਦੇ ਪਾਠਾਂ ਦੀ ਸ਼ੁੱਧੀ ਵੀ ਹੁੰਦੀ ਤੇ ਸੰਤ ਮਹਾਤਮਾਂ ਦੇ ਵਚਨ - ਪਰਵਚਨ ਵੀ ਹਮੇਸ਼ਾਂ ਸੁਣਦੇ ਰਹਿੰਦੇ। ਓਸ ਵੇਲੇ ਦੀ ਸੰਤ-ਵਾਣੀ ਅੱਜ ਵੀ ਸਾਡੇ ਮਨਾਂ ਉਤੇ ਏਸ ਤਰ੍ਹਾਂ ਉਕਰੀ ਹੋਈ ਹੈ ਜੋ ਸਾਡੀ ਆਤਮ੍ਹਾ ਵਿਚ ਰਚ ਗਈ ਹੈ ਕਿ —

ਹਾਥ ਛੁਡਾਏ ਜਾਤ ਹੋ ਨਿਬਲ ਜਾਨ ਕੈ ਮੋਹਿ।

ਹਿਰਦੇ ਤੇ ਜਬ ਜਾਓਗੇ ਸਬਲ ਬਦੂੰਗਾ ਤੋਹਿ। –ਸੂਰਦਾਸ ਜੀ

ਜਦੋਂ ਭੱਜੇ ਭੱਜੇ ਜਾਂਦਿਆਂ ਅਨਭੋਲ ਹੀ ਕਿਸੇ ਦੇ ਖੇਤ ਵਿਚੋਂ ਕਣਕ ਦੀ ਬੱਲੀ ਹੱਥ ਵਿਚ ਫਸ ਕੇ ਟੁੱਟ ਜਾਂਦੀ - ਵਾਪਸ ਔਣ ਸਮੇਂ ਓਸ ਜੱਟ ਦੇ ਖੇਤ ਵਿਚ ਹੀ ਮੈਂ ਸੁਟ ਦਿੰਦਾ ਸਾਂ, ਜਿਸ ਦੇ ਖੇਤ ਵਿਚੋਂ ਬੱਲੀ ਟੁੱਟੀ ਹੁੰਦੀ।

ਸ੍ਰੀ ਸਤਿਗੁਰੂ ਜੀ ਦੇ ਏਹ ਬਚਨ ਮੈਨੂੰ ਕਿਵੇਂ ਭੁੱਲ ਸਕਦੇ ਸਨ —

ਸੰਤ ਆਪਣੇ ਬੈਲਾਂ ਦੇ ਮੂੰਹ ਬੰਨ ਕੇ ਦੂਸਰੇ ਦੀ ਪੈਲੀ ਵਿਚੋਂ ਲੰਘੌਂਦੇ ਸਨ, ਤਾਂ ਕਿ ਸਾਡਾ ਪਸ਼ੂ ਵੀ ਕਿਸੇ ਦੂਸਰੇ ਜੱਟ ਦੀ ਪੈਲੀ ਵਿਚ ਮੂੰਹ ਨਾ ਮਾਰੇ। ਸਾਗ ਸਬਜ਼ੀ ਜਾਂ ਫਲ ਫੁਲ ਬਗਾਨੇ ਖੇਤ ਜਾਂ ਬਗੀਚੇ ਦੇ ਖਾਣੇ ਤਾਂ ਬਹੁਤ ਦੂਰ ਦੀ ਗੱਲ ਹੈ।

ਬੇਅੰਤ ਜੀ ਮਹਾਰਾਜ ਸੰਤ ਮੋਹਣ ਸਿੰਘ ਜੀ ਦੀਆਂ ਗੱਲਾਂ ਦੂਹਰਾ ਦੂਹਰਾ ਕੇ ਮੈਨੂੰ ਛੇੜ ਛੇੜ ਕੇ ਸੁਆਦ ਲੈ ਰਹੇ ਸਨ। ਜਦੋਂ ਏਹ ਮੈਨੂੰ ਚਿੜੌਣੋਂ ਨਾ ਹਟੇ ਤਾਂ ਮੈਂ ਏਹਨਾਂ ਨੂੰ ਲਕ ਤੋਂ ਫੜ ਕੇ ਝੰਜੋੜਨਾਂ ਸ਼ੁਰੂ ਕਰ ਦਿਤਾ। ਮੈਂ ਬੇਅੰਤ ਜੀ ਨੂੰ ਕਿਹਾ —

ਸੰਤਾਂ ਤੋਂ ਸਾਰੀਆਂ ਗਾਲ੍ਹਾਂ ਤੁਸੀਂ ਹੀ ਮੈਨੂੰ ਪੁਆਈਆਂ ਨੇ। ਤੁਸੀਂ ਬਿਲਕੁਲ ਮੇਰੇ ਮੋਢੇ ਨਾਲ ਮੋਢਾ ਜੋੜਕੇ ਤੁਰੇ ਔਂਦੇ ਸੀ। ਇਕ ਵਾਰ ਵੀ ਸੰਤਾਂ ਨੂੰ ਨਹੀਂ ਟੋਕਿਆ ਕਿ ਰਜਿੰਦ੍ਰ ਬੇਦੋਸ਼ਾ ਹੈ। ਹੁਣ ਸਗੋਂ ਮੈਨੂੰ ਪ੍ਰੇਸ਼ਾਨ ਕਰ ਰਹੇ ਹੋ। ਬੇਅੰਤ ਜੀ ਨਾਲੇ ਹੱਸੀ ਜਾਣ ਤੇ ਨਾਲ ਹੋਰ ਵਾਧਾ ਕਰੀ ਜਾਣ।

ਸਤਿਗੁਰੂ ਜੀ, ਭਾਈ ਵਜ਼ੀਰ ਸਿੰਘ ਜੀ ਅਤੇ ਫਾਰੈਸਟ ਦਾ ਅਫਸਰ ਸ੍ਰ. ਬਲਵੰਤ ਸਿੰਘ ਬਾਹਰ ਬੂਹੇ ਦੇ ਕੋਲ ਹੀ ਖਲੋਤੇ ਗਲਾਂ ਬਾਤਾਂ ਕਰ ਰਹੇ ਸਨ। ਅੰਦਰ ਘੋਲ ਘੁਲਈਆ ਤੇ ਸਾਡਾ ਰੌਲਾ ਸੁਣ ਕੇ ਅੰਦਰ ਆ ਗਏ ਅਤੇ ਕਹਿਣ ਲਗੇ —

ਕੀ ਗੱਲ ਹੈ? ਤੁਸੀਂ ਕਿਉਂ ਘੋਲ ਬੰਨ੍ਹ ਰਖਿਆ ਹੈ?

ਸਚੇ ਪਾਤਿਸ਼ਾਹ! ਮੈਂ ਤਾਂ ਏਸ ਨੂੰ ਕੁਝ ਨਹੀਂ ਕਿਹਾ- ਜਦੋਂ ਦਾ ਆਇਆ ਹੈ ਮੇਰੇ ਨਾਲ ਲੜੀ ਜਾ ਰਿਹਾ ਹੈ। ਤੁਸੀਂ ਮੇਰੀ ਮਦਦ ਕਿਉਂ ਨਹੀਂ ਕੀਤੀ। ਸੰਤ ਮੋਹਣ ਸਿੰਘ ਜੀ ਨੂੰ ਕਿਉਂ ਨਹੀਂ ਕਿਹਾ। ਸੰਤ ਜੀ ਰਜਿੰਦ੍ਰ ਨੇ ਕੋਈ ਸੇਬ ਨਹੀਂ ਤੋੜਿਆ।

ਭਾਈ ਵਜ਼ੀਰ ਸਿੰਘ ਜੀ ਕਿਹਾ —

ਪਾਤਿਸਾਹ ਵਾਹਵਾ ਆਹਰੇ ਲਗੇ ਹੋਏ ਨੇ, ਘੁਲੀ ਜਾਣ ਦਿਓ।

ਸਤਿਗੁਰੂ ਜੀ ਹੱਸਦੇ ਹੱਸਦੇ ਬਾਹਰ ਆ ਗਏ।

ਬਾਲ ਲੀਲ੍ਹਾ ਬੇਅੰਤ ਜੀ ਦੀ

ਪਤਾ ਨਹੀਂ ਕਿਉਂ

ਭਗਵਾਨ ਸਾਡੀ ਪ੍ਰਾਰਥਨਾ ਤੇ ਏਨਾਂ ਰੀਝਿਆ ਸੀ-ਕਿ ਮਾਸਟਰ ਬਲਵੰਤ ਸਿੰਘ ਜੀ ਅਜੇ ਲੰਗਰ ਵਿਚ ਪ੍ਰਸਾਦਾ ਛਕ ਰਹੇ ਸਨ, ਤੇ ਅਸੀਂ ਝੁਕ ਕੇ-ਨਿਕੀ ਜੇਹੀ ਅਰਦਾਸ ਕੀਤੀ- ਅਜ ਛੁਟੀ ਮਿਲੇ ਫੇਰ ਠਾਠ ਔਂਦਾ ਹੈ। ਏਹ ਮੈਨੂੰ ਯਾਦ ਨਹੀਂ ਕਿ ਓਹ ਅਰਦਾਸ ਕੇਹੋ ਜੇਹੀ ਸੀ। ਤੇ ਅਸੀਂ ਬਿਨਾਂ ਅਰਦਾਸਾ ਯਾਦ ਕੀਤਿਆਂ ਹੀ ਅਰਦਾਸ ਕਿਵੇਂ ਕਰਦੇ ਸਾਂ। ਤੇ ਏਹ ਵੀ ਹੁਣ ਯਾਦ ਨਹੀਂ ਕਿ ਅਰਦਾਸ ਮੈਂ ਕੀਤੀ ਸੀ ਕਿ ਬੇਅੰਤ ਜੀ ਨੇ ਜਾਂ ਅਸੀਂ ਦੋਹਾਂ ਨੇ। ਅਰਦਾਸ ਕੀ ਸੀ? ਬਸ ਅਰਦਾਸ ਹੀ ਸੀ। ਸਾਨੂੰ ਦੋ ਤਿੰਨਾਂ ਤੋਂ ਬਿਨਾਂ ਹੋਰ ਕਿਸੇ ਗੁਰੂ ਦਾ ਨਾਮ ਉਦੋਂ ਨਹੀਂ ਸੀ ਔਂਦਾ। ਛੋਟੇ ਛੋਟੇ ਤਾਂ ਅਸੀ ਸਾਂ ਹੀ। ਅਤੇ ਛੋਟੀ ਹੀ ਸੀ ਸਾਡੀ ਪੜ੍ਹਾਈ। ਨਿੱਕੇ ਮੋਟੇ, ਚੰਗੇ ਮੰਦੇ ਅੱਖਰ। ਇਕ ਤੋਂ ਦੂਸਰੀ ਅਤੇ ਦੂਸਰੀ ਤੋਂ ਤੀਸਰੀ ਸਤਰ। ਸਾਡਾ ਵਡਾ ਕੰਮ ਫੱਟੀਆਂ ਭਰਨਾ ਹੀ ਸੀ। ਤੇ ਬੱਸ!

ਅਮਰੂਦਾਂ ਦੀ ਤਿਤਰ-ਬਿਤਰੀ ਛਾਂ। ਉਤੇ ਹਰੇ ਚਿੱਟੇ ਕੱਚੇ, ਅਧਪੱਕੇ ਅਮਰੂਦ। ਮਾਸਟਰ ਜੀ ਦੀ ਲਿਖਤ ਬਹੁਤ ਸੁੰਦਰ ਸੀ। ਅਤੇ ਉਹ ਚਾਹੁੰਦੇ ਸਨ ਕਿ ਅਸੀਂ ਵੀ ਠੀਕ, ਓਹਨਾਂ ਦੇ ਪੂਰਨਿਆਂ ਉਤੇ ਚਲ ਕੇ ਬੇਹੱਦ ਖ਼ੂਬਸੂਰਤ ਅੱਖ਼ਰ ਪੌਣੇ ਸਿਖ ਜਾਈਏ। ਏਸਤਰ੍ਹਾਂ ਰੋਜ਼ਾਨਾ ਓਹ ਪਹਿਲਾਂ ਪੂਰਨਿਆਂ ਨਾਲ ਫੱਟੀ ਭਰ ਦਿੰਦੇ ਤੇ ਅਸੀਂ ਬੜੀ ਬੇ ਰਹਿਮੀ ਨਾਲ ਫੱਟੀਆਂ ਕਾਲੀਆਂ ਕਰ ਦਿੰਦੇ। ਮਾਸਟਰ ਜੀ ਡਾਂਟ ਡਪਟ ਤਾਂ ਬੜੀ ਕਰਦੇ ਪਰ ਸਾਡੀ ਗੱਲ ਤਾਂ ਏਹ ਸੀ-

ਦੋ ਪਈਆਂ ਵਿਸਰ ਗਈਆਂ ਸੂਦਕੇ ਸਾਡੇ ਹੱਥਾਂ ਦੇ।

ਮਾਸਟਰ ਜੀ ਪਤ੍ਰਲੀ ਜੇਹੀ ਛਮਕ ਕਿਤੋਂ ਲਭ ਲਿਔਂਦੇ, ਤੇ ਗਲਤੀਆਂ ਦੀ ਸਜ਼ਾ ਸਾਡੇ ਹੱਥਾਂ ਤੇ ਅਤਾ ਕਰਦੇ। ਜਿਸ ਤਰ੍ਹਾਂ ਭਾਈ ਜੀ! ਭੋਗ ਦਾ ਪ੍ਰਸ਼ਾਦ-ਹੱਥ ਘੁਟ ਕੇ ਵਰਤੌਂਦਾ ਹੈ-ਠੀਕ ਓਸੇ ਤਰ੍ਹਾਂ ਨਿੱਕੇ ਨਿੱਕੇ ਹੱਥਾਂ ਉਤੇ ਨਿਕੀ ਨਿਕੀ ਸਜ਼ਾ ਮਾਸਟਰ ਜੀ ਦਿੰਦੇ, ਸਾਡੇ ਹੱਥਾਂ ਉਤੇ ਮਾਰ ਦੇ ਨਿਸ਼ਾਨ ਕਦੇ ਨਹੀਂ ਸਨ ਪੈਂਦੇ। ਬੱਸ! ਇਕ ਸਕਿੰਟ੍ਹ ਦੀ ਪੀੜ ਫੇਰ:-

ਓਹੋ ਬਾਹਾਂ ਤੇ - ਓਹੋ ਕੁਹਾੜੀ।

ਮਾਸਟਰ ਜੀ ਬੜੇ ਧਿਆਨ ਨਾਲ, ਗਿੱਲੀ ਫ਼ਟੀ ਉਤੇ, ਪੂਰਨੇ ਪਾ ਰਹੇ ਸਨ, ਤੇ ਮੈਂ ਸਿਰ ਤੇ ਬੈਠੀ ਕਾਟੋ ਦੀਆਂ ਟੋਕਾਂ ਚਕ ਚਕ ਕੇ ਖਾ ਰਿਹਾ ਸਾਂ।

ਤੂੰ ਮੇਰੇ ਵਲ ਧਿਆਨ ਰੱਖ, ਗ੍ਰਾਲੜ ਵਲ ਨਾ ਵੇਖ! ਮਾਸਟਰ ਜੀ ਕਿਹਾ।

ਪਰ ਪੱਕੇ ਅਮਰੂਦ ਦੀਆਂ ਟੋਕਾਂ ਏਨੀਆਂ ਮਿਠੀਆਂ ਸਨ, ਕਿ ਪੂਰਨੇ ਓਹਨਾਂ ਸਾਹਮਣੇ ਕਾਲੇ ਕਾਲੇ ਤੇ ਫਿੱਕੇ ਫਿੱਕੇ ਲਗ ਰਹੇ ਸਨ। ਮਾਸਟਰ ਜੀ ਨੇ, ਪੈਨਸਲ ਮੇਰੇ ਕੰਨ ਤੇ ਮਾਰੀ, ਤੇ ਬੇਅੰਤ ਜੀ ਖਿੜ ਖਿੜਾ ਕੇ ਹੱਸ ਪਏ।

ਠਹਿਰੋ ਤੁਹਾਨੂੰ ਵੀ ਦਿੰਦਾ ਹਾਂ ਮੱਤ! ਮਾਸਟਰ ਜੀ ਕਿਹਾ – ਤੇ ਓਹ ਲਾਜਵੰਤੀ ਦੀ ਤਰ੍ਹਾਂ ਵਾਪਸ ਗਏ।

ਪੜ੍ਹਾਈ ਵਿਚ ਬੇ-ਅੰਤ ਜੀ ਮੇਰੇ ਤੋਂ ਕੁਝ ਅੱਗੇ ਸਨ। ਓਹਨਾਂ ਨੂੰ ਹੁਣ ਪੂਰਨਿਆਂ ਦੀ ਲੋੜ ਨਹੀਂ ਸੀ। ਤੇ ਓਹ ਵਰਾਂਡੇ ਵਿਚ ਸਫ ਤੇ ਬੈਠ ਕੇ ਫਟੀ ਲਿਖ ਰਹੇ ਸਨ। ਮੇਰੇ ਸਾਹਮਣੇ ਤੇ ਮਾਸਟਰ ਜੀ ਤੋਂ, ਥੋੜਾ ਉਹਲੇ।

ਕਾਟੋ ਅਜੇ ਵੀ ਟੋਕਾਂ ਸਿਟ ਰਹੀ ਸੀ ਤੇ ਮੈ ਹੁਣ ਕੰਨ ਮਲ ਰਿਹਾ ਸਾਂ। ਕਿਉਂਕਿ ਟੋਕਾਂ ਹੁਣ ਗਾਲੜ ਦੀਆਂ ਜੂਠੀਆਂ ਹੋ ਚੁਕੀਆਂ ਸਨ।

ਮਾਸਟਰ ਜੀ, ਅਜੇ ਵੀ ਪੂਰਨੇ ਲਿਖ ਰਹੇ ਸਨ ਫਟੀ ਉਤੇ। ਜਦੋਂ ਮੇਰਾ ਧਿਆਨ ਬੇਅੰਤ ਜੀ ਵਲ ਜਾਂਦਾ ਓਹ ਕੰਨ ਖੁਰਕਣ ਲਗ ਪੈਂਦੇ, ਤੇ ਮੇਰੀ ਪੀੜ ਹੋਰ ਵਧ ਜਾਂਦੀ।

ਅਚਾਨਕ ਮਾਸਟਰ ਜੀ ਨੇ ਛੁੱਟੀ ਦਾ ਐਲਾਨ ਕਰ ਦਿਤਾ ਤੇ ਅਸੀਂ ਫੱਟੀਆਂ ਚੁਕ ਕੇ ਦੌੜ ਗਏ।

ਕੋਠੀ ਦੇ ਪਿਛਲੇ ਪਾਸੇ ਖੇਡ ਰਹੇ ਸਾਂ ਕਿ ਅਚਨਚੇਤ ਜੈਕਾਰਾ ਛੁਟਿਆ। ਤੇ ਅਸੀਂ ਸੈਨਤਾਂ ਨਾਲ ਹੀ ਸਮਝ ਗਏ ਕਿ ਛੁੱਟੀ ਕਿਉਂ ਹੋਈ ਸੀ।

ਦੌੜਕੇ ਅਸੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਕ ਇਕ ਚਰਨ ਤੇ ਜਾ ਮੱਥਾ ਟੇਕਿਆ। ਓਹਨਾਂ ਪਿਆਰ ਨਾਲ ਸਾਨੂੰ ਇਕ ਇਕ ਥਪਕੀ ਦਿਤੀ, ਤੇ ਅਸੀਂ ਫੇਰ ਬੂਟਿਆਂ ਵਿਚ ਜਾ ਲੁਕੇ।

ਹਿਸਾਰ ੬-੯-੬੯

ਪ੍ਰਾਰਥਨਾ

ਸਾਡਾ ਆਤਮ-ਵਿਸ਼ਵਾਸ ਏਨਾਂ ਮਜਬੂਤ ਹੋ ਗਿਆ ਸੀ, ਕਿ:-

ਖ਼ੁਦਾ ਬੰਦੇ ਸੇ ਖੁਦ ਪੂਛੇ
ਬਤਾ ਤੇਰੀ ਰਜ਼ਾ ਕਿਆ ਹੈ?

ਮੌਸਮ ਅਤਿਅੰਤ ਸੁਹਾਵਣਾ ਸੀ। ਸ਼ਾਇਦ ਚੰਡੀ ਦੀ ਵਾਰ ਦਾ ਸਮਾਂ ਹੀ ਹੋਵੇ। ਚੁੱਪ ਏਨੀ-ਜਿਵੇਂ ਨਿਰਜਰ ਵਣ ਵਿਚ ਕੋਈ ਸੰਨਿਆਸੀ ਕਿਸੇ ਡੂੰਘੀ ਝੀਲ ਦੇ ਕਿਨੇਾਰੇ ਖਲੋ ਕੇ ਵੇਦ ਮੰਤਰਾਂ ਦਾ ਸਿਮਰਨ ਕਰ ਰਿਹਾ ਹੋਵੇ। ਰੌਸ਼ਨੀ ਏਸ ਤਰ੍ਹਾਂ ਧੀਰੇ ਧੀਰੇ ਵਧ ਰਹੀ ਸੀ, ਜਿਵੇਂ ਸਚ ਮੁਚ ਹੀ, ਝੀਲ ਵਿਚੋਂ ਕੋਈ ਪ੍ਰਕਾਸ਼ ਥੰਮ੍ਹ ਉਭਰ ਰਿਹਾ ਹੋਵੇ।

ਕੋਠੀ ਤੋਂ ਚੜ੍ਹਦੇ ਪਾਸੇ ਗੁਰੂ ਹਰੀ ਸਿੰਘ ਜੀ ਦੀ ਸਮਾਧੀ ਬਣੀ ਹੋਈ ਸੀ। ਏਸ ਦੀ ਨੁਕਰ ਵਿਚ ਇਕ ਲੁਕਾਟ ਦਾ ਬੂਟਾ ਸੀ। ਜੋ ਹਰ ਵਕਤ ਸਮਾਧੀ ਨੂੰ ਸੀਤਲ ਬਣਾਈ ਰਖਦਾ ਸੀ ਆਪਣੀ ਛਾਂ ਨਾਲ। ਅਸੀਂ ਦੋਵੇਂ ਇਕ ਲੱਤ ਦੇ ਭਾਰ ਹੋ ਕੇ ਅਰਦਾਸ ਕਰ ਰਹੇ ਸਾਂ। ਸਾਨੂੰ ਪਤਾ ਸੀ ਧ੍ਰੂ ਭਗਤ ਨੇ ਇਕ ਪੈਰ ਦੇ ਭਾਰ ਹੋ ਕੇ ਤਪਸਿਆ ਕੀਤੀ ਸੀ। ਸਾਨੂੰ ਏਹ ਵੀ ਪਤਾ ਸੀ ਕਿ ਏਸ ਤਰ੍ਹਾਂ ਕੀਤੀ ਪ੍ਰਾਰਥਨਾ ਛੇਤੀ ਸੁਣੀ ਜਾਂਦੀ ਹੈ।

ਮਾਸਟਰ ਬਲਵੰਤ ਸਿੰਘ ਜੀ ਛੁੱਟੀ ਤੇ ਗਏ ਹੋਏ ਸਨ। ਤੇ ਅਸੀਂ ਪ੍ਰਾਰਥਨਾਂ ਕੀਤੀ ਹੇ ਸਚੇ ਪਾਤਿਸ਼ਾਹ ਜੀ! ਮਾਸਟਰ ਜੀ ਅਜੇ ਤਿੰਨ ਦਿਨ ਹੋਰ ਨਾਂ ਔਣ।

ਸਾਡੇ ਦਿਲਾਂ ਵਿਚ ਹੁਣ ਏਹ ਕਮਜ਼ੋਰੀ ਕਦੇ ਵੀ ਨਹੀਂ ਸੀ ਆਈ ਕਿ ਅਸੀਂ ਪ੍ਰਾਰਥਨਾ ਕਰੀਏ ਤੇ ਓਹ ਪੂਰੀ ਨਾ ਹੋਵੇ?

ਸੂਰਜ ਛਿਪਣ ਤਕ ਪਤਾ ਨਹੀਂ ਮੈਂ ਤੇ ਬੇਅੰਤ ਜੀ ਕਿਤਨਾ ਖੇਡੇ। ਦਿਨ ਛਿਪੇ ਮੈਨੂੰ

ਮੇਰੇ ਦਾਦੀ ਜੀ ਲੈਣ ਆਏ।

ਓਸ ਵੇਲੇ ਅਸੀਂ ਸਾਰੇ ਹੀ ਓਹਨਾਂ ਨੂੰ ਅੰਬੋਜੀ ਕਹਿਕੇ ਹੀ ਬੁਲੌਂਦੇ ਸਾਂ। ਤੇ ਨਾਮ ਸੀ ਓਹਨਾਂ ਦਾ ਰਾਮ ਕੌਰ। ਜਦੋਂ ਮੈਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਲੈਕੇ ਆਏ, ਨਾਲ ਹੀ ਆਪਣੀ ਸਾਸੂ ਜੀ (ਅੰਬੋਜੀ) ਨੂੰ ਵੀ ਲੈ ਆਏ। ਸ਼ਾਇਦ ਮੇਰਾ ਜੀ ਲਵੌਣ ਵਾਸਤੇ।

ਭੈਣੀ ਸਾਹਿਬ ਜਾਣ ਲਗੇ ਨੂੰ ਬੇਅੰਤ ਜੀ ਨੇ ਮੈਨੂੰ ਸਖਤ ਹਦੈਤ ਕਰ ਦਿਤੀ ਸੀ--ਕਿ ਤੂੰ ਕਲ੍ਹ ਨੂੰ ਸਵੇਰੇ ਤੋਂ ਸਵੇਰੇ ਆਈਂ। ਅਤੇ ਮੇਰੀ ਵੀ ਏਹੋ ਚਾਹ ਸੀ।

ਅੰਬੋ ਜੀ ਓਸ ਵੇਲੇ ਛੋਟੇ ਮਹਾਰਾਜ ਵੱਲਭ ਜੀ ਦੀ ਸੇਵਾ ਵਿਚ ਹੁੰਦੇ ਸਨ। ਮਹੰਤ ਸੇਵਾ ਸਿੰਘ ਜੀ ਦੀ ਗੈਰ ਹਾਜ਼ਰੀ ਵਿਚ ਦੁਧ ਛਕੌਣ ਦੀ ਜ਼ਿਮੇਵਾਰੀ, ਅੰਬੋ ਜੀ ਦੀ ਹੁੰਦੀ ਸੀ।, ਵੱਲਭ ਜੀ ਅਗੇ ਅਗੇ ਹਰਨੀ ਨਾਲ ਖੇਡਦੇ ਹੁੰਦੇ-ਤੇ ਪਿਛੇ ਪਿਛੇ ਅੰਬੋ ਜੀ ਦੁੱਧ ਲਈ ਫਿਰਦੇ। ਓਹ ਸਾਥੋਂ ਕਾਫੀ ਛੋਟੇ ਸਨ।

ਅੰਬੋ ਜੀ ਨੇ ਬੇਅੰਤ ਜੀ ਦਾ ਫੁਰਮਾਨ ਸੁਣ ਲਿਆ ਸੀ, ਤੇ ਬਹੁਤ ਸਵਖਤੇ ਹੀ ਮੈਨੂੰ ਪਾਣੀ ਵਿਚ ਭਿਉਂਕੇ ਕਢ ਲਿਆ ਸੀ। ਮੈਂ ਦੂਰੋ ਹੀ ਤਕਾ ਲਿਆ ਸੀ ਕਿ ਬੇਅੰਤ ਜੀ ਮੇਰੀ ਹੀ ਉਡੀਕ ਵਿਚ ਖਲੋਤੇ ਸਨ।

ਤੁਸੀਂ ਨ੍ਹੌਣਾਂ ਹੈ ਕਿ ਨਹੀਂ?

ਬਾਬਾ ਨਢਾ ਹੁਣ ਵਾਜਾਂ ਮਾਰ ਮਾਰ ਕੇ ਹਫ ਗਿਆ ਸੀ। ਬੇਅੰਤ ਜੀ ਤਾਂ ਕਲੇ ਹੀ ਦੁਆਲ ਨਹੀਂ ਸਨ ਹੁਣ ਤਾਂ ਅਸੀਂ ਦੋ ਸਾਂ।

ਅਸੀਂ ਆਪ ਦੀ ਗਲਤੀ ਸਮਝ ਲਈ ਸੀ। ਤੇ ਦੋਵੇਂ ਖੂਹ ਤੇ ਪਹੁੰਚ ਗਏ ਸਾਂ। ਗੜਵੀ ਖੂਹ ਵਿਚ ਸੁੱਟੀ ਤੇ ਓਸਨੇ ਘੜੰਮ ਦੀ ਅਵਾਜ਼ ਦਿਤੀ। ਅਸੀਂ ਖੂਬ ਹੱਸੇ। ਸ਼ਾਇਦ ਏਹ ਸਾਡੀ ਜਿੱਤ ਦੀ ਖੁਸ਼ੀ ਸੀ। ਭੌਣੀ ਕਈ ਗੇੜੇ ਖਾਕੇ ਸ਼ਾਂਤ ਹੋ ਗਈ। ਤਿੰਨ ਤਿੰਨ ਫੁਟੇ ਜਵਾਨ। ਇਕ ਪਾਸੇ ਅੜੀਆਂ ਚੱਕ ਕੇ ਓਹ ਡੰਡਾ ਫੜਦੇ ਤੇ ਦੂਸਰੇ ਪਾਸੇ ਮੈਂ ਉਭਰਕੇ ਹਥੀ ਦਬੌਂਦਾ। ਏਸ ਤਰ੍ਹਾਂ ਛੇਤੀ ਹੀ ਖੂਹ ਵਿਚੋਂ ਗੜਵੀ ਅਸੀਂ ਬਾਹਰ ਖਿਚ ਲਈ। ਪਰ ਖੂਹ ਵਿਚ ਵਧ ਕੇ ਫੜੇ ਕੌਣ?

ਓਹ ਬਾਬਿਆ ਬਾਬਿਆ ਮਰ ਵੀ!

ਬੇਅੰਤ ਜੀ ਕਰਕਸ਼ ਅਵਾਜ਼ ਵਿਚ ਕੜਕੇ - ਪਰ ਜਵਾਬ ਨਦਾਰਦ!!

ਤੇ ਅਸੀਂ ਉਤੇ ਆਈ ਹੋਈ ਗੜਵੀ ਫੇਰ ਖੂਹ ਵਿਚ ਛਡ ਦਿੱਤੀ ਭਰੀ ਭਰਾਈ ਪਾਣੀ ਦੀ। ਗੜਊਂ ਦੀ ਆਵਾਜ਼ ਏਸ ਤਰ੍ਹਾਂ ਆਈ ਜਿਵੇਂ ਰਾਣੀਆਂ ਦੀ ਢੱਕੀ ਵਿਚ ਛੁਪੇ ਹੋਏ ਡਾਕੂਆਂ ਉਤੇ ਅੰਗ੍ਰੇਜ਼ਾਂ ਨੇ ਬੰਬ ਸੁਟ ਦਿਤਾ ਹੋਵੇ। ਬਾਬਾ ਨੱਢਾ ਤਾਂ ਅਕ ਕੇ, ਕਿਧਰੇ ਅਲੋਪ ਹੋ ਗਿਆ ਸੀ ਤੇ ਖੂਹ ਨੇ ਹੀ ਸਾਡੀ ਆਵਾਜ਼ ਦਾ ਸੁਆਗਤ ਕੀਤਾ। ਅਵਾਜ਼ ਸੁਣ ਕੇ ਇਕ ਲਾਂਗਰੀ ਸਿੰਘ ਭੱਜਾ ਆਇਆ ਤੇ ਠੰਢੇ ਪਾਣੀ ਨਾਲ — ਬਾਬੇ ਨੱਢੇ ਉਤੇ ਖਫ਼ਾ ਹੋਏ ਬੇਅੰਤ ਜੀ ਨੂੰ ਠੰਢਿਆਂ ਠਾਰ ਕਰ ਦਿਤਾ। ਇਕ ਬੁੱਕ ਪਾਣੀ ਦਾ-ਮੇਰੇ ਉਤੋਂ ਸੁਟ ਕੇ- ਲਾਂਗਰੀ ਨੇ ਕਿਹਾ - ਆ ਤੈਨੂੰ ਵੀ ਨੁਹਾ ਦਿਆਂ।

ਪ੍ਰਸ਼ਾਦਾ ਮੈਂ ਵੀ ਬੇਅੰਤ ਜੀ ਦੇ ਲੰਗਰ ਵਿਚੋਂ ਹੀ ਛਕਿਆ। ਲਾਂਗਰੀਆਂ ਨਾਲ ਪਰਚਾ ਹੁਣ ਮੇਰਾ ਚੰਗਾ ਹੋ ਗਿਆ ਸੀ। ਤੇ ਵੇਲੇ ਕੁਵੇਲੇ ਮੇਰੀਆਂ ਲੋੜਾਂ ਓਹ ਪੂਰੀਆਂ ਕਰਦੇ ਰਹਿੰਦੇ ਸਨ।

ਗਰਮੀਆਂ ਦੇ ਦਿਨ ਸਨ। ਦੁਪਹਿਰੇ ਕੋਠੀ ਦੇ ਵੱਡੇ ਕਮਰੇ ਵਿਚ ਖੂਬ ਘਮਸ਼ਾਨ

ਪੈਂਦਾ। ਆਲੇ ਦੁਆਲੇ ਦੇ ਡੇਰਿਆਂ ਵਾਲੇ ਸਾਧੂ ਮਹਾਤਮਾਂ ਦੁਪਹਿਰ਼ਾ ਢਾਲਣ ਵਾਸਤੇ ਜ਼ਰੂਰ ਏਥੇ ਇਕਠੇ ਹੁੰਦੇ ਤੇ ਸਾਡੇ ਵਾਸਤੇ ਇਕ ਨਵਾਂ ਮਾਹੌਲ ਬਣ ਜਾਂਦਾ।

ਅੱਜ ਸੰਤ ਬਘੇਲ ਸਿੰਘ ਜੀ! ਵੈਦ ਸਰਦਾਰਾ ਸਿੰਘ ਜੀ! ਸੰਤ ਸੋਹਣ ਸਿੰਘ ਜੀ ਰੁੰਨੇ ਵਾਲੇ ਤੇ ਸੂਰਤ ਸਿੰਘ ਭਿਕਸ਼ੂ ਆਦਿ ਕਈ ਮਹਾ ਪੁਰਸ਼ ਕਠੇ ਹੋ ਗਏ ਸਨ। ਬੇਅੰਤ ਜੀ! ਰਾਜ ਹੰਸ ਦੀ ਤਰ੍ਹਾਂ ਓਹਨਾਂ ਦੇ ਢਿਡਾਂ ਉਤੇ ਤਾਰੀਆਂ ਲੌਂਦੇ-ਏਧਰੋਂ ਓਧਰ ਤੇ ਓਧਰੋਂ ਏਧਰ ਤਰ ਰਹੇ ਸਨ। ਅਤੇ ਮੈਨੂੰ ਸ੍ਰੀ ਜੱਸਾ ਸਿੰਘ ਜੀ ਸੂਫੀ ਜੋ ਚੰਗੇ ਵਿਦ੍ਵਾਨ ਤੇ ਕਵੀ ਸਨ – ਢਿਡ ਹੇਠਾਂ ਦੱਬ ਕੇ ਕਈ ਕਿਸਮ ਦੀਆਂ ਰਾਗਣੀਆਂ ਦਾ ਅਨੰਦ ਲੈ ਰਹੇ ਸਨ।

ਅਚਾਨਕ ਬਾਹਰ ਹਥੌੜੀਆਂ ਤੇ ਇੱਟਾਂ ਖੜਕ ਉਠੀਆਂ। ਅਸੀਂ ਦੋਵੇਂ ਬਾਹਰ ਭੱਜ ਗਏ। ਧ੍ਰੇਕਾਂ ਹੇਠਾਂ ਬਦਾਮਾਂ ਦੇ ਢੇਰ ਲਗੇ ਹੋਏ ਸਨ- ਤੇ ਹਥੌੜੀਆਂ ਦਬਾ ਦਬ ਚਲ ਰਹੀਆਂ ਸਨ।

ਸਾਨੂੰ ਵੇਖਦੇ ਹੀ ਸੰਤ ਬੂੜ ਸਿੰਘ ਜੀ ਕਿਹਾ —

ਮੈਨੂੰ ਪਤਾ ਹੈ ਜਿਹੜੀ ਮਾਰ ਉਤੇ ਤੁਸੀਂ ਆਏ ਹੋ? ਤੁਹਾਨੂੰ ਸ਼ਹੀਦੀਆਂ ਛਕਾਵਾਂਗੇ। ਸ਼ਹੀਦੀ ਦੇ ਸੁੱਕੇ ਬਦਾਮ ਨਹੀਂ ਖਾਈਦੇ। ਜਦੋਂ ਅਸੀਂ ਏਥੋਂ ਉਠ ਖਲੋਤੇ ਓਦੋਂ ਪਿੜ ਤੁਹਾਡਾ ਹੋਵੇਗਾ।

ਸੰਤਾਂ ਦਾ ਆਡਰ ਸੁਣ ਕੇ ਅਸੀਂ ਔਲੂ ਵਿਚ ਨ੍ਹੌਣ ਲਗ ਗਏ। ਸਾਡੇ ਛਿੱਟੇ ਦੂਰ ਦੂਰ ਤਕ ਜਾਂਦੇ ਸਨ। ਲਾਂਗਰੀ ਕਹਿੰਦੇ ਸਨ – ਸਾਡੀ ਵੀ ਵਾਰੀ ਕਦੇ ਆਵੇਗੀ। ਜਦੋਂ ਅਸੀਂ ਵਡੀਆਂ ਵਡੀਆਂ ਥਾਲੀਆਂ, ਦੇਗਾਂ ਦੀਆਂ ਭਰ ਦਿੱਤੀਆਂ, ਪੀਤੇ ਬਿਨਾਂ ਨਹੀਂ ਹਿਲਣ ਦਿਆਂਗੇ?

ਅਸੀਂ ਸਜ਼ਾ ਸੁਣ ਕੇ ਬਹੁਤ ਖੁਸ਼ ਹੋਏ ਤੇ ਚਾਂਭੜਾਂ ਮਾਰ ਮਾਰ ਕੇ ਕੁੰਡ ਅੱਧਾ ਕਰ ਦਿਤਾ।

ਹੁਣ ਮੈਦਾਨ ਸਾਡੇ ਹੱਥ ਸੀ। ਅਸੀਂ ਕੱਲੀ ਕੱਲੀ ਛਿਲੜ ਫਰੋਲ ਦਿਤੀ ਤੇ ਬਹੁਤ ਸਾਰਾ ਮਸਾਲਾ ਸਾਡੇ ਹੱਥ ਲਗਾ। ਪਸ਼ੌਰੀ ਬਦਾਮਾਂ ਦੀਆਂ ਗਿਰੀਆਂ ਅੰਬਾਂ ਨਾਲੋਂ ਵੀ ਵੱਧ ਸੁਆਦੀ ਸਨ।

ਪ੍ਰਸ਼ਾਦ ਉਤੇ ਸਭ ਦਾ ਹੱਕ ਹੁੰਦਾ ਹੈ। ਹਥੌੜੀਆਂ ਦੀ ਆਵਾਜ਼ ਸੁਣਕੇ ਅਤੇ ਹਿੱਸਾ ਵੰਡੌਣ ਖਾਤਰ ਗਾਲੜ ਵੀ ਧ੍ਰੇਕਾਂ ਤੇ ਜਾਮਨਾਂ ਤੋਂ ਉਤਰ ਕੇ ਸਾਡੇ ਉਦਾਲੇ ਆਣ ਹੋਏ।

ਗੱਲ ਅਸਲ ਵਿਚ ਏਹ ਸੀ ਕਿ ਜਦੋਂ ਵੀ ਹਥੌੜੀ ਖੜਕਦੀ ਬਦਾਮਾਂ ਦੀਆਂ ਗਿਰੀਆਂ ਖਾਣ ਵਾਸਤੇ ਕਾਟਵਾਂ ਵੀ ਕਿੜ ਕਿੜ ਕ਼ਰਦੀਆਂ ਰੁਖਾਂ ਤੋਂ ਹੇਠਾਂ ਉਠ ਭਜਦੀਆਂ। ਜਿਵੇਂ ਬਰਫ ਉਤੇ ਫਿਸਲਨ ਵਾਲੀਆਂ ਟੀਮਾਂ ਪਹਾੜਾਂ ਉਤੋਂ ਤਿਲਕ ਪੈਂਦੀਆਂ ਹਨ।

ਅਸੀਂ ਏਹ ਨ੍ਹਹੀਂ ਸਾਂ ਚਾਹੁੰਦੇ ਕਿ ਗਾਲ੍ਹੜ ਆਪਾ ਧਾਪੀ ਮਚੌਣ ਤੇ ਅਨਾਰਕੀ ਫੈਲਾ ਦੇਣ। ਅਸੀਂ ਆਪ ਹੱਥਾਂ ਨਾਲ ਵਾਰੀ ਵਾਰੀ ਬਦਾਮਾਂ ਦੀਆਂ ਗਿਰੀਆਂ ਮੂੰਹਾਂ ਵਿਚ ਫੜਾ ਰਹੇ ਸਾਂ। ਤੇ ਕਾਟਵਾਂ ਧਰਤੀ ਉਤੇ ਪਿਠ ਟੇਕ ਕੇ ਅਗਲੇ ਪੰਜਿਆਂ ਵਿਚ ਗਿਰੀਆਂ ਫੜ ਕੇ ਇਸ ਤਰ੍ਹਾਂ ਖਾ ਰਹੀਆਂ ਸਨ ਜਿਵੇਂ ਸਾਥੋਂ ਲੈ ਕੇ ਸਾਨੂੰ ਹੀ ਦੰਦੀਆਂ ਚਿੜਾ ਰਹੀਆਂ ਹੋਣ। ਵਾਰੀ ਵਾਰੀ ਧਰਤੀ ਤੇ ਪੂਛਾਂ ਵੀ ਪਟਕੇ ਰਹੀਆਂ ਸਨ। ਸਾਰੇ ਸੰਤ ਮਹੰਤ ਸਾਡੀ ਤੇ ਗਾਲੜਾਂ ਦੀ ਏਸ ਖੇਡ ਨੂੰ ਵੇਖ ਰਹੇ ਸਨ। ਅਸੀਂ ਆਪ ਵੀ ਗਿਰੀਆਂ ਖਾ ਰਹੇ ਸਾਂ। ਤੇ ਓਹਨਾਂ ਨੂੰ ਵੀ ਖੁਆ ਰਹੇ ਸਾਂ ਤੇ ਓਹਨਾਂ ਦੇ ਅਗਲੇ ਪੰਜਿਆਂ ਵਿਚ ਫੜਾ ਰਹੇ ਸਾਂ।

ਪਰ ਅਜੇ ਵੀ ਹੋਰ ਸੁਆਦ ਲੈਣਾ ਬਾਕੀ ਸੀ।

ਮੈਂ ਇਕ ਗਿਰੀ ਫੜ ਕੇ ਗਾਲੜ ਵਲ ਵਧਾਈ ਤੇ ਪਿਛੇ ਖਿਚ ਲਈ। ਦੋਬਾਰਾ ਫੇਰ ਓਸ ਵਲ ਵਧਾਈ ਪਰ ਐਤਕਾਂ ਓਸਨੇ ਮੇਰੀ ਉਂਗਲੀ ਹੀ ਫੜ ਲਈ ਅਤੇ ਰੱਜਕੇ ਦੰਦੀ ਵਢੀ। ਮੈਂ ਚੀਕ ਉਠਿਆ, ਪਰ ਸੁਣੇ ਕੌਣ? ਬੇਅੰਤ ਜੀ ਤਾਂ ਖੂਬ ਤਾੜੀਆਂ ਮਾਰ ਮਾਰ ਕੇ ਹੱਸ ਰਹੇ ਸਨ।

ਹਿਸਾਰ ੮-੯-੬੯

ਉਡੀਕਾਂ

ਅਸੀਂ ਭਾਵੇਂ ਅਜੇ ਬਹੁਤ ਹੀ ਛੋਟੇ ਸਾਂ। ਪਰ ਏਨੀ ਔੜ ਅਜ ਤਕ ਨਹੀਂ ਸੀ ਵੇਖੀ। ਪੂਰੇ ਛੇ ਮਹੀਨੇ ਪਿਛੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਪਰਤੇ ਸਨ। ਘੋੜਿਆਂ ਤੇ ਦੌਰਾ ਅਤੀ ਲੰਮਾ ਸਫਰ। ਕਿਥੇ ਲਾਇਲਪੁਰ ਤੇ ਸਰਗੋਧਾ ਕਿਥੇ ਭੈਣੀ ਸਾਹਿਬ ਓਸ ਵੇਲੇ ਜੀਪਾਂ ਨੂੰ ਤਾਂ ਕੋਈ ਜਾਣਦਾ ਵੀ ਨਹੀਂ ਸੀ। ਕੇਵਲ ਖੁਲ੍ਹੀ ਛਤ ਦੀਆਂ ਕਾਰਾਂ। ਸ਼ਹਿਰ ਤੋਂ ਸ਼ਹਿਰ ਤਕ ਔਣ ਜਾਣ ਵਾਸਤੇ। ਪਿੰਡਾਂ ਲਈ ਤਾਂ ਕਾਰਾਂ ਇਉਂ ਹੀ ਸਨ, ਜਿਵੇਂ ਸਾਡੇ ਵਾਸਤੇ ਅਜ ਸਪੂਤਨਿਕ। ਬਿਕ੍ਰਮੀ ਸੰਮਤ ਦੀ ੮੦ ਜਾਂ ੮੨ ਦੀ ਹੀ ਗਲ ਹੋਣੀ ਏਂ। ਅਸੀਂ ਵੀ ਤਰਸ ਗਏ ਸਾਂ ਦਰਸ਼ਨਾਂ ਨੂੰ। ਸਤਿਗੁਰੂ ਦਰਸ਼ਨ ਸਾਡੇ ਲਈ ਤਾਂ ਹੋਰ ਵੀ ਕਈ ਤਰ੍ਹਾਂ ਦੀ ਅਹਿਮੀਅਤ ਰਖਦੇ ਸਨ।

ਮੋਟੇ, ਪਤਲੇ, ਉਚੇ ਨੀਵੇਂ, ਅਨੇਕਾਂ ਸੰਤਾਂ ਮਹੰਤਾਂ ਦੇ ਦਰਸ਼ਨ। ਜਿੰਨੇ ਦਿਨ, ਸਤਿਗੁਰੂ ਜੀ ਭੈਣੀ ਸਾਹਿਬ ਦਰਸ਼ਨ ਦੇਣ, ਉਤਨੇ ਦਿਨ ਮਾਸਟਰ ਜੀ ਨੂੰ ਹੋਰ ਬਹੁਤੇ ਕੰਮ। ਯਾਰਾਂ ਨੂੰ ਬਹਾਰਾਂ। ਖਾਣ ਵਾਸਤੇ ਵੰਨ ਸੁਵੰਨੇ ਮੇਵੇ, ਬਾਦਾਮ, ਮਿਸ੍ਰੀ, ਸੌਗੀ, ਪਿਸਤੇ ਅਤੇ ਚਿਲਗੋਜ਼ੇ। ਅੰਬ ਅਨਾਰ ਸੇਬ ਆਦਿ ਤਾਂ ਕਿਸਦੇ ਯਾਦ। ਏਸ ਤੋਂ ਬਿਨਾਂ, ਕਿਰਪਾ ਸਿੰਘ ਦੇ ਮਠਿਆਈਆਂ ਦੇ ਭੰਡਾਰੇ। ਦੌਰੇ ਦੀ ਅਗਲੀ ਤਿਆਰੀ ਵਾਸਤੇ ਕਿਧਰੇ ਸ਼ਰਬਤ ਬਣਦੇ, ਖੋਏ ਨਿਕਲਨੇ, ਦੇਸੀ ਮਿਸ਼ਰੀ– ਜੋ ਓਦੋਂ ਦੀ ਹੀ ਖਾਧੀ ਹੋਈ ਹੈ– ਓਸ ਦੀ ਮਿਠਾਸ ਨਾਲ ਅਜ ਵੀ ਮੂੰਹ ਸੁਆਦ ਸੁਆਦ ਹੋ ਜਾਂਦਾ ਹੈ। ਕਿਸੇ ਪਾਸੇ ਕੜਾਹ ਪ੍ਰਸ਼ਾਦ ਦੇ ਜੈਕਾਰੇ, ਅਤੇ ਕਿਸੇ ਪਾਸੇ ਸ਼ਹੀਦੀ ਦੇਗਾਂ ਦੇ ਮਾਰੇ ਬੁਕਾਰੇ। ਅਸੀਂ ਤਾਂ ਏਥੇ ਇਉਂ ਹੀ ਸਾਂ ਜਿਵੇਂ ਨੰਦ ਮਹਾਰਾਜ ਦੀ ਰਾਜਧਾਨੀ ਵਿਚ ਕ੍ਰਿਸ਼ਨ–ਸੁਦਾਮਾ।

ਸ਼ਾਮ ਨੂੰ ਜਿਵੇਂ ਕਥਾ ਕੀਰਤਨ ਜ਼ਰੂਰੀ ਸੀ, ਓਸੇ ਤਰ੍ਹਾਂ ਹੀ – ਦੀਵਾਨ ਵਿਚ – ਸਾਡਾ ਹਾਜ਼ਰ ਹੋਣਾ ਵੀ ਲਾਜ਼ਮੀ ਸੀ। ਜਿਥੇ ਬੈਠਣਾ ਹੁੰਦਾ – ਅਸੀਂ ਪਹਿਲਾਂ ਹੀ ਓਹ ਥਾਂ ਤਕਾ ਲੈਣੀ। ਆਮ ਕਰਕੇ ਅਸੀਂ ਸਤਿਗੁਰੂ ਜੀ ਦੇ ਪਿਛੇ ਜਾਂ ਕਿਸੇ ਮੋਟੇ ਸੰਤ ਦੀ ਆੜ ਵਿਚ ਬੈਠਦੇ। ਜਿਥੇ ਅਸੀਂ ਲੋੜ ਪੈਣ ਉਤੇ ਹੱਸ ਲਈਏ ਤੇ ਗੱਲਾਂ ਵੀ ਕਰ ਲਈਏ। ਸਾਡੀਆਂ ਗੱਲਾਂ ਨੂੰ ਅਸੀਂ ਹੀ ਜਾਣਦੇ ਸਾਂ ਜਾਂ ਮਾਸਟਰ ਬਲਵੰਤ ਸਿੰਘ ਜੀ।

ਦੀਵਾਨ ਵਿਚ ਸਾਡੇ ਲਈ ਸਭ ਤੋਂ ਵਡਾ ਆਕਰਸ਼ਨ, ਸਤਿਗੁਰਾਂ ਦੀ ਆਵਾਜ਼ ਤੇ ਓਹਨਾਂ ਦਾ ਤਾਊਸ ਹੁੰਦੇ ਸਨ। ਅਰਦਾਸ ਪਿਛੋਂ ਜਦੋਂ ਸੰਗਤ ਤੇ ਸਤਿਗੁਰੂ ਜੀ ਬਚਨ ਬਿਲਾਸ ਵਿਚ ਰੁਝ ਜਾਂਦੇ ਤਾਂ ਅਸੀਂ ਹੌਲੀ ਦੇ ਕੇ ਖਿਸਕ ਜਾਂਦੇ। ਫੇਰ ਵੀ ਅਸੀਂ ਭਾਈ ਵਜ਼ੀਰ ਸਿੰਘ ਜੀ ਨੂੰ ਛੇੜੇ ਬਿਨਾਂ ਨਾ ਰਹਿੰਦੇ। ਭਾਈ ਜੀ ਦੀ ਸਭ ਤੋਂ ਵਡੀ ਕਮਜ਼ੋਰੀ ਦਾ ਸਾਨੂੰ ਪਤਾ ਸੀ। ਇਕ ਪਾਸੇ ਬੇਅੰਤ ਜੀ ਨੇ ਜਾ ਬਹਿਣਾ ਤੇ ਦੂਸਰੇ ਪਾਸੇ ਮੈਂ। ਸਾਨੂੰ ਦੂਰੋਂ ਹੀ ਵੇਖਕੇ ਭਾਈ ਸਾਹਿਬ ਨੇ ਆਲੇ ਦੁਆਲੇ ਬੈਠੀ ਸੰਗਤ ਨੂੰ ਕਹਿਣਾ–ਤੁਸੀਂ ਹੁਣ

ਪਰੇ ਹੋ ਜਾਓ। ਤੇ ਮੈਨੂੰ ਏਹਨਾਂ ਨਾਲ ਨਿਬੜ ਲੈਣ ਦਿਓ। ਸਫ ਉਤੇ ਲੰਮੇ ਪਏ ਹੀ ਭਾਈ ਜੀ ਸਾਡੇ ਕਾਬੂ ਔਂਦੇ। ਜੇ ਬੇਅੰਤ ਜੀ ਵਲ ਮੂੰਹ ਕਰਦੇ ਤਾਂ ਮੈਂ ਕਛ ਵਿਚ ਉਂਗਲੀ ਲਾ ਦੇਣੀ ਤੇ ਜੇ ਮੇਰੇ ਵਲ ਮੂੰਹ ਕਰਦੇ ਤਾਂ ਬੇਅੰਤ ਜੀ ਨੇ ਕੁਤ ਕੁਤਾਰੀ ਕੱਢ ਦੇਣੀ। ਭਾਈ ਜੀ ਨੇ ਕੇਸੂ ਦੇ ਫ਼ੁੱਲ ਵਾਂਗ ਖਿੜ ਪੈਣਾ।

ਤੁਹਾਨੂੰ ਕਿਹਾ ਸੀ ਨਾ, ਏਹ ਜ਼ਰੂਰ ਛੇੜਨਗੇ। ਮੈਨੂੰ ਉਠਾਏ ਬਿਨਾਂ ਨਹੀਂ ਜਾਣਾ ਏਹਨਾਂ ਨੇ। ਤੇ ਸਚ ਮੁਚ ਹੀ ਜਦੋਂ ਭਾਈ ਹੁਰੀਂ ਉਠ ਬਹਿੰਦੇ, ਅਸੀਂ ਅੱਗੇ ਵਧ ਜਾਂਦੇ।

ਅਜ ਮਾਸਟਰ ਜੀ ਨੇ ਸਾਨੂੰ ਦਸ ਦਿਤਾ ਸੀ ਕਿ ਸਵੇਰੇ ਤੁਹਾਡਾ ਇਮਤਿਹਾਨ ਹੈ। ਤੂੰ ਸਵਖਤੇ ਆਈਂ। ਮੈਂ ਓਸ ਵੇਲੇ ਆਪਦੀ ਦਾਦੀ ਜੀ ਕੋਲ ਹੀ ਭੈਣੀ ਜਾ ਕੇ ਸੌਂਦਾ ਸਾਂ। ਵਿਦਯਾਲੇ ਦੀ ਨੀਂਹ ਓਸ ਤੋਂ ਕਾਫੀ ਪਿਛੋਂ ਜਾ ਕੇ ਟਿਕੀ ਸੀ।

ਸੁਬਹ ਚੰਡੀ ਦੀ ਵਾਰ ਦਾ ਪਾਠ ਕਰਨ ਪਿਛੋਂ, ਸਤਿਗੁਰੂ ਜੀ ਫੁਰਮਾਇਆ:

ਆਓ ਸੁਣਾਓ ਖਾਂ ਤੁਸਾਂ ਕੀ ਪੜ੍ਹਿਆ ਹੈ। ਸਤਿਗੁਰੂ ਜੀ ਦਾ ਇਸ਼ਾਰਾ ਬੇਅੰਤ ਜੀ ਵੱਲ ਸੀ।

ਜਾਗ ਜਿਨਕੇ ਬਡੇਰੇ, ਬਾਣੀ ਪੜ੍ਹਤੇ ਸਵੇਰੇ
ਗੁਰੂ ਗ੍ਰੰਥ ਬਿਨ ਹੇਰੇ ਅੰਨ ਜਲ ਪਾਨ ਨ ਕਰੈਂ।
ਤਿਨ ਹੀ ਕੇ ਨਾਤੀ, ਧੂਪ ਦੀਪ ਕੀ ਕਹਾਂ ਵਿਖਿਆਤੀ।
ਪਾਏ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਜੇ ਪਰੈਂ।
ਜਪੁਜੀ ਨਾ ਰਹੁਰਾਸ, ਪੜ੍ਹੈ ਸੁਣੇ ਕਭੀ ਖਾਸ
ਔਰ ਜੇ ਪੜ੍ਹਤ ਪਾਸ ਹਾਸ ਤਿਨ ਬੈਂ ਰਰੈਂ।
ਕਹਾਂ ਰਬ ਬਹਿਰਾ ਹੈ ? ਗਹਿਰਾ ਪੁਕਾਰੈ ਯੌਂ ਤੂੰ . . . .

ਬੇਅੰਤ ਜੀ, ਬੜੇ ਠਰ੍ਹੰਮੇ ਨਾਲ, ਜਿਵੇਂ ਗੱਲਾਂ ਕਰ ਰਹੇ ਹੋਣ, ਗੱਡੇ ਹੋਏ ਕਾਨਿਆਂ ਨੂੰ ਸੰਬੋਧਨ ਕਰਦੇ ਹੋਏ, ਗਿਆਨੀ ਗਿਆਨ ਸਿੰਘ ਜੀ ਦੇ ਏਸ ਕਥਨ ਨੂੰ ਅਗੇ ਵਧੌਂਦੇ ਚਲੇ ਜਾ ਰਹੇ ਸਨ — ਜਿਵੇਂ ਬਾਂਸਾਂ ਦੇ ਜੰਗਲ ਵਿਚੋਂ ਹੌਲੀ ਹੌਲੀ ਰਸਤਾ ਬਣੌਂਦਾ-ਬਨਰਾਜ(ਸ਼ੇਰ)-ਪਾਣੀ ਦੇ ਚਸ਼ਮੇ ਵਲ ਵਧ ਰਿਹਾ ਹੋਵੇ।

ਹੱਛਾ ਬਈ ਤੂੰ. . . . . .

ਮੈਂ . . . . . ਮੈਂ ਜੀ ਅਜੇ ਫੱਟੀ ਹੀ ਲਿਖਦਾ ਹਾਂ।

"ਚੰਗਾ, ਮਿਹਨਤ ਨਾਲ ਪੜ੍ਹਿਆ ਕਰੋ" ਕਹਿਕੇ ਘੋੜਿਆਂ ਵਲ ਚਲੇ ਗਏ। ਤੇ ਅਸੀਂ ਹੁਣ ਵਿਹਲੇ ਸਾਂ।

ਮੈਂ ਅੱਜ ਵੀ ਸੋਚਦਾ ਹਾਂ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਅੱਜ ਦਾ ਆਕਰਸ਼ਕ ਉਪਦੇਸ਼ ਜਾਗ ਜਿਨ ਕੇ ਬਡੇਰੇ ਦੀ ਹੀ ਉਪਜ ਹੈ ਜਾਂ . . . . . .

ਆਦਮੀ ਅੱਧਾ ਭੁੱਖਾ ਰਹਿੰਦਾ ਹੈ ਹਮੇਸ਼ਾ

ਗੁਰਦਵਾਰੇ ਦਾ ਇਕ ਭਾਈ ਕੜਾਹ ਪ੍ਰਸ਼ਾਦ ਵਰਤਾ ਰਿਹਾ ਸੀ। ਇਕ ਪਰਦੇਸੀ-ਬੇ-ਪਰਵਾਹੀ ਨਾਲ ਕੋਲੋਂ ਦੀ ਲੰਘ ਰਿਹਾ ਸੀ। ਭਾਈ ਜੀ ਕਿਹਾ —

ਗੁਰਮੁਖਾ ਤੂੰ ਵੀ ਗੱਫਾ ਲੈ ਲੈ।

ਓਸ ਕਿਹਾ ਜੀ! ਮੈਂ ਹੁਣੇ ਰੱਜ ਪੁਜ ਕੇ ਘਰੋਂ ਆ ਰਿਹਾ ਹਾਂ। ਮੈਨੂੰ ਹੁਣ ਹੋਰ ਭੁੱਖ ਨਹੀਂ।

ਭਾਈ ਜੀ ਨੇ ਕਿਹਾ ਸਾਧੂਆ-ਏਹ ਗੁਰੂ ਕਾ ਪ੍ਰਸ਼ਾਦ ਹੈ ਨਾਂਹ ਨਹੀਂ ਕਰੀਦੀ ਤੇ ਚੰਗਾ ਤਕੜਾ ਗੱਫਾ ਓਸਦੇ ਹੱਥਾਂ ਉਤੇ ਟਿਕਾ ਦਿਤਾ।

ਅੱਧ ਸੇਰ ਪੱਕਾ ਪਰਸ਼ਾਦ ਛਕ ਕੇ ਪਰਦੇਸੀ ਕਹਿਣ ਲਗਾ –

ਆਦਮੀ ਹਮੇਸ਼ਾਂ ਅੱਧਾ ਭੁੱਖਾ ਹੀ ਰਹਿੰਦਾ ਹੈ। ਸੋ . . . . . .

ਸੁੱਚ ਸੋਧ ਦਾ ਪਾਠ ਤਾਂ ਸਾਨੂੰ ਸ਼ੁਰੂ ਤੋਂ ਹੀ ਪੜ੍ਹਾਇਆ ਜਾਂਦਾ ਸੀ। ਤੇ ਬਹੁਤ ਕੁਝ ਸਾਧਾਂ ਸੰਤਾਂ ਨੂੰ ਵੇਖ ਕੇ ਦਿਮਾਗ਼ ਗ੍ਰਹਿਣ ਕਰ ਲੈਂਦਾ ਹੈ।

ਬੇਅੰਤ ਜੀ ਮਹਾਰਾਜ ਜੰਗਲ ਜਾ ਕੇ ਆਏ ਸਨ। ਓਹਨਾਂ ਪਹਿਲਾਂ ਗੁੱਟਾਂ ਤਕ ਰੇਤ ਨਾਲ ਹੱਥ ਮਾਂਜੇ। ਫੇਰ ਦੂਸਰੀ ਵਾਰ ਗੜਵਾ ਮਾਂਜਿਆ। ਅਤੇ ਖ਼ੂਹ ਵਿਚੋਂ ਪਾਣੀ ਕੱਢ ਕੇ ਹੱਥ ਮੂੰਹ ਵੀ ਧੋਤਾ। ਤੇ ਹੁਣ ਅਸੀਂ ਪਿਛਲੇ ਪਹਿਰ ਦੀ ਖੇਡ ਵਾਸਤੇ ਤਿਆਰ ਸਾਂ।

ਠਹਿਰੋ ਬਈ! ਦੌੜੋ ਨਾ। ਜਥੇਦਾਰ ਗੁਰਮੁਖ ਸਿੰਘ ਜੀ ਨੇ ਫ਼ੁਰਮਾਇਆ। ਸੇਠ ਹੁਰੀਂ ਪਤਾ ਨਹੀਂ ਕਿਤਨੀ ਦੂਰੋਂ ਦਰਸ਼ਨ ਕਰਨ ਆਏ ਹੋਣ। ਦਰਸ਼ਨ ਦਿੰਦੇ ਜਾਓ ਤੇ ਨਾਲੇ ਕਸ਼ਮੀਰ ਦੀਆਂ ਸੁਗਾਤਾਂ ਵੀ ਖਾਂਦੇ ਜਾਓ।

ਪਤਾ ਨਹੀਂ ਕਸ਼ਮੀਰ ਦੀ ਓਹ ਛੋਟੀ ਨਾਖ ਕਿਤਨੀ ਮਿੱਠੀ ਸੀ। ਕਸ਼ਮੀਰ ਵਿਚ ਜਾ ਕੇ ਵੀ ਉਹ ਓਨੀ ਸੁਆਦਲੀ ਨਹੀਂ ਸੀ ਲਗੀ ਜਿੰਨੀ ਮਿਠੀ ਉਸ ਵੇਲੇ ਕੋਠੀ ਵਾਲੇ ਖ਼ੂਹ ਤੇ ਲਗੀ ਸੀ।

ਬੇਅੰਤ ਜੀ ਨੇ ਟੋਕਰੀ ਧੋਤੀ ਤੇ ਅਸੀਂ ਖ਼ੂਹ ਦੀ ਮੌਣ ਤੇ ਬੈਠ ਗਏ ਚੌਕੜੀਆਂ ਮਾਰ ਕੇ। ਟੋਕਰੀ ਨੇ ਤਾਂ ਕੀ ਮੁਕਣਾ ਸੀ-ਪਰ ਮੈਂ ਪਾਸੇ ਮਾਰਨ ਲਗ ਪਿਆ ਸਾਂ।

ਚੰਗਾ ਜੇ ਰੱਜ ਗਿਆ ਏਂ ਤਾਂ ਤੂੰ ਤਾਂ ਉਠ ਤੇ ਏਹਨਾਂ ਨੂੰ ਛਕਣ ਦੇਹ। ਗੁਰਮੁਖ ਸਿੰਘ ਜੀ ਹੁਕਮੀਆਂ ਲਹਿਜੇ ਨਾਲ ਕਿਹਾ।

ਮੈਂ ਉਠ ਤਾਂ ਬੈਠਾ ਪਰ ਕੀਤੀ ਗਲਤੀ ਹੀ ਸੀ ਸਾਥ ਛਡ ਕੇ। ਪਰ ਅਸਲ ਗਲਤੀ ਤਾਂ ਜਥੇਦਾਰ ਜੀ ਨੇ ਕੀਤੀ ਜਿੰਨਾਂ ਮੈਨੂੰ ਉਠਣ ਦੀ ਸਲਾਹ ਦਿਤੀ। ਜਦੋਂ ਕਿ ਪਹਿਲਾਂ ਖਾਣਾਂ ਸ਼ੁਰੂ ਕਰਨਾ ਤੇ ਖਾ ਕੇ ਪਹਿਲਾਂ ਉਠਣਾਂ ਸਾਡੀ ਸੱਭਤਾ ਵਿਚ ਦੋਵੇਂ ਹੀ ਵਰਜਤ ਹਨ।

ਮੈਂ ਸੋਚ ਰਿਹਾ ਸਾਂ – ਅਜੇ ਨਾ ਉਠਦਾ ਤਾਂ ਹੋਰ ਘੜੀ ਏਸੇ ਤਰ੍ਹਾਂ ਲੰਘ ਜਾਣੀ ਸੀ। ਇਕ ਦੋ ਨਾਖਾਂ ਤਾਂ ਅਜੇ ਖਾ ਹੀ ਸਕਦਾ ਸਾਂ। ਕਰਨ ਨੂੰ ਤਾਂ ਭਾਵੇਂ ਗੱਲ ਏਹੋ ਹੀ ਸੀ। ਪਰ ਮੈਂ ਬੇਅੰਤ ਜੀ ਤੋਂ ਦੂਰ ਜਾ ਹੀ ਕਿਵੇਂ ਸਕਦਾ ਸਾਂ। ਵਾਸ਼ਨਾਂ ਤੋਂ ਦੂਰ ਭੰਵਰਾ ਤੇ ਪ੍ਰਕਾਸ਼ ਤੋਂ ਦੂਰ ਪਰਵਾਨਾ ਕਿਵੇਂ ਹੋ ਸਕਦਾ ਹੈ?

ਏਹ ਛੋਟੀਆਂ ਨਾਖਾਂ ਬੇਅੰਤ ਜੀ ਨਿਰੀਆਂ ਖਾ ਹੀ ਨਹੀਂ ਸਨ ਰਹੇ, ਨਾਲ ਨਾਲ ਮੈਨੂੰ ਵਖਾ ਵਖਾ ਕੇ ਝਿਰਕਾ ਵੀ ਰਹੇ ਸਨ। ਤੇ ਸੈਨਤਾਂ ਨਾਲ ਹੀ ਦੱਸ ਰਹੇ ਸਨ- ਬੱਸ ਦੋ ਮਿੰਟ ਹੋਰ।

ਕਿਉਂ ਬਈ ਤੂੰ ਏਥੇ ਕੀ ਕਰਦਾ ਹੈਂ ? ਨਾਂਹ ਕਰਕੇ ਫੇਰ ਝਾਕ? ਜਥੇਦਾਰ ਜੀ ਕਿਹਾ — ਤੇ ਮੈਂ ਹੋਰ ਦੂਰ ਖਿਸਕ ਗਿਆ।

ਬੇਅੰਤ ਜੀ ਜਦੋਂ ਭੀਮ ਵਾਂਗ ਪੇਟ ਪੂਜਾ ਕਰਕੇ ਮੇਰੇ ਕੋਲ ਆਏ ਮੈਂ ਤਾਹਨਾਂ ਦੇਣ ਦੇ ਰਉਂ ਵਿਚ ਆਖਿਆ —

ਹੱਦ ਹੋ ਗਈ। ਤੁਸੀਂ ਜਾਣ ਬੁਝ ਕੇ ਮੈਨੂੰ ਝਿੜਕਾਂ ਦੁਔਣ ਖਾਤਰ ਹੀ ਦੇਰੀ ਲਾਈ ਸੀ।

ਏਹ ਕਿਵੇਂ ਹੋ ਸਕਦਾ ਹੈ? — ਬੇਅੰਤ ਜੀ ਕਿਹਾ

ਫੇਰ ਤੁਸੀਂ ਕਿਸਦੀ ਭੁਖ ਮਿਟਾਂਦੇ ਰਹੇ ਹੋ? — ਮੈਂ ਕਿਹਾ।

ਤੇਰੀ।

ਕਿਉਂ?

ਤੂੰ ਭੁਖਾ ਜੋ ਉਠ ਬੈਠਾ ਸੀ।

ਬਾਬਾ ਚੰਦਾ ਸਿੰਘ ਜੀ

ਅਸੀਂ ਜਦੋਂ ਪੜ੍ਹਦੇ ਪੜ੍ਹਦੇ ਥੱਕ ਜਾਂਦੇ ਤਾਂ ਖੇਡਣ ਦੀ ਵਾਰੀ ਆ ਜਾਂਦੀ। ਤੇ ਜਦੋਂ ਖੇਡਦੇ ਖੇਡਦੇ ਥੱਕ ਜਾਂਦੇ ਤਾਂ ਸ੍ਰੀ ਭੈਣੀ ਸਾਹਿਬ ਵਲ ਅੱਡੀਆਂ ਚੱਕ ਚੱਕ ਵੇਂਹਦੇ-

ਵੱਲਭ ਜੀ ਹੁਣ ਵੀ ਆਏ- ਹੁਣ ਵੀ ਆਏ।

ਬੇਅੰਤ ਜੀ ਨੇ ਲੌਂਢੇ ਵੇਲੇ ਦਾ ਇਸ਼ਨਾਨ ਕਰ ਲਿਆ ਸੀ। ਤੇ ਧੋਤੇ ਕਪੜੇ ਪਾ ਕੇ ਤਿਆਰ ਬਰ ਤਿਆਰ ਹੋ ਗਏ ਸਨ। ਹੁਣ ਸਾਡਾ ਸੈਰ ਦਾ ਸਮਾਂ ਸੀ। ਠੀਕ ਆਥਣ ਵੇਲਾ।

ਅਸੀਂ ਦੋਵੇਂ ਫੁੱਲਾਂ ਤੋਂ ਤਿਤਲੀਆਂ ਉਡੌਂਦੇ ਫਿਰ ਰਹੇ ਸਾਂ, ਸਾਨੂੰ ਬਾਬਾ ਚੰਦਾ ਸਿੰਘ ਯਾਦ ਆ ਗਿਆ। ਤੇ ਅਸੀਂ ਸੋਚਿਆ ਬਾਬੇ ਕੋਲ ਚਲੀਏ।

ਬਾਬਾ ਬੜਾ ਵਧੀਆ ਆਦਮੀ ਸੀ। ਲੰਮਾ ਝੰਮਾ ਕੱਦ, ਸਫੈਦ ਦਾਹੜਾ। ਸੁੱਖੇ ਦਾ ਅਤਿਅੰਤ ਸ਼ੁਕੀਨ।

ਜਿਵੇਂ ਓਸ ਨੂੰ ਪਹਿਲਾਂ ਹੀ ਪਤਾ ਹੋਵੇ। ਪਿਪਲਾਂ ਹੇਠ ਖਲੋਤਾ ਬਾਬਾ ਸਾਨੂੰ ਹੀ ਉਡੀਕ ਰਿਹਾ ਸੀ। ਇਕ ਇਕ ਲੈਚੀ ਤੇ ਇਕ ਇਕ ਮਿਸ਼ ਦੀ ਡਲੀ ਦੇ ਕੇ ਬਾਬੇ ਨੇ ਸਾਡਾ ਸੁਾਗਤ ਕੀਤਾ।

ਪਰ ਅਸੀਂ ਕੁਝ ਵਾਧੂ ਚਾਹੁੰਦੇ ਸਾਂ।

ਪਤਾ ਨਹੀਂ ਸੁੱਕੇ ਮੇਵੇ ਬਾਬਾ ਕਿਥੋਂ ਭਾਲ ਭਾਲ ਕੇ ਲਿਆ ਰਖਦਾ ਸੀ। ਜੋ ਕੁਝ ਓਸਨੂੰ ਨਵਾਂ ਤੇ ਵਧੀਆ ਮਿਲਦਾ ਸੀ—ਬਾਬਾ ਪੋਟਲੀ ਵਿਚ ਬੰਨ੍ਹ ਕੇ ਆਪਦੀ ਲਕੜ ਦੀ ਪੇਟੀ ਵਿਚ ਸਾਂਭ ਰਖਦਾ ਸੀ। ਤੇ ਨਾਲ ਹੀ ਓਸਦੀ ਸੁਖੇ ਦੀ ਗੰਢ ਹੁੰਦੀ, ਜੋ ਓਸ ਨੇ ਅੱਕ ਧਤੂਰੇ ਦੀਆਂ ਪੁਠਾਂ ਦੇ ਕੇ ਤਿਆਰ ਕੀਤੀ ਹੁੰਦੀ।

ਬਾਬੇ ਨੇ ਦੋ ਦੋ ਦਾਖਾਂ ਹੋਰ ਦਿਤੀਆਂ ਤੇ ਬੜਾ ਹੱਸਿਆ ਤੇ ਖੁਸ਼ ਹੋਇਆ। ਕਹਿਣ ਲਗਾ — ਪਾਤਸ਼ਾਹੋ! ਹੁਣ ਤਾਂ ਖੁਸ਼ ਜੇ?

ਬਾਬਾ ਜੀ ਅਸੀਂ ਤਾਂ ਖੁਸ਼ ਹਾਂ, ਪਰ. . . ਮੇਰੇ ਵਲ ਇਸ਼ਾਰਾ ਕਰਕੇ

ਏਹ ਅਜੇ ਭੁੱਖਾ ਏ।

ਅਸੀਂ ਵੇਖ ਰਹੇ ਸਾਂ . . . . ਪੇਕਿਆਂ ਤੋਂ ਪਰਤ ਕੇ ਆਈ ਕੁੜੀ ਜਿਵੇਂ ਟੂੰਮਾਂ ਸਾਂਭ ਸਾਂਭ ਰਖਦੀ ਹੈ, ਓਸੇ ਤਰ੍ਹਾਂ ਬਾਬਾ ਵੀ ਪੋਟਲੀਆਂ ਸਾਂਭ ਸਾਂਭ ਰਖੀ ਜਾਂਦਾ ਸੀ। ਤੇ ਨਾਲੇ ਹੋਰ ਨਵੀਆਂ ਗੰਢਾਂ ਦੀ ਭਾਲ ਕਰ ਰਿਹਾ ਸੀ।

ਏਹ ਸਭ ਕੁਝ ਸਾਨੂੰ ਇਉਂ ਲਗ ਰਿਹਾ ਸੀ — ਜਿਵੇਂ ਮਦਾਰੀ ਲੋਕਾਂ ਨੂੰ ਹੈਰਾਨ ਕਰਨ ਲਈ, ਇਕ ਚੀਜ - ਗੁਥਲੇ — ਵਿਚ ਸਾਂਭ ਕੇ — ਦੂਸਰੀ ਕਢ ਲੈਂਦਾ ਹੈ — ਤੇ ਇਕ ਨਵਾਂ ਹੀ ਚਮਤਕਾਰ ਕਰ ਵਖੌਂਦਾ ਹੈ। ਠੀਕ ਏਸੇ ਤਰ੍ਹਾਂ ਬਾਬਾ ਚੰਦਾ ਸਿੰਘ ਜੀ ਵੀ, ਸਾਨੂੰ ਮਾਤ ਤੇ ਮਾਤ ਦੇ ਰਹੇ ਸਨ।

ਖੋਪੇ ਦੀ ਠੂਠੀ ਦੇ ਕਈ ਟੁਕੜੇ ਕਰ ਕੇ ਸਾਨੂੰ ਵੰਡ ਦਿੱਤੇ।

ਬਾਬਾ ਸਮਝਦਾ ਸੀ, ਏਸ ਖੇਡ ਨੂੰ ਠਾਕਰ ਜੀ ਹੁਣ ਆਖਰੀ ਚਮਤਕਾਰ ਸਮਝਣਗੇ। ਪਰ ਅਸੀਂ ਅਜੇ ਵੀ ਬਾਬੇ ਦੀ ਪਟਾਰੀ ਦੀ ਹੋਰ ਥਾਹ ਲੈਣੀ ਚਾਹੁੰਦੇ ਸਾਂ।

ਜਿਉਂ ਜਿਉਂ ਅਸੀਂ ਬਾਬਾ ਜੀ ਨੂੰ ਖਿਝੌਣ ਦੀ ਕੋਸ਼ਿਸ਼ ਕਰ ਰਹੇ ਸਾਂ — ਬਾਬਾ ਜੀ ਬਿਦਰ ਦੀ ਤਰਾਂ ਪ੍ਰੇਮ ਵਿਚ ਰੰਗੇ ਹੋਏ ਮਸਤੀ ਵਿਚ ਝੂਮ ਰਹੇ ਸਨ।

ਬਾਬਾ ਜੀ! ਅਸੀਂ ਤਾਂ ਰੱਜ ਗਏ ਹਾਂ ਪਰ ਵੱਲਭ ਜੀ ਅਜੇ ਝਾਕ ਰਹੇ ਹੈਨ। ਮੈਂ ਕਹਿ ਦਿਤਾ।

ਬਾਬਾ ਮੁਸਕੜੀਂ ਹੱਸਿਆ ਤੇ ਐਤਕਾਂ ਪੇਟੀ ਦੀ ਨਵੀਂ ਗੁੱਠ ਫੋਲਣੀ ਸ਼ੁਰੂ ਕਰ ਦਿਤੀ। ਅਸੀਂ ਬੜੀ ਉਤਸੁਕਤਾ ਨਾਲ ਵੇਖ ਰਹੇ ਸਾਂ ਐਤਕੀਂ ਬਾਬਾ ਸਾਡੇ ਤੋਂ ਕਿਵੇਂ ਜਾਨ ਛੁਡੌਂਦਾ ਹੈ। ਬਾਬਾ ਤਾਂ ਸਾਡੇ ਨਾਲ ਚੁਹਲ ਕਰ ਰਿਹਾ ਸੀ। ਨਹੀਂ ਤਾਂ ਪਤਾ ਨਹੀਂ ਕਿਤਨੇ ਬੱਚੇ ਖਿਡਾਏ ਸਨ, ਆਪਣੀ ਲੰਮੀ ਉਮਰ ਵਿਚ ਓਸ ਨੇ।

ਬਾਬੇ ਨੇ ਆਪਣਾ ਸਾਰਾ ਪਿਆਰ ਹੀ ਜਿਵੇਂ ਸਾਡੇ ਸਾਹਮਣੇ ਖਲਾਰ ਦਿਤਾ ਹੋਵੇ। ਲਓ ਆਪਦੀ ਮਰਜੀ ਨਾਲ ਚਕ ਲਓ, ਜਿੰਨੇ ਚਕਣੇ ਹੋਣ, ਤੇ ਰੱਜ ਰੱਜ ਕੇ ਛਕੋ।

ਅਸੀਂ ਤਿੰਨ-ਤਿੰਨ ਚਾਰ-ਚਾਰ ਬਾਦਾਮ ਚੁੱਕੇ, ਤੇ ਪਿਪਲ ਹੇਠਾਂ ਪਏ ਪੱਕੇ ਰੋੜਿਆਂ ਨਾਲ ਭੰਨਣ ਲਗ ਪਏ।

ਬਾਬੇ ਨੂੰ ਠੱਗਦੇ ਠੱਗਦੇ . . . ਐਤਕੀ ਅਸੀਂ ਆਪ ਹੀ ਠੱਗੇ ਗਏ ਸਾਂ।

ਸਾਨੂੰ ਆਹਰੇ ਲਾ ਕੇ – ਬਾਬਾ ਜੀ ਨੇ ਆਪਣੀ ਕੋਠੜੀ ਨੂੰ ਮਾਰਿਆ ਜਿੰਦਰਾ। ਗੜਵਾ ਡੋਰੀ ਤੇ ਕਛਹਿਰਾ ਪਰਨਾ ਮੋਢੇ ਉਤੇ ਰਖ – ਬਾਬਾ ਔਹ ਗਿਆ – ਔਹ ਗਿਆ।

ਤੇ ਅਸੀਂ ਵੇਹੰਦੇ ਹੀ ਰਹਿ ਗਏ। ਬਾਬਾ ਜੀ ਸ਼ਾਇਦ ਪ੍ਰਸ਼ਾਦਾ ਛਕਣ ਦੀ ਤਿਆਰੀ ਕਰ ਰਹੇ ਸਨ।

ਖਜ਼ਾਨਚੀ

ਸਕੂਲ ਦੀ ਹੀ ਗੱਲ ਹੈ ਜਦੋਂ ਅਸੀਂ ਬਹੁਤ ਛੋਟੇ ਛੋਟੇ ਹੁੰਦੇ ਸਾਂ। (ਸਤਿਗੁਰੂ ਜਗਜੀਤ ਸਿੰਘ ਜੀ ਨੂੰ-ਹੁਣ ਮੈਂ ਆਪਣੀਆਂ ਲਿਖਤਾਂ ਵਿਚ ਬੇ-ਅੰਤ ਜੀ ਹੀ ਲਿਖਾਂਗਾ) ਸੰਨ ੧੯੩੦-੩੧ ਵਿਚ ਅੰਗ੍ਰੇਜ਼ਾਂ ਦੇ ਜ਼ਮਾਨੇ ਅੰਦਰ ਚਾਂਦੀ ਦਾ ਰੁਪਈਆ ਚਲਦਾ ਸੀ ਅਤੇ ਇਕ ਰੁਪਏ ਦੀ ਕੀਮਤ ਅਜ ਦੇ ਦੋ ਸੌ ਰੁਪਏ ਤੋਂ ਵੀ ਵਧ ਹੁੰਦੀ ਸੀ। ਤਿੰਨ ਤਰ੍ਹਾਂ ਦੇ ਰੁਪਏ ਹੁੰਦੇ ਸਨ ਚਾਂਦੀ ਦੇ। ਮਲਕਾ ਵਿਕਟੋਰੀਆ ਦਾ, ਦੂਸਰਾ ਐਡਵਰਡ ਤੀਸਰੇ ਦਾ- ਅਤੇ ਤੀਸਰਾ ਹੁੰਦਾ ਸੀ ਜਾਰਜ ਪੰਜਮ ਦਾ। ਜਿਸ ਦੇ ਤਾਜ ਵਿਚ ਕਹਿੰਦੇ ਨੇ ਕੋਹਿਨੂਰ ਹੀਰਾ ਜੜਿਆ ਹੋਇਆ ਹੈ।

ਨਿਕਿਆਂ ਹੁੰਦਿਆਂ ਇਕ ਗੱਲ ਸੁਣੀ ਸੀ ਜੋ ਓਸ ਵੇਲੇ ਏਨੀ ਪ੍ਰਚਲਤ ਸੀ- ਕਿ ਅਜ ਓਸਦਾ ਅਨੁਮਾਨ ਵੀ ਨਹੀਂ ਲਾਇਆ ਜਾ ਸਕਦਾ – ਸਚ ਜਾਂ ਝੂਠ- ਕਹਿੰਦੇ ਨੇ, ਕੋਹਿ ਨੂਰ ਹੀਰੇ ਦੇ ਦੋ ਟੁਕੜੇ ਕਰ ਦਿਤੇ ਗਏ। ਇਕ ਬਾਦਸ਼ਾਹ ਨੇ ਆਪਦੇ ਤਾਜ ਵਿਚ ਜੜਵਾ ਲਿਆ। ਦੂਸਰਾ ਜੋ ਓਸ ਨੇ ਆਪ ਦੀ ਪਿਆਰੀ ਮਹਿਬੂਬਾ ਰਾਣੀ ਨੂੰ ਦਿਤਾ – ਓਸਨੇ ਏਹ ਪੈਰ ਦੀ ਜੁੱਤੀ ਵਿਚ ਜੜਵਾ ਲਿਆ। ਹੈ ਨਾ ਪਿਆਰ ਦੀ ਏਹ ਅਨੋਖੀ ਘਟਨਾ !!

ਬੇਅੰਤ ਜੀ ਨੂੰ – ਕਈ ਸ਼ਰਧਾਲੂ ਰੁਪਈਆ ਮੱਥਾ ਟੇਕ ਦਿੰਦੇ ਸਨ। ਓਸ ਵੇਲੇ ਰੁਪਏ ਦੀ ਏਨੀ ਘਾਟ ਸੀ – ਕਿ ਸਤਿਗੁਰੂ ਜੀ ਅਗੇ ਵੀ ਲੋਕੀਂ ਇਕ ਰੁਪਏ ਤੋਂ ਵੱਧ ਬਹੁਤ

ਹੀ ਘਟ ਆਦਮੀ ਮਥਾ ਟੇਕਦੇ ਸਨ। ਏਸ ਰੁਪਈਏ ਨੂੰ ਸਾਂਭਣਾ ਬੇਅੰਤ ਜੀ ਵਾਸਤੇ ਬਹੁਤ ਵਡੀ ਸਮਸਿਆ ਸੀ। ਸੋਚ ਸੋਚ ਕੇ ਮੈਨੂੰ ਓਹਨਾਂ ਖਜ਼ਾਨਚੀ ਬਣਾ ਲਿਆ। ਹਫਤੇ ਦੋ ਹਫਤੇ ਪਿਛੋ ਪੰਜ ਸਤ ਰੁਪਏ ਜਮਾਂ ਹੋ ਜਾਂਦੇ ਤੇ ਏਸੇ ਤਰ੍ਹਾਂ ਹੀ ਖਰਚ ਵੀ ਬੇਅੰਤ ਜੀ ਕਰ ਦਿੰਦੇ। ਜਮ੍ਹਾ ਹੋਣ ਬਾਬਤ ਤਾਂ ਮੈਨੂੰ ਪਤਾ ਸੀ। ਪਰ ਖਰਚ ਕਿਵੇਂ ਹੁੰਦੇ ਸਨ, ਏਸ ਦਾ ਮੈਨੂੰ ਅਜ ਤਕ ਪਤਾ ਨਹੀਂ ਲਗ ਸਕਿਆ। ਤੇ ਨਾ ਹੀ ਮੈਂ ਪੁਛਣ ਦੀ ਕਦੇ ਕੋਸ਼ਿਸ਼ ਕੀਤੀ। ਸਾਡਾ ਏਹ ਸਮਝੌਤਾ ਬੇਹੱਦ ਚੁਪ-ਚੁਪੀਤਾ ਸੀ। ਜਿਸ ਦੀ ਕਿਸੇ ਨੂੰ ਵੀ ਸੂਹ ਨਹੀਂ ਸੀ ਪੈ ਸਕਦੀ। ਹਾਂ, ਮੈਨੂੰ ਇਕ 'ਲਾਸ' ਜ਼ਰੂਰ ਹੋਇਆ ਕਿ ਟਰੰਕੀ ਨੂੰ ਲੌਣ ਵਾਸਤੇ ਦੋ ਪੈਸੇ ਦੀ ਜੰਦਰੀ ਖਰੀਦਣੀ ਪਈ। ਏਹ ਦੋ ਪੈਸੇ ਮੈਨੂੰ ਅਜ ਤਕ ਬੇਅੰਤ ਜੀ ਨੇ ਵਾਪਸ ਨਹੀਂ ਕੀਤੇ। ਤੇ ਹੁਣ ਮੈਂ ਲੈਣੇ ਵੀ ਨਹੀਂ ਚਾਹਾਂਗਾ। ਕਿਉਂਕਿ ਓਹ ਦੋ ਪੈਸੇ-ਵਿਆਜ ਪੜ ਵਿਆਜ ਨਾਲ — ਲੱਖਾਂ ਤੋਂ ਉਤੇ ਟੱਪ ਚੁਕੇ ਹੈਨ। - - - -

ਬਿਨਾਂ ਕਿਸੇ ਖਾਸ ਵਜਹ ਦੇ -- ਸਕੂਲ — ਵਿਚ ਸਾਡੀ ਧੜੇਬੰਦੀ ਚਲ ਰਹੀ ਸੀ। ਜਿਸ ਦੇ ਮੁਖ ਪਾਰਟਨਰ ਸ੍ਰੀ ਪ੍ਰੀਤਮ ਸਿੰਘ ਜੀ ਕਵੀ ਅਤੇ ਮੈਂ (ਰਜਿੰਦ੍ਰ ਸਿੰਘ) ਸਾਂ ਕਿਉਂਕਿ ਮੇਰਾ ਸਾਥ ਬੇਅੰਤ ਜੀ ਦੇ ਰਹੇ ਸਨ, ਜਿਸ ਵਾਸਤੇ ਅਸੀਂ ਸਾਰੀਆਂ ਜਥੇਬੰਦੀਆਂ ਉਤੇ ਭਾਰੂ ਰਹਿੰਦੇ ਸਾਂ। ਕੀ ਖੇਡਾਂ ਤੇ ਕੀ ਸਾਹਿਤਕ ਪ੍ਰੋਗਰਾਮ। ਕਵੀ ਜੀ ਹਮੇਸ਼ਾਂ ਸਾਡੀਆਂ ਕਮਜ਼ੋਰੀਆਂ ਉਤੇ ਵਾਰ ਕਰਨ ਵਾਸਤੇ ਤਤਪਰ ਰਹਿੰਦੇ ਸਨ ਉਹਨਾਂ ਦੇ ਸੂਹੀਏ ਸਾਡੀਆਂ ਬੇਹੱਦ ਪੋਸ਼ੀਦਾ ਗੱਲਾਂ ਦਾ ਭੇਤ ਵੀ ਲੈਂਦੇ ਰਹਿੰਦੇ ਸਨ ਅਤੇ ਅਨੁਮਾਨ ਪ੍ਰਮਾਣ ਵੀ ਜਚਾ ਲੈਂਦੇ ਸਨ। ਜਿਸ ਵਾਸਤੇ ਸਾਡੇ ਵਿਚ ਹਮੇਸ਼ਾਂ ਅਣ-ਬਣ ਬਣੀ ਰਹਿੰਦੀ ਸੀ, ਅਤੇ ਨਿਕੇ ਮੋਟੇ ਸੰਘਰਸ਼ ਦੀ ਸੰਭਾਵਨਾ।

ਕਾਫੀ ਦੇਰ ਪਿਛੋਂ ਮੇਰੇ ਖਜ਼ਾਨਚੀ ਬਣੇ ਦਾ ਕਵੀ ਜੀ ਨੂੰ ਪਤਾ ਲਗ ਗਿਆ। ਏਸ ਗੱਲ ਤੋਂ ਏਹ ਬੜੇ ਪ੍ਰੇਸ਼ਾਨ ਹੋ ਗਏ। ਤੇ ਮੋਤੀਆ ਡਾਹ ਸੇ ਗ੍ਰਸਤ ਏਹਨਾਂ ਬੇਹੱਦ ਨਫ਼ਰਤ ਭਰੀ ਇਕ ਕਵਿਤਾ ਮੇਰੇ ਖਿਲਾਫ਼ ਲਿਖ ਦਿਤੀ-ਜਿਸਦਾ ਸੰਬੋਧਨ ਬੇਅੰਤ ਜੀ ਨੂੰ ਕੀਤਾ ਗਿਆ ਸੀ। ਪੂਰੀ ਕਵਿਤਾ ਏਸ ਤਰ੍ਹਾਂ ਹੈ:-

ਬਾਹਮਣ ਬਿਲਾਵਲ ਕੋ ਦੈਤ ਹੋ ਰਜਤ ਪਣ
ਕਵੀ ਕੋ ਕੁਸ਼ਲ ਏਕ ਕਰਤੇ ਨ ਕਾਜ ਹੋ।
ਬਿਪਰ ਮਨਾਵੋ ਦੀਨਾ ਦੀਨ ਅਤੀ ਦੀਨ ਹ੍ਵੈ ਕੈ
ਕਵੀ ਕਾਢੈ ਕੀਰਨੇ ਨਿਦਾਨ ਭੀ ਨਾਰਾਜ਼ ਹੋ।
ਨਿਸ ਦਿਨ ਫਿਰਤ ਰਜਿੰਦ੍ਰ ਕੇ ਆਗੇ ਪੀਛੇ
ਆਂਖ ਨ ਮਿਲਾਵੌਂ ਕਵੀ ਸੰਗ ਕ੍ਰਾਲ ਆਜ ਹੋ।
ਕੈਸੇ ਬਨ ਆਵੈ ਤੁਮ ਸੰਗ ਕਵੀ ਪ੍ਰੀਤਮ ਕੀ
ਤੁਮ ਜਗਜੀਤ ਸਿੰਘ ਐਸੇ ਮਹਾਰਾਜ ਹੋ।

ਸੰਤ ਹਰਭਜਨ ਸਿੰਘ ਜੀ ਸਾਡੇ ਅਧਿਆਪਕ, ਜੋ ਬੜੇ ਹੀ ਵਧੀਆ ਵਿਚਾਰਾਂ ਵਾਲੇ ਬਹੁਤ ਵਿਦਵਾਨ ਤੇ ਜਤੀ-ਸਤੀ ਪੁਰਸ਼ ਸਨ ਓਹਨਾਂ ਨੇ ਹੀ ਸਾਡੇ ਵਿਚ ਕੁਝ ਗੁਣਾਂ ਦੀ ਵਿਸ਼ੇਸ਼ਤਾ ਕਰਕੇ ਸਾਨੂੰ ਬਹੁਤ ਸਾਰੇ ਵਿਦਿਆਰਥੀਆਂ ਨੂੰ ਉਪਨਾਮ ਦੇ ਦਿਤੇ ਸਨ। ਪ੍ਰੀਤਮ ਸਿੰਘ ਦਾ, ਜੋ ਪਹਿਲਾਂ ਛੋਟੇ ਹੁੰਦਿਆਂ ਗਲ ਵਿਚ ਡੋਰੀ ਰਖਦੇ ਸਨ, ਡੋਰੀ ਵਾਲਾ ਨਾਮ ਪੈ ਗਿਆ। ਏਹਨਾਂ ਦੀ ਕਾਵਿ ਪ੍ਰਤਿਭਾ ਵੇਖ ਸੰਤ ਜੀ ਨੇ ਏਹਨਾਂ ਨੂੰ ਕਵੀ ਦੀ ਉਪਾਧੀ ਬਖਸ਼ ਦਿਤੀ। ਬਲਵੰਤ ਸਿੰਘ ਜੀ ਜਿੰਨ੍ਹਾਂ ਨੂੰ ਨਿਕੇ ਹੁੰਦਿਆਂ ਊਰਾ ਆਰਾ ਕਿਹਾ

ਜਾਂਦਾ ਸੀ, ਉਹਨਾਂ ਨੂੰ ਗਿਆਨਵਾਨ ਸਮਝਦਿਆਂ ਹੋਇਆਂ ਗਿਆਨੀ ਦੇ ਖਿਤਾਬ ਦੀ ਬਖਸ਼ਿਸ਼ ਕਰ ਦਿਤੀ। ਇਕ ਪ੍ਰੀਤਮ ਜੀ ਫਲਪੋਤੇ ਦੇ ਹੋਰ ਸਨ, ਜੋ ਏਸ ਧਰਤੀ ਉਤੇ ਰਹਿੰਦੇ ਹੋਏ ਵੀ ਅਕਾਸ਼ੀ ਉਡਾਰੀਆਂ ਮਾਰਦੇ ਰਹਿੰਦੇ ਸਨ, ਉਹਨਾਂ ਨੂੰ ਸੰਤ ਜੀ ਨੇ 'ਪੰਛੀ' ਦੇ ਨਾਮ ਨਾਲ ਨਿਵਾਜ ਦਿਤਾ ਅਤੇ ਬੇਹੱਦ ਨਾਂਹ ਨਾਂਹ ਕਰਨ ਦੇ ਬਾਵਜੂਦ ਮੈਨੂੰ 'ਪੰਡਿਤ' ਬਣਾ ਦਿਤਾ। ਏਸੇ ਹੀ ਪੰਡਿਤ ਦੇ ਨਾਮ ਦਾ ਕਵੀ ਜੀ ਨੇ ਭਰਪੂਰ ਦੁਰ-ਉਪਯੋਗ ਕੀਤਾ। ਜਿਸ ਦਾ ਨਮੂਨਾ ਤੁਸੀਂ ਉਤੇ ਵੇਖ ਹੀ ਲਿਆ ਹੈ।

ਹਾਂ, ਸੰਤ ਜੀ ਦੀ ਤ੍ਰਿਕਾਲੱਗਯਤਾ ਸਚ ਮੁਚ ਹੀ ਰੰਗ ਲਿਆਈ ਤੇ ਕਵੀ ਜੀ ਨੇ ਕਬਿਤ ਦੀਆਂ ਚਾਰ ਪੰਗਤੀਆਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਿਫਤ ਸਲਾਹੁਣ ਵਿਚ ਸਚ ਮੁਚ ਹੀ ਗੀਤਾਂਜਲੀ ਦੀ ਰਚਨਾ ਕਰ ਦਿਤੀ—ਜਿਸ ਦਾ ਨਾਮ ਸੀ "ਸਿਮਰਨ"। ਜੇ ਤੁਸੀਂ ਏਹ ਪੁਸਤਕ ਨਹੀਂ ਪੜ੍ਹੀ ਤਾਂ ਤੁਸੀਂ ਸਚ ਮੁਚ ਹੀ . . . . .ਏਸ ਪੁਸਤਕ ਦੀ ਪੰਜਾਬੀ ਦੇ ਇਕ ਮਸ਼ਹੂਰ ਅਖਬਾਰ "ਕੌਮੀ ਦਰਦ' ਨੇ ਪਹਿਲੇ ਸਫੇ ਉਤੇ ਰੋਜ਼ਾਨਾ ਇਕ ਰੁਬਾਈ ਛਾਪਣੀ ਸ਼ੁਰੂ ਕਰ ਦਿਤੀ ਸੀ ਏਸ ਦੀ ਕਿ ਏਹ ਇਕ ਪ੍ਰਾਰਥਨਾ ਹੈ। ਅਰਦਾਸਾ ਹੈ ਸਿਫਤ ਸਲਾਹਣ ਹੈ ਈਸ਼ੁਰ ਦੀ। ਪਰ ਇਕ ਸਿਰ ਫਿਰੇ ਲੀਡਰ ਨੇ ਏਹ ਆਖ ਕੇ ਰੁਬਾਈ ਛਾਪਣੀ ਬੰਦ ਕਰਵਾ ਦਿਤੀ ਕਿ 'ਮੇਰੀ ਕਿਕਰੀ ਕਲੀਰ ਦੀ' ਹੀ ਏਸ ਦੀ ਥਾਂ ਛਾਪੀ ਜਾਏ।

ਸ੍ਰੀ ਬਲਵੰਤ ਸਿੰਘ ਜੀ ਅੱਜ ਗਿਆਨੀ ਤੋਂ ਬ੍ਰਹਮ ਗਿਆਨੀ ਬਣ ਗਏ ਹੈਨ। ਦੂਰੋਂ ਦੂਰੋਂ ਲੋਕੀਂ ਆ ਕੇ ਆਪਣੇ ਪ੍ਰਸ਼ਨਾਂ ਦੇ ਹੱਲ ਪੁੱਛਦੇ ਤੇ ਸੰਤੁਸ਼ਟ ਹੋ ਕੇ ਜਾਂਦੇ ਹੈਨ। ਏਡੇ ਵਿਦਵਾਨ ਤੇ ਧੀਰਜ ਵਾਲੇ ਸਾਧੂ ਵਿਰਲੇ ਹੀ ਪੈਦਾ ਹੁੰਦੇ ਹੈਨ। ਕਿਸੇ ਮੰਤ੍ਰ ਤੰਤ੍ਰ ਦਾ ਸਹਾਰਾ ਲਏ ਬਿਨਾਂ ਹੀ ਲੋਕਾਂ ਦੇ ਰੋਗ ਨਵਿਰਤ ਕਰ ਰਹੇ ਹੈਨ।

ਪੰਛੀ ਜੀ ਅਜ ਸਚ ਮੁਚ ਹੀ ਅਕਾਸ਼ਾਂ ਵਿਚ ਵਿਚਰਣ ਵਾਲੇ ਪੰਛੀ ਬਣ ਗਏ ਹੈਨ। ਜਿੰਨ੍ਹਾਂ ਨੂੰ ਭਾਰਤ ਸਰਕਾਰ ਨੇ ਫਸਟ ਕਲਾਸ ਦਾ ਟਿਕਟ ਅਲਾਟ ਕਰ ਰਖਿਆ ਹੈ। ਓਹ ਹਿੰਦੋਸਤਾਨ ਦੇ ਕਿਸੇ ਵੀ ਹਿੱਸੇ ਵਿਚ ਰੇਲ ਰਾਹੀਂ, ਇਕ ਸੇਵਾਦਾਰ ਨਾਲ ਲੈ ਕੇ ਘੁੰਮ ਸਕਦੇ ਹੈਨ। ਪੰਛੀ ਜੀ ਕਈ ਅਖਬਾਰਾਂ ਦੇ ਐਡੀਟਰ ਤੇ ਸਬ ਐਡੀਟਰ ਰਹਿ ਚੁਕੇ ਹੈਨ। ਅਤੇ ਅੱਜ "ਪੰਜਾਬੀ ਡਾਈਜੈਸਟ" ਵਿਚ ਇਸ ਅਹੁਦੇ ਨੂੰ ਚਾਰ ਚੰਦ ਲਾ ਰਹੇ ਹੈਨ। ਦੁਨੀਆਂ ਦੀ ਸੈਰ ਓਹ ਅੱਜ ਤੋਂ ਕ਼ਾਫੀ ਪਹਿਲਾਂ ਕਰ ਚੁਕੇ ਹੈਨ।

ਮੈਂ ਤਾਂ ਬਸ ਮੈਂ ਹੀ ਹਾਂ। ਅਜ ਜੋ ਕੁਝ ਹਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜ਼ਸ਼ ਸਦਕਾ ਹੀ ਹਾਂ। ਮੈ ਤਾਂ ਬਸ ਮੈਂ ਹੀ ਹਾਂ। ਜੋ ਕੁਝ ਹਾਂ—ਓਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹਾਂ।

ਅਸੀਂ ਲੜਦੇ ਕਿਉਂ ਸਾਂ

ਇਤਿ ਸ੍ਰੀ ਕੁੰਦਨ ਸਿੰਘ ਜੀ ਨਕਈ ਵਿਰਚਯਤੇ:-

ਇਕ ਦਿਨ- ਸ਼ਾਮੀ ਤਿੰਨ ਵਜੇ - ਸਕੂਲ ਦੀ ਛੁਟੀ ਪਿਛੋਂ ਬਿਅੰਤ ਜੀ ਕਹਿਣ ਲੱਗੇ - ਰਾਜਿੰਦਰ ਆ ਤੈਨੂੰ ਇਕ ਗੱਲ ਦਸਾਂ?

ਮੈਂ ਬੜੇ ਚਾਅ ਨਾਲ ਕੰਨ ਅਗੇ ਵਧਾ ਦਿਤਾ —

ਕਹਿਣ ਲਗੇ — ਅੱਜ ਸੰਤ ਲਾਭ ਸਿੰਘ ਜੀ ਨੇ, ਬਲੀ ਸਿੰਘ ਨੂੰ ਸੱਦ ਕੇ ਕਿਹਾ — ਤੂੰ ਅਜ ਨ੍ਹਾਤਾ ਕਿਉਂ ਨਹੀਂ?

ਬਲੀ ਸਿੰਘ ਕਿਹਾ — ਮੈ ਤਾਂ ਜੀ! ਸਵਖਤੇ ਹੀ ਸ਼ਨਾਨ ਕਰ ਲਿਆ ਸੀ।

ਨਹੀਂ ਤੂੰ ਝੂਠ ਬੋਲਦਾ ਹੈਂ? ਤੂੰ ਬਿਲਕੁਲ ਨਹੀਂ ਨ੍ਹਾਤਾ। ਸੰਤ ਲਾਭ ਸਿੰਘ ਜੀ ਕਿਹਾ।

ਮੈਂ ਝੂਠ ਕਾਸ ਵਾਸਤੇ ਬੋਲਣਾ ਹੈ। ਮੈਂ ਅਜ ਜ਼ਰੂਰ ਨ੍ਹਾਤਾ ਸੀ। ਬਲੀ ਸਿੰਘ ਕਿਹਾ —

ਸੰਤ ਲਾਭ ਸਿੰਘ ਜੀ ਨੇ - ਵੱਟ ਕੇ ਚਪੇੜ ਏਸ ਤਰ੍ਹਾਂ ਜੜ ਦਿੱਤੀ।

ਸੰਤਾਂ ਨੇ - ਪਤਾ ਨਹੀਂ ਚਪੇੜ ਮਾਰੀ ਸੀ ਜਾਂ ਨਹੀਂ। ਮੇਰੇ ਵੱਟ ਕੇ ਚਪੇੜ ਜੜ ਦਿਤੀ ਸੀ — ਬੇਅੰਤ ਜੀ ਨੇ। ਅੱਧਾ ਮਿੰਟ ਤਾਂ ਮੈਨੂੰ ਪਤਾ ਹੀ ਨਾ ਲਗਾ ਕਿ ਕੀ ਹੋਇਆ ਹੈ। ਕੰਨ ਸਾਂ ਸਾਂ ਕਰ ਰਿਹਾ ਸੀ। ਜਦੋਂ ਮੈਂ ਸੰਭਲ ਕੇ ਵੇਖਿਆ ਸਤਿਕਾਰ ਯੋਗ ਬੇਅੰਤ ਜੀ ਤੇਜ਼ੀ ਨਾਲ ਕੋਠੀ ਵਲ ਦੌੜੇ ਜਾ ਰਹੇ ਸਨ। ਮੈਂ ਵੀ ਪੂਰੀ ਤੇਜ਼ੀ ਨਾਲ ਪਿਛਾ ਕੀਤਾ — ਓਹ ਭੱਜੇ ਜਾਂਦੇ— ਰਾਮ ਸਰ ਵਲ ਔਂਦੇ ਰਾਹ ਦਾ ਫਾਟਕ ਬੰਦ ਕਰ ਗਏ। ਮੈਂ ਫਾਟਕ ਖੋਹਲ ਕੇ ਹੋਰ ਤੇਜ਼ੀ ਨਾਲ ਫੜਨ ਦੀ ਕੋਸ਼ਸ਼ ਕੀਤੀ। ਸ੍ਰੀ ਜੀ ਨੇ ਕੋਠੀ ਅੰਦਰ ਵੜਕੇ ਦਰਵਾਜ਼ੇ ਬੰਦ ਕਰ ਲਏ। ਕੋਠੀ ਏਹੋ ਸੀ - ਜਿਸਨੂੰ ਅਜ ਨਵਾਂ ਰੂਪ ਦਿਤਾ ਗਿਆ ਹੈ। ਭੈਣੀ ਸਾਹਿਬ।

ਮੈਂ ਆਪਣੇ ਵਰਗਾ ਮੂੰਹ ਲੈ ਕੇ ਵਾਪਸ ਸਕੂਲ ਆ ਗਿਆ।

ਸਟੀਮ ਇੰਜਨ

ਤਾਲਾਬ ਰਾਮ ਸਰੋਵਰ ਦੇ ਪਾਣੀ ਨੂੰ ਸਾਫ ਕਰਨ ਵਾਸਤੇ — ਸਕੂਲ ਵਾਲੇ ਪਾਸੇ ਬਹੁਤ ਵੱਡਾ ਖੂਹ ਸੀ। ਜਿਸ ਉਤੇ ਟਿਊਬ ਵੈਲ ਲਗ ਚੁਕਾ ਸੀ। ਪਾਣੀ ਕਢਣ ਵਾਸਤੇ ਇਕ ਸਟੀਮ ਇੰਜਣ ਫਿਟ ਕਰ ਦਿਤਾ ਸੀ—ਸ੍ਰ.ਆਸਾ ਸਿੰਘ ਜੀ ਬੁਐਇਲਰ ਇਨਸਪੈਕਟਰ ਲਾਹੌਰ ਨੇ। ਬੁਆਇਲਰ ਵਿਚ ਸਟੀਮ ਬਣੌਣ ਵਾਸਤੇ ਅੱਗ ਬਾਲਣੀ ਪੈਂਦੀ ਸੀ। ਕੋਲੇ ਦੀ ਥਾਂ ਲੱਕੜਾਂ ਬਾਲਕੇ ਸਟੀਮ ਪੈਦਾ ਕੀਤੀ ਜਾਂਦੀ ਸੀ। ਬੁਆਇਲਰ ਬਹੁਤ ਵੱਡਾ ਸੀ। ਜਿਸ ਵਿਚ ਕਦੇ ਨਾ ਮੁਕਣ ਵਾਲਾ ਭੈਣੀ ਸਾਹਿਬ ਦਾ ਬਾਲਣ ਦਿਨਾਂ ਵਿਚ ਹੀ ਭੱਠੀ ਚਟ ਕਰ ਗਈ ਸੀ। ਏਹ ਕਹਾਣੀਆਂ ਸੰਨ ੧੯੩੪-੩੫ ਦੀਆਂ ਹੈਨ। ਭੱਠੀ ਪੂਰੀ ਤਰ੍ਹਾਂ ਗਰਮ ਸੀ। ਅਸੀਂ ਸਕੂਲ ਦੇ ਬੱਚੇ — ਸਮੇਤ ਬੇਅੰਤ ਜੀ ਦੇ — ਇੰਜਨ ਚਲਦਾ ਵੇਖਣ ਵਾਸਤੇ ਖੂਹ ਦੀ ਮੌਣ ਉਤੇ ਖਲੋਤੇ ਸਾਂ। ਭੱਠੀ ਵਿਚੋਂ ਚੰਗਿਆੜੇ ਨਿਕਲਦੇ ਵੇਖ ਕੇ ਸਾਨੂੰ ਸ਼ਰਾਰਤ ਸੁੱਝੀ।

ਅਸੀਂ ਛੇਤੀ ਨਾਲ ਇਕ ਪਟਾਕਾ ਲੱਭ ਲਿਆਂਦਾ। ਤੇ ਹੌਲੀ ਦੇ ਕੇ ਭੱਠੀ ਵਿਚ ਸੁੱਟ ਦਿਤਾ। ਪਟਾਕਾ ਜਦੋਂ ਫਟਿਆ ਓਸਨੇ ਫਾਊਂਡੇਸ਼ਨ ਹਿਲਾ ਦਿਤਾ। ਅਸੀਂ ਜ਼ਰਾ ਕੁ ਪਿਛੇ ਹਟ ਗਏ। ਡਰੈਵਰ ਦੇ ਭਾ ਦੀ ਬਣ ਗਈ। ਸ਼ਾਇਦ ਸਟੀਮ ਦੇ ਜ਼ੋਰ ਨਾਲ ਬੁਆਇਲਰ ਫਟ ਗਿਆ ਹੈ। ਓਹ ਭੱਠੀ ਦੇ ਚੁਫੇਰੇ ਦੌੜਿਆ ਫਿਰੇ। ਤੇ ਅਸੀਂ ਹੱਸ ਹੱਸ ਕੇ ਦੂਹਰੇ ਹੁੰਦੇ ਜਾਈਏ। ਅਖੀਰ ਬੇਅੰਤ ਜੀ ਨੂੰ ਸ਼ਰਾਰਤ ਸੁਝੀ ਤੇ ਓਹਨਾਂ ਮੈਨੂੰ ਫਸੌਣ ਦੀ ਕੋਸ਼ਿਸ਼ ਕੀਤੀ। ਮੈਂ ਉਹਨਾਂ ਦੇ ਮੂੰਹ ਉਤੇ ਹੱਥ ਰਖ ਕੇ ਪਿਛੇ ਖਿਚ ਕੇ ਦੂਰ ਲੈ ਗਿਆ। ਓਥੇ ਜਾ ਕੇ ਮੈ ਕਿਹਾ-ਬਾਬਾ ਜੀ! ਜੇ ਸਾਡੀ ਏਹ ਸ਼ਰਾਰਤ ਸਤਿਗੁਰੂ ਜੀ ਕੋਲ ਪਹੁੰਚ ਗਈ ਤਾਂ ਸਾਰਿਆਂ ਦੀ ਖਿਚਾਈ ਹੋਵੇਗੀ। ਅਤੇ ਅਗੇ ਤੋਂ ਸਾਨੂੰ ਕਿਸੇ ਨੂੰ ਵੀ ਏਥੇ ਫੜਕਣ ਨਹੀਂ ਦਿਤਾ ਜਾਵੇਗਾ। ਤੇ ਬੇਅੰਤ ਜੀ ਹੱਸ ਪਏ।

ਗੱਲਾਂ ਚੋਂ ਗੱਲ

ਜਥੇਦਾਰ ਗੁਰਮੁਖ ਸਿੰਘ ਥੋੜੀ ਦੂਰ ਉਤੇ ਖਲੋਤਾ ਤਮਾਸ਼ਾ ਵੇਖ ਰਿਹਾ ਸੀ ਵੱਲਭ ਜੀ (ਮਹਾਰਾਜ ਬੀਰ ਸਿੰਘ) ਦੇ ਕੁਤ – ਕੁਤਾੜੀਆਂ ਬਹੁਤ ਹੁੰਦੀਆਂ ਸਨ। ਅਤੇ ਜਿਸਮ ਬੜਾ ਗੋਭਲਾ ਜੇਹਾ ਸੀ। ਬੱਚਾ, ਬਾਂਦਰ ਤੇ ਵਛੇਰਾ ਜੇ ਸ਼ਾਂਤ ਬੈਠੇ ਹੋਣ ਤਾਂ ਸਿਆਣੇ ਸਮਝ ਜਾਂਦੇ ਹੈਨ - ਅਜ ਏਹ ਬੀਮਾਰ ਹੈਨ। ਜਿਸ ਵਾਸਤੇ ਤਿੰਨਾਂ ਦਾ ਹਰਕਤ ਜਾਂ ਸ਼ਰਾਰਤ ਕਰਦੇ ਰਹਿਣਾ ਜ਼ਰੂਰੀ ਹੈ। ਬੇਅੰਤ ਜੀ ਵੱਲਭ ਜੀ ਨੂੰ ਦੂਰੋਂ ਹੀ ਸੈਨਤਾਂ ਨਾਲ ਉਂਗਲਾਂ ਕਰ ਕਰ ਕੇ ਕੁਤ – ਕੁਤਾੜੀਆਂ ਕੱਢ ਰਹੇ ਸਨ। ਜਦੋਂ ਦੇਰ ਤਕ ਛੇੜਨੋਂ ਨਾ ਹਟੇ ਤਾਂ ਗੁੱਸੇ ਵਿਚ ਆਕੇ ਵੱਲਭ ਜੀ ਨੇ ਬੇਅੰਤ ਜੀ ਦੇ ਦੰਦੀ ਵੱਢੀ ਤੇ ਨਾਲੇ ਰੋਣ ਲਗ ਪ੍ਰਏ।

ਗੁਰਮੁਖ ਸਿੰਘ ਨੇ ਕੋਲ ਆ ਕੇ ਵੱਲਭ ਜੀ ਨੂੰ ਕਿਹਾ — ਨਾਲੇ ਤੁਸੀਂ ਦੰਦੀ ਵੱਢੀ ਤੇ ਨਾਲੇ ਰੋਣ ਲਗ ਪਏ?

ਉਹਨੇ ਕਿਹਾ, ਮੈਨੂੰ ਤੁਸੀਂ ਫੇਰ ਜੁ ਰੁਔਣਾ ਹੈ - ਆਪੇ ਹੀ ਕਿਉਂ ਨਾ ਰੋ ਪਵਾਂ।

ਪਿੰਗੋ ਝੋਰੀ

ਘੁਲਣ ਵਿਚ ਅਸੀਂ ਸਾਰੇ ਹੀ ਇਕ ਦੂਸਰੇ ਤੋਂ ਆਪਣੇ ਆਪ ਨੂੰ ਸੁਪਰੀਮ ਸਮਝਦੇ ਸਾਂ। ਏਹ ਠੀਕ ਹੈ ਕਿ ਬੇਅੰਤ ਜੀ ਓਸ ਵੇਲੇ ਵੀ ਬੜੇ ਹਠੀ ਸਨ। ਤੇ ਜੋ ਕਹਿੰਦੇ ਸਨ ਪੂਰੀ ਕਰ ਵਖੌਂਦੇ ਸਨ। ਪਰ ਅਸੀਂ ਓਹਨਾਂ ਦੇ ਸਾਥੀ ਓਹਨਾਂ ਦੀ ਸੰਗਤ ਕਰਕੇ — ਕਿਸੇ ਫੰਨੇ ਖਾਂ ਨੂੰ ਨਿਗਾਹ ਥੱਲੇ ਨਹੀਂ ਸੀ ਲਿਔਂਦੇ। ਤੇ ਜਿਥੇ ਅਸੀਂ ਚਾਹੁੰਦੇ ਸਾਂ ਓਥੇ ਸਾਡੀ ਹੀ ਚਲਦੀ ਸੀ। ਕਦੇ ਕਦੇ ਇਹ ਜ਼ਿਦ ਆਪਸੀ ਲੜਾਈ ਦਾ ਕਾਰਨ ਬਣ ਜਾਂਦੀ ਸੀ। ਤੇ ਅੱਜ ਕੁੰਦਨ ਸਿੰਘ ਜੀ ਨਕਈ ਨਾਲ ਵੀ ਅਜੇਹੀ ਘਟਨਾ ਵਾਪਰੀ।

ਜਦੋਂ ਅਸੀਂ ਘੁਲਦੇ ਸਾਂ-ਸਾਡੇ ਅਖਾੜੇ ਕੋਲ ਖੜ੍ਹੇ ਦਰਸ਼ਕਾਂ ਦੇ ਵੀ ਡੌਲੇ ਫਰਕਨ ਲਗ ਜਾਂਦੇ ਸਨ। ਕਸਰਤੀ ਆਦਮੀ ਦਾ ਜਿਸਮ ਤਾਂ ਭਾਵੇਂ ਪਤਲਾ ਹੁੰਦਾ ਹੈ ਪਰ ਹੱਡ ਲੋਹੇ ਦੇ ਹੁੰਦੇ ਹੈਨ। ਰਤਨ ਸਿੰਘ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਲਾਂਗਰੀ ਚੰਗਾ ਮੋਟੇ ਹੱਡਾਂ ਪੈਰਾਂ ਵਾਲਾ ਸੀ। ਚੜ੍ਹਦੀ ਜੁਆਨੀ ਡੌਲੇ ਤਾਂ ਫੜਕਦੇ ਹੀ ਸਨ। ਅਖਾੜੇ ਕੋਲ ਆ ਕੇ ਓਸਨੇ ਵੀ ਕਛਾ ਪਾ ਲਿਆ ਤੇ ਉੜ੍ਹੋਂ ਦੀ ਲੰਗੋਟਾ ਕਸ ਲਿਆ। ਬੇਅੰਤ ਜੀ ਨੇ ਓਸ ਨੂੰ ਹੇਠਾਂ ਦੱਬ ਲਿਆ। ਤੇ ਖੂਬ ਮੰਜਾਈ ਕੀਤੀ। ਓਹ ਵੀ ਤਕੜਾ ਸਿਰ ਹੱਡ ਸੀ। ਤੇ ਜਿਵੇਂ ਕਿਵੇਂ ਮੁਕਾਬਲਾ ਕਰੀ ਜਾ ਰਿਹਾ ਸੀ। ਨਕਈ ਜੀ, ਸਾਰੀਆਂ ਡਿਊਟੀਆਂ ਤੋਂ ਵਿਹਲੇ ਹੋ ਕੇ ਨਹਾ ਧੋ ਕੇ ਮਲ ਮਲ ਦੇ ਕਪੜੇ ਪਹਿਨ ਕੇ ਅਖਾੜੇ ਦੀ ਰੌਣਕ ਵੇਖਣ ਆ ਗਏ। ਅਗੋ ਬੇਅੰਤ ਜੀ ਤੇ ਰਤਨ ਸਿੰਘ ਮੁੜ੍ਹਕੋ ਮੁੜ੍ਹਕੀ ਮਿੱਟੀ ਨਾਲ ਲਥ-ਪਥ ਗੁਥਮ-ਗੁੱਥਾ ਥਾਪੀ ਤੇ ਥਾਪੀ ਮਾਰਕੇ ਇਕ ਦੂਸਰੇ ਨਾਲ ਜੁਟੇ ਹੋਏ ਸਨ। ਕਹਿੰਦੇ ਨੇ —

ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ
ਗੌਣ ਵੌਾਲੇ ਦਾ ਮੂੰਹ।

ਕੁੰਦਨ ਸਿੰਘ ਜੀ ਕਹਿਣ ਲੱਗੇ ਏਸ ਗਰੀਬ ਨੂੰ ਕਿਉਂ ਮਧੋਲੀ ਜਾਂਦੇ ਹੋ?

ਬੇਅੰਤ ਜੀ ਨੇ ਆ ਵੇਖਿਆ ਨਾ ਤਾ - ਨਕਈ ਜੀ ਨੂੰ ਜਾ ਫੜਿਆ। ਘੁਲਣ ਵਿਚ

ਤਾਂ ਏਹ ਵੀ ਕੋਈ ਘੱਟ ਨਹੀਂ ਸੀ। ਖੂਬ ਪਕੜ ਹੋਈ। ਤੇ ਰਤਨ ਸਿੰਘ ਝਟ ਅਖਾੜੇ ਤੋਂ ਬਾਹਰ ਨਿਕਲ ਕੇ ਤਮਾਸ਼ਾ ਵੇਖਣ ਲਗ ਪਿਆ। ਅਧਾ ਘੰਟਾ ਕੱਸ ਕੇ ਘਸਾਈ ਪਿਟਾਈ ਹੋਈ ਦੋਹਾਂ ਦੀ। ਨਕਈ ਜੀ ਦੇ ਸਾਰੇ ਕਪੜੇ ਲੀਰੋ ਲੀਰ। ਰਤਨ ਸਿੰਘ ਨੂੰ, ਵੇਖ ਕੇ ਨਕਈ ਜੀ ਤੇ ਤਰਸ ਆ ਗਿਆ ਤੇ ਉਸ ਨੇ ਕਿਹਾ – ਮੈਨੂੰ ਛਡ ਕੇ ਹੁਣ ਨਕਈ ਨੂੰ ਫੜ ਲਿਆ ਹੈ – ਬਸ ਨਹੀਂ ਕਰਦੇ?

ਕੁੰਦਨ ਸਿੰਘ ਨੂੰ ਛਡ ਕੇ ਬੇਅੰਤ ਜੀ ਖੜੇ ਹੋ ਕੇ ਕਹਿਣ ਲਗੇ —

ਫੇਰ ਬੋਲਦਾ ਹੈਂ? ਜਦੋਂ ਓਸ ਵਲ ਔਹਲੇ, ਓਹ ਦੌੜ ਗਿਆ — ਕਹਿਣ ਲਗੇ — ਹੁਣ ਭੱਜੇ ਪਿਛੇ ਕੀ ਜਾਣਾ ਹੈ?

ਪਾਣੀ ਵਿੱਚ ਲੜਾਈ

ਤਲਾ ਰਾਮ ਸਰੋਵਰ ਵਿਚ ਸਾਨੂੰ ਸਕੂਲੀ ਬਚਿਆਂ ਨੂੰ – ਇਸ਼ਨਾਨ ਕਰਨ ਤੇ ਖੇਡਣ ਮੱਲਣ ਦੀ ਪੂਰੀ ਖੁਲ੍ਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇ ਰਖੀ ਸੀ। ਤੇ ਏਸ ਇਜ਼ਾਜਤ ਦਾ ਅਸੀਂ ਭਰਪੂਰ ਫਾਇਦਾ ਉਠੌਂਦੇ। ਸਰੋਵਰ ਦਾ ਪਾਣੀ ਓਸ ਵੇਲੇ ਸਾਡੇ ਗਲ ਗਲ ਹੀ ਹੁੰਦਾ ਸੀ। ਤੇ ਅਸੀਂ ਓਥੇ ਲੜਾਈ ਦੇ ਕਈ ਢੰਗ ਤਰੀਕੇ ਅਪਣਾ ਰਖੇ ਸਨ। ਘੁਲ ਕੇ ਔਣ ਪਿਛੋਂ ਅਸੀਂ ਸਾਰੇ ਹੀ ਮੁੜਕੋ ਮੁੜਕੀ ਹੋਣ ਦੇ ਬਾਵਜੂਦ ਪਾਣੀ ਵਿਚ ਸਿਰ ਪਰਨੇ ਛਾਲਾਂ ਮਾਰ ਦਿੰਦੇ ਅਤੇ ਪਾਣੀ ਵਿਚ ਹੀ ਮੁੜ੍ਹਕਾ ਸੁਕੌਂਦੇ।

ਸ੍ਰੀ ਸਤਿਗੁਰੂ ਜੀ ਨੇ ਸਾਨੂੰ-ਸਾਰਿਆਂ ਨੂੰ ਇਕ ਗੁਰ ਸਮਝਾ ਦਿਤਾ ਸੀ ਕਿ ਜਦੋਂ ਵੀ ਤੁਸੀਂ ਮੁੜ੍ਹਕੇ ਨਾਲ ਉਬਲ ਰਹੇ ਹੋਵੋ ਪਹਿਲੋਂ ਸਿਰ ਡੁਬੋਵੋ ਪਾਣੀ ਵਿਚ ਤੇ ਫੇਰ ਬਾਕੀ ਜਿਸਮ। ਜਿਵੇਂ ਲੁਹਾਰ ਲੋਹੇ ਨੂੰ ਲਾਲ ਕਰਕੇ ਪਾਣੀ ਵਿਚ ਡੁਬੋ ਦਿੰਦਾ ਹੈ ਤੇ ਫੇਰ ਲੋਹਾ ਬਣ ਜਾਂਦਾ ਹੈ ਇਸਪਾਤ। ਏਸੇ ਤਰ੍ਹਾਂ ਹੀ ਆਦਮੀ ਵੀ ਜਦੋਂ ਪੂਰੀ ਤਰ੍ਹਾਂ ਗਰਮ ਗਰਮ ਠੰਢੇ ਪਾਣੀ ਵਿਚ ਛਲਾਂਗ ਲਾ ਕੇ ਸਿਰ ਡੁਬੋ ਲੈਂਦਾ ਹੈ-ਛੈਣੀ ਦੀ ਤਰ੍ਹਾਂ ਸਖਤ ਤੇ ਅਸਪਾਤ ਦੀ ਤਰ੍ਹਾਂ ਮਜਬੂਤ ਹੋ ਜਾਂਦਾ ਹੈ। ਸੋ ਏਸ ਤਰ੍ਹਾਂ, ਗਰਮ ਸਰਦ ਇਸ਼ਨਾਨ ਨਾਲ ਸਾਨੂੰ ਕਦੇ ਨਾ ਬੁਖਾਰ– ਨਾ ਜ਼ੁਕਾਮ–ਨਾ ਠੰਢ– ਤੇ ਨਾ ਹੀ ਨਮੂਨੀਆ ਜਾਂ ਜੋੜਾਂ ਦੇ ਦਰਦ ਕਦੇ ਹੋਏਂ ਸਨ। ਤੇ ਸ਼ਨਾਨ ਕਰਕੇ ਅਸੀਂ ਨੌਂ ਬਰ ਨੌਂ ਹੋ ਜਾਂਦੇ ਖੇਡਦੇ ਬਾਹਰ ਨਿਕਲਦੇ ਸਾਂ।

ਪਾਣੀ ਦੀ ਲੜਾਈ ਵਿਚ ਅਨਜਾਂਣ ਆਦਮੀ ਨੂੰ ਜਾਨ ਬਚੌਣੀ ਔਖੀ ਹੋ ਜਾਂਦੀ ਸੀ। ਬਿਨਾਂ ਬਣਾਏ ਹੀ ਧੜੇ ਬਣ ਜਾਂਦੇ ਸਨ। ਹੱਦੋਂ ਵੱਧ ਪਿਆਰ ਹੋਣ ਦੇ ਬਾਵਜੂਦ ਮੈਂ ਤੇ ਬੇਅੰਤ ਜੀ ਹਮੇਸ਼ਾਂ ਇਕ ਦੂਸਰੇ ਦੇ ਖਿਲਾਫ ਹੀ ਖਲੋਂਦੇ ਸਾਂ। ਸ਼ਾਇਦ ਅਸੀਂ ਆਪਣੇ ਸ੍ਵੈ-ਅਭਿਮਾਨ ਦੀ ਪੂਰਤੀ ਲਈ ਹੀ ਅਜੇਹਾ ਕਰਦੇ ਸਾਂ ਜਾਂ ਇਕ ਦੂਸਰੇ ਨਾਲ ਟਕਰੌਣ ਤੇ ਜਫੇ ਜਫੀ ਹੋ ਕੇ ਆਪਣੀ ਹੋਂਦ ਨੂੰ ਉਜਾਗਰ ਕਰਨ ਦੀ ਅਦਾ ਕਰਕੇ।

ਅੱਜ ਵੀ ਪਾਣੀ ਦੀ ਲੜਾਈ ਵਿਚ ਇਕ ਧੜੇ ਦੀ ਅਗਵਾਈ ਬੇਅੰਤ ਜੀ ਅਤੇ ਦੂਸਰੀ ਪਾਰਟੀ ਦੀ ਮੈਂ — ਰਜਿੰਦਰ ਸਿੰਘ — ਕਰ ਰਿਹਾ ਸਾਂ। ਦੋਹਾਂ ਹੱਥਾਂ ਨੂੰ ਜੋੜ ਕੇ ਏਸ ਢੰਗ ਨਾਲ ਮੂੰਹ ਉਤੇ ਪਾਣੀ ਦੀ ਧਾਰ ਸੁਟੀ ਜਾਂਦੀ ਸੀ, ਕਿ ਮਾੜੇ ਆਦਮੀ ਇਕੋ ਸ਼ੂਟ ਵਿਚ ਹੀ ਦੌੜ ਜਾਂਦੇ ਸਨ। ਏਸ ਲੜਾਈ ਕਰਕੇ ਸਾਹ ਲੈਣ ਵਿਚ ਬੜੀ ਮੁਸ਼ਕਲ ਪੇਸ਼ ਔਂਦੀ ਸੀ। ਅਸੀਂ ਅੱਧਾ ਘੰਟਾ ਲੜੇ ਪਰ ਪਿਛੇ ਕੋਈ ਵੀ ਨਹੀਂ ਸੀ ਹਟ ਰਿਹਾ। ਅਖੀਰ ਅਸੀਂ ਇਕ ਦੂਸਰੇ ਨੂੰ ਗੋਤੇ ਦੇਣੇ ਸ਼ੁਰੂ ਕਰ ਦਿਤੇ। ਏਸ ਖੇਡ ਵਿਚ ਹੌਂਸਲੇ ਦੀ

ਜ਼ਰੂਰਤ ਹੁੰਦੀ ਹੈ। ਅਤੇ ਆਪਣੇ ਆਪ ਨੂੰ ਬਚਾ ਕੇ ਸਾਹ ਲੈਣ ਦੀ। ਏਸ ਤਰ੍ਹਾਂ ਦੋਹਾਂ ਪਾਰਟੀਆਂ ਵਿਚ ਲੜਾਈ ਵਧਦੀ ਚਲੀ ਗਈ। ਜਿਸ ਨੂੰ ਚੰਗੇ ਗੋਤੇ ਆ ਜਾਂਦੇ, ਓਹ ਭੱਜ ਕੇ, ਪਾਣੀ ਤੋਂ, ਬਾਹਰ ਨਿਕਲ ਜਾਂਦਾ। ਛਾਂਟੀ ਹੁੰਦੇ ਹੁੰਦੇ, ਮੈਦਾਨ ਵਿਚ ਚਾਰ ਜਣੇ ਰਹਿ ਗਏ। ਕੁੰਦਨ ਸਿੰਘ ਤੇ ਬੇਅੰਤ ਜੀ। ਮੈਂ ਰਜਿੰਦਰ ਸਿੰਘ ਤੇ ਦਲੀਪ ਸਿੰਘ ਧਰੂ। ਦਲੀਪ ਸਿੰਘ ਏਸ ਖੇਡ ਵਿਚ ਬਹੁਤ ਮਾਹਰ ਸੀ। ਓਸ ਅਗੇ ਕਿਸੇ ਦਾ ਵੀ ਟਿਕਣਾ ਬਹੁਤ ਮੁਸ਼ਕਲ ਸੀ। ਅਸੀਂ ਹੁਣ ਇਕੋ ਜੇਹੇ ਧੜਵੈਲ ਸਾਂ। ਬੇਅੰਤ ਜੀ ਨੇ ਤਾਂ ਹਾਰਨਾ ਸਿਖਿਆ ਹੀ ਨਹੀਂ ਸੀ। ਅਤੇ ਇਹਨਾਂ ਦੀ ਲਾਗ ਸਾਨੂੰ ਵੀ ਲੱਗ ਚੁੱਕੀ ਸੀ। ਸਕੂਲ ਵਿਚ ਸਾਡੀ ਝੰਡੀ ਸੀ। ਹਾਰਿਆਂ ਨੂੰ ਤਾਂ ਮੂੰਹ ਵਖੌਣਾਂ ਹੀ ਔਖਾ ਸੀ। ਲੜਾਈ ਨੂੰ ਹੋਰ ਅਗੇ ਵਧੌਣ ਦਾ ਅਰਥ ਸੀ-ਸਕੂਲ ਦੀ ਗੈਰ ਹਾਜ਼ਰੀ। ਜਿਸ ਵਾਸਤੇ ਬੇਅੰਤ ਜੀ ਨੇ ਅਗੇ ਵਧ ਕੇ ਰਾਜ਼ੀਨਾਮੇ ਦਾ ਫੈਸਲਾ ਦੇ ਦਿਤਾ।

ਵਡੇ ਕੀਆ ਵਡਿਆਈਆ ਕਿਛੁ ਕਹਣਾ ਕਹਣੁ ਨ ਜਾਇ॥

ਮੌਤ ਦੇ ਦਰਸ਼ਨ

ਏਹ ਝਟਕਾ ਮੈਨੂੰ ਅਜੇ ਵੀ ਓਸੇ ਤਰ੍ਹਾਂ ਯਾਦ ਹੈ, ਜਿਸ ਤਰ੍ਹਾਂ ਅਜ ਤੋਂ ਅਠਵੰਜਾ ਸਾਲ ਪਹਿਲਾਂ ਵਾਪਰਿਆ ਸੀ। ਦੇਹ ਕੰਬ ਜਾਂਦੀ ਹੈ ਏਹ ਸੀਨ ਜਦੋਂ ਅੱਖਾਂ ਅਗੇ ਔਂਦਾ ਹੈ।

ਜ਼ੋਰ ਕਰਨ ਦਾ ਸਮਾਂ ਸਾਡਾ ਬਦਲਦਾ ਰਹਿੰਦਾ ਸੀ। ਸਰਦੀਆਂ ਵਿਚ ਤੀਸਰੇ ਜਾਂ ਚੌਥੇ ਪਹਿਰ ਅਤੇ ਗਰਮੀਆਂ ਨੂੰ ਸੁਬਾ ਸਵਖਤੇ। ਅਜ ਵੀ ਮੈਨੂੰ ਯਾਦ ਨਹੀਂ ਆ ਰਿਹਾ ਕਿ ਅਸੀਂ — ਮੈਂ ਰਜਿੰਦ੍ਰ ਸਿੰਘ ਤੇ ਬੇਅੰਤ ਜੀ ਦੋਵੇਂ ਕਿਸ ਤਰ੍ਹਾਂ ਇਕੱਲੇ ਰਹਿ ਗਏ। ਜਦੋਂ ਕਿ ਆਮ ਤੌਰ ਤੇ ਪੂਰਾ ਜਥਾ ਹੀ ਸਾਡੇ ਨਾਲ ਹੁੰਦਾ ਸੀ। ਚੱਲੋ-ਅਗਲੀ ਗੱਲ ਕਰਦੇ ਹਾਂ।

ਬਹੁਤ ਸਵਖਤੇ ਅਸੀਂ ਜ਼ੋਰ ਕਰਕੇ - ਮਿਟੀ ਵਿਚ ਲਿਬੜੇ ਹੋਏ - ਮੁੜਕੋ ਮੁੜਕੀ - ਦੌੜਦੇ ਹੋਏ - ਤਾਲਾਬ ਵਿਚ ਜਾ ਛਾਲਾਂ ਮਾਰੀਆਂ। ਕਿੰਨਾਂ ਚਿਰ ਨਹੌਣ ਤੋਂ ਬਾਅਦ ਅਸੀਂ ਪਾਣੀ ਵਿਚ ਹੀ ਗੁੱਥਮ ਗੁੱਥਾ ਹੋ ਗਏ। ਮੈਂ ਤੇ ਬੇਅੰਤ ਜੀ। ਅਸੀਂ ਸਮੇਤ ਕਪੜੇ ਵੀ ਬਹੁਤ ਵਾਰੀ ਖੜੇ ਖੜੋਤੇ ਘੁਲ ਪੈਂਦੇ ਸਾਂ।

ਇਕ ਵਾਰ ਕੋਠੀ ਵਿਚ ਅਸੀਂ ਇਕ ਦੂਸਰੇ ਨੂੰ ਹੇਠਾਂ ਸੁਟਣ ਦਾ ਜਤਨ ਕਰ ਰਹੇ ਸਾਂ। ਅਚਾਨਕ ਭਾਈ ਵਜ਼ੀਰ ਸਿੰਘ ਜੀ ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਉਤੇ ਆ ਗਏ। ਸਮਾਂ ਦਪਹਿਰ ਦਾ ਸੀ। ਦੋਵੇਂ ਕਿੰਨਾਂ ਚਿਰ ਸਾਨੂੰ ਵੇਖਦੇ ਰਹੇ। ਅਖੀਰ ਸਤਿਗੁਰੂ ਜੀ ਕਹਿਣ ਲਗੇ - ਆ ਭਾਈ! ਆਪਾਂ ਚਲੀਏ। ਏਹਨਾਂ ਨੂੰ ਲਗੇ ਰਹਿਣ ਦੇ।

ਪਤਾ ਨਹੀਂ ਦੈਵੀ ਵਿਧਾਨ ਕੀ ਸੀ, ਅਤੇ ਏਹ ਘਟਨਾ ਕਿਵੇਂ ਸਾਡੇ ਗਲ ਪੈ ਗਈ। ਪਾਣੀ ਵਿਚ ਚੁੱਭੀਆਂ ਮਾਰ ਕੇ ਇਕ ਦੂਸਰੇ ਨੂੰ ਫੜ ਰਹੇ ਸਾਂ। ਏਸ ਖੇਡ ਵਿਚ ਕੇਵਲ ਚੁੱਭੀ ਰਾਹੀਂ ਹੀ ਦੂਸਰੇ ਨੂੰ ਫੜਿਆ ਜਾ ਸਕਦਾ ਸੀ। ਪਹਿਲੀ ਚੁੱਭੀ ਮੈਂ ਮਾਰੀ ਤੇ ਪਾਣੀ ਦੇ ਵਿਚ ਵਿਚ ਹੀ ਬੇਅੰਤ ਜੀ ਨੂੰ ਭਾਲਣ ਦਾ ਜਤਨ ਕੀਤਾ। ਦੂਸ਼ਰੀ ਚੁੱਭੀ ਬੇਅੰਤ ਜੀ ਮਾਰੀ ਤੇ ਮੈਨੂੰ ਫੜਨ ਦੀ ਕੋਸ਼ਸ਼ ਕੀਤੀ। ਚੁੱਭੀ ਇਕੋ ਆਦਮੀ ਹੀ ਮਾਰਦਾ ਸੀ। ਤੇ ਦੂਸਰਾ ਆਪਣੇ ਬਚਾਅ ਵਾਸਤੇ ਪਾਣੀ ਵਿਚ ਭੱਜਿਆ ਫਿਰਦਾ ਸੀ। ਏਹੋ ਖੇਡ ਅਸੀਂ ਖੇਡ ਰਹੇ ਸਾਂ। ਪਤਾ ਨਹੀਂ ਕਿਵੇਂ ਬੇਅੰਤ ਜੀ ਦਾ ਸਿਰ ਮੇਰਿਆਂ ਪੱਟਾਂ ਵਿਚ ਤੇ ਮੇਰਾ ਸਿਰ ਓਹਨਾਂ ਦੇ ਪੱਟਾਂ ਵਿਚ ਫਸ ਗਿਆ। ਮੈਂ ਓਸ ਵੇਲੇ ਪਾਣੀ ਵਿਚ ਸਾਂ। ਜਦੋਂ ਸਾਹ ਮੁਕ ਗਿਆ

ਤੇ ਮੈਂ ਔਖਾ ਹੋਇਆ, ਪੂਰੇ ਜ਼ੋਰ ਨਾਲ ਸਿਰ ਪਾਣੀ ਵਿਚੋਂ ਬਾਹਰ ਕਢਿਆ। ਅਤੇ ਬੇਅੰਤ ਜੀ ਸਿਧੇ ਪਾਣੀ ਵਿਚ ਚਲੇ ਗਏ। ਜਦੋਂ ਓਹ ਔਖੇ ਹੋਏ ਤਾਂ ਓਹਨਾਂ ਜ਼ੋਰ ਮਾਰਿਆ, ਤੇ ਮੈਂ ਪਾਣੀ ਵਿਚ ਧਸ ਗਿਆ। ਸਾਡੇ ਸਾਹ ਦੋਹਾਂ ਦੇ ਹੀ ਸਾਧੇ ਹੋਏ ਸਨ। ਤੇ ਏਸ ਤਰ੍ਹਾਂ ਮਿੰਟ ਡੇਢ ਮਿੰਟ ਜਾਂ ਕਦੇ ਕਦੇ ਦੋ ਮਿੰਟ ਤਕ ਵੀ ਅਸੀਂ ਸਾਹ ਰੋਕ ਲੈਂਦੇ ਸਾਂ। ਸਾਹ ਦੀ ਸਾਧਨਾਂ ਤੋਂ ਬਿਨਾਂ ਤਾਂ ਪਾਣੀ ਦੀ ਖੇਡ ਖੇਡੀ ਹੀ ਨਹੀਂ ਸੀ ਜਾ ਸਕਦੀ।

ਜਦੋਂ ਜ਼ੋਰ ਮਾਰਕੇ ਮੈਂ ਉਤੇ ਆਇਆ ਤਾਂ ਬੇਅੰਤ ਜੀ ਪਾਣੀ ਵਿਚ ਉਤਰ ਗਏ। ਪਰ ਗਜ਼ਬ ਏਹ ਹੋਇਆ ਕਿ ਸਾਡੀ ਪੱਟਾਂ ਵਿਚ ਫਸੇ ਸਿਰਾਂ ਦੀ ਕਰਿੰਗੜੀ ਢਿਲੀ ਨਾ ਹੋਈ। ਨਾ ਚਾਹੁੰਦਿਆਂ ਹੋਇਆਂ ਹੀ ਏਹ ਖੇਡ ਖੇਡੀ ਜਾ ਰਹੀ ਸੀ। ਮੈਂ ਸਮਝਦਾ ਸਾਂ ਓਹਨਾਂ ਨੇ ਮੇਰਾ ਸਿਰ ਜਾਣ ਬੁਝ ਕੇ ਪੱਟਾਂ ਵਿਚ ਫਸਾ ਰਖਿਆ ਹੈ - ਤੇ ਓਹ ਸਮਝਦੇ ਸਨ, ਮੈਂ ਓਹਨਾਂ ਨੂੰ ਜਾਣ ਕੇ ਕਾਬੂ ਕਰ ਰਖਿਆ ਹੈ। ਤਾਲਾਬ ਵਿਚ ਸੁੰਨ ਸਾਨ। ਕੋਈ ਵੀ ਨਹੀਂ ਸੀ, ਜੋ ਸਾਡੀ ਅਜੇਹੀ ਹਾਲਤ ਵੇਖਕੇ ਸਾਡੀਆਂ ਕਰਿੰਗੜੀਆਂ ਛੁਡਾ ਸਕਦਾ।

ਪਤਾ ਨਹੀਂ ਕਿਤਨੇ ਮਿੰਟ ਏਹ ਕਾਰ ਏਸੇ ਤਰ੍ਹਾਂ ਹੀ ਚਲਦੀ ਰਹੀ। ਤੇ ਸਾਨੂੰ ਦੋਹਾਂ ਨੂੰ ਹੀ ਦਸ ਦਸ ਗੋਤੇ ਆ ਗਏ। ਗੋਤਾ ਤਾਂ ਇਕ ਹੀ ਵਾਧੂ ਹੁੰਦਾ ਹੈ। ਪਰ ਅਸੀਂ ਤਾਂ ਗਿਣਤੀ ਤੋਂ ਪਰੇ ਗੋਤੇ ਖਾ ਚੁੱਕੇ ਸਾਂ। ਤੇ ਅਚਾਨਕ ਹੀ ਸਾਡੇ ਪੱਟ ਢਿਲੇ ਪੈ ਗਏ। ਅਤੇ ਅਸੀਂ ਦੋਹਾਂ ਨੇ ਹੀ ਪਾਣੀ ਵਿਚੋਂ ਸਿਰ ਬਾਹਰ ਕਢ ਕੇ ਇਕ ਦੂਸਰੇ ਨੂੰ ਸਖਤ ਰੁੱਖੇ ਸ਼ਬਦਾਂ ਵਿਚ ਉਲਾਂਭੇ ਦੇ ਤੌਰ ਉਤੇ ਕਿਹਾ — ਤੂੰ ਏਹ ਕੀ ਕੀਤਾ? ਮੈਂ ਕਿਹਾ — ਤੁਸੀਂ ਏਹ ਕੀ ਕੀਤਾ? ਬੇਅੰਤ ਜੀ ਕਿਹਾ— ਤੂੰ ਜਾਣ ਬੁਝ ਕੇ ਮੇਰਾ ਸਿਰ ਪੱਟਾਂ ਵਿਚ ਫਸਾਈ ਰਖਿਆ। ਮੈਂ ਕਿਹਾ ਮੈਂ ਪਾਣੀ ਵਿਚ ਸਾਂ ਜਦੋਂ ਤੁਹਾਡੇ ਪੱਟਾਂ ਵਿਚ ਸਿਰ ਫਸਾ ਕੇ ਤੁਹਾਨੂੰ ਲਭ ਲਿਆ। ਅਤੇ ਬਾਹਰ ਨਿਕਲਨ ਦਾ ਜਤਨ ਕੀਤਾ। ਪਰ ਤੁਸੀਂ ਮੇਰੇ ਸਿਰ ਨੂੰ ਪੱਟਾਂ ਵਿਚ ਏਸ ਤਰ੍ਹਾਂ ਘੁੱਟ ਲਿਆ ਕਿ ਮੈਂ ਛੁਟਣ ਦੀ ਬਜਾਏ-ਤੁਹਾਡੇ ਸਿਰ ਨੂੰ ਪੱਟਾਂ ਵਿਚ ਘੁਟ ਲਿਆ। ਨਾ ਤੁਸੀਂ ਛਡਿਆ ਮੇਰਾ ਸਿਰ ਅਤੇ ਨਾ ਹੀ ਮੇਰੇ ਵਸ ਵਿਚ ਰਿਹਾ ਤੁਹਾਡਾ ਸਿਰ। ਗਲਤੀ ਕਿਸਦੀ ਸੀ? ਏਸ ਦਾ ਤੁਹਾਨੂੰ ਪਤਾ ਹੈ। ਓਹਨਾਂ ਕਿਹਾ - ਜੇ ਤੂੰ ਛਡਦਾ ਮੇਰਾ ਸਿਰ ਤਾਂ ਹੀ ਮੈਂ ਛਡਦਾ। ਏਸ ਤਰ੍ਹਾਂ ਦੋ ਮਿੰਟ ਝਗੜਾ ਹੋਣ ਪਿਛੋਂ ਸਾਨੂੰ ਅਹਿਸਾਸ ਹੋ ਗਿਆ ਕਿ ਗਲਤੀ ਦੋਹਾਂ ਦੀ ਹੀ ਸੀ। ਅਤੇ ਅਸੀਂ ਗਿੱਲੇ ਕੱਛੇ ਤੇ ਗਿੱਲੇ ਪਿੰਡੇ ਹੀ — ਇਕੋ ਗੁਟਕੇ ਉਤੇ ਚੰਡੀ ਦੀ ਵਾਰ ਦਾ ਪਾਠ ਕੀਤਾ।

ਵਰਗ ਭੇਦ

ਲਾਇਬ੍ਰੇਰੀ ਵਿਚੋਂ ਇਕ ਦਿਨ ਸਾਨੂੰ ਜਿਉਤਸ਼ ਦੀ ਇਕ ਕਿਤਾਬ ਮਿਲੀ ਜਿਸ ਵਿਚ ਹੋਰ ਗੱਲਾਂ ਤੋਂ ਬਿਨਾਂ ਇਕ ਗੱਲ ਬਹੁਤ ਹੀ ਖਾਸ ਸੀ। ਜਿਸ ਵੱਲ ਸਾਡਾ ਸਾਰਾ ਧਿਆਨ ਖਿਚਿਆ ਗਿਆ। ਓਹ ਸੀ ਪੈਂਤੀ ਅਖਰਾਂ ਦੀ ਵੰਡ - ਜਿਸ ਨੂੰ ਸੱਤ ਹਿਸਿਆਂ ਵਿਚ ਵੰਡਿਆ ਗਿਆ ਸੀ ਤੇ ਮਨੁਖ ਵਿਚ ਪੈਦਾ ਹੋਇਆ ਵਰਗ ਭੇਦ ਓਸ ਵਿਚ ਲਿਖਿਆ ਸੀ।

ਓ ਵਰਗ ੳ ਅ ੲ ਸ ਹ ਏਹ ਉਕਾਬ ਦਾ ਵਰਗ ਹੈ।
ਕੈ-ਵਰਗ — ਕ ਖ ਗ ਘ ਙ - ਏਹ ਸਹੇ ਦਾ ਵਰਗ ਹੈ।
ਚੈ ਵਰਗ — ਚ ਛ ਜ ਝ ਞ — ਏਹ ਸ਼ੇਰ ਦਾ ਵਰਗ ਹੈ।
ਟੈ ਵਰਗ — ਟ ਠ ਡ ਢ ਣ - ਏਸ ਦਾ ਵਰਗ ਮੀਂਢਾ ਹੈ।

ਤੈ ਵਰਗ — ਤ ਥ ਦ ਧ ਨ - ਬ੍ਰਿਖਭ ਦਾ ਵਰ੍ਗ ਹੈ ਏਹ।

ਪੈ ਵਰਗ — ਪ ਫ ਬ ਭ ਮ - ਏਹ ਚੂਹੇ ਦਾ ਵਰਗ ਹੈ।

ਯੈ ਵਰਗ — ਯ ਰ ਲ ਵ ੜ - ਏਹ ਵਰਗ ਹਰਨ ਦਾ ਹੈ।

ਅਸੀਂ ਤਿੰਨਾਂ ਨੇ ਆਪਣੇ ਆਪਣੇ ਵਰਗਾਂ ਦੀ ਜਦੋਂ ਪਛਾਣ ਕੀਤੀ ਤਾਂ ਪਤਾ ਲਗਿਆ ਬੇਅੰਤ ਜੀ ਦਾ ਵਰਗ ਸ਼ੇਰ ਹੈ - ਤੇ ਮੇਰਾ– ਰਜਿੰਦ੍ਰ ਸਿੰਘ ਦਾ — ਵਰਗ ਹੈ ਹਰਨ ਦਾ ਤੇ ਵੱਲਭ ਜੀ ਦਾ ਵਰਗ ਹੈ ਚੂਹੇ ਦਾ।

ਏਸ ਤੋਂ ਸਾਨੂੰ ਪਤਾ ਲਗ ਗਿਆ ਕਿ ਮੇਰੀ ਰਜਿੰਦ੍ਰ ਸਿੰਘ ਦੀ ਤੇ ਬੇਅੰਤ ਜੀ ਮਹਾਰਾਜ ਦੀ ਅੜ ਫਸ ਕਿਉਂ ਰਹਿੰਦੀ ਸੀ? ਸ਼ੇਰ ਤੇ ਹਰਨ ਦੀ ਮਿਤਰਤਾ! ਏਸ ਅਣਹੋਣੀ ਨੂੰ ਹੋਣੀ ਵਿਚ ਕਿਵੇਂ ਬਦਲਿਆ ਜਾ ਸਕਦਾ ਸੀ?

ਅਜ ਤੋਂ ਪਹਿਲਾਂ ਸਾਰੇ ਯੁੱਗਾਂ ਵਿਚ ਸਹੇ ਤੇ ਸ਼ੇਰ ਦੀ ਦੋਸਤੀ ਮਸ਼ਹੂਰ ਹੈ। ਜਿਸ ਵਾਸਤੇ ਬੇਅੰਤ ਜੀ ਤੇ ਕੁੰਦਨ ਸਿੰਘ ਹਮੇਸ਼ਾ ਇਕ ਪਾਸੇ ਤੇ ਮੈਂ ਦੂਸਰੇ ਪਾਸੇ। ਤੇ ਵਲਭ ਜੀ! ਨਾਂ ਕਾਹੂੰ ਸੋਂ ਦੋਸਤੀ ਨਾਂ ਕਾਹੂੰ ਸੋਂ ਵੈਰ।

ਸਾਖੀ ਪ੍ਰਮਾਣ ਦੇ ਮੁਤਾਬਕ ਜਦੋਂ ਸਹੇ ਨਾਲ ਕਿਸੇ ਥਾਂ ਅੜ ਫਸ ਹੋਈ ਸ਼ੇਰ ਦੀ ਸਹੇ ਨੇ ਸ਼ੇਰ ਤੋਂ ਕਦੇ ਮਾਰ ਨਹੀਂ ਖਾਧੀ। ਜਾਂ ਫੇਰ ਅਸੀਂ ਏਸ ਤਰ੍ਹਾਂ ਵੀ ਕਹਿ ਸਕਦੇ ਹਾਂ, ਸ਼ੇਰ ਨੇ ਸਹੇ ਨਾਲ ਦੋਸਤੀ ਹੀ ਰਖੀ ਹੈ।

ਲੱਲ੍ਹੇ

ਪੰਜਾਬ ਦੀ ਬਹੁਤ ਪੁਰਾਣੀ ਤੇ ਬੇਹੱਦ ਦਿਲਚਸਪ ਖੇਡ ਹੈ ਏਹ। ਏਸ ਖੇਡ ਵਾਸਤੇ ਤਿੰਨ ਚੀਜ਼ਾਂ ਦੀ ਲੋੜ ਹੈ - ਖੂੰਡੀ ਖਿਦੋ ਤੇ ਟੋਆ। ਏਸ ਵਿਚ ਜਿੰਨੇ ਵੀ ਮੁੰਡੇ ਹੋਣ ਸਮਾ ਜਾਂਦੇ ਹੈਨ। ਇਕ ਮੁੰਡਾ ਵਾਰੀ ਦਿੰਦਾ ਹੈ ਤੇ ਦੂਸਰੇ ਮੁੰਡੇ ਖੁਲੇ ਮੈਦਾਨ ਵਿਚ ਖੂੰਡੀਆਂ ਫੜ ਕੇ ਆਪਣੇ ਪੁਟੇ ਹੋਏ ਛੋਟੇ ਛੋਟੇ ਟੋਇਆਂ ਉਤੇ ਪਹਿਰਾ ਦੇਣ ਦੀ ਤਰ੍ਹਾਂ ਤਿਆਰ ਬਰ ਤਿਆਰ ਹੋ ਕੇ ਖਲੋ ਜਾਂਦੇ ਹੈਨ। ਇਕ ਆਦਮੀ ਗੇਂਦ ਨੂੰ ਟੋਲਾ ਮਾਰਕੇ ਦੂਰ ਸੁਟ ਦਿੰਦਾ ਹੈ। ਜਿਸਦੇ ਸਿਰ.ਮੀਟੀ (ਵਾਰੀ) ਹੁੰਦੀ ਹੈ ਓਹ ਕ੍ਰਿਕਟ ਦੀ ਤਰ੍ਹਾਂ ਦੌੜ ਕੇ ਗੇਂਦ ਫੜ ਲੈਂਦਾ ਹੈ ਤੇ ਕਿਸੇ ਵੀ ਮੁੰਡੇ ਨੂੰ ਨਿਸ਼ਾਨਾ ਬਣਾ ਕੇ ਵਾਰ ਕਰਦਾ ਹੈ। ਜੇ ਗੇਂਦ ਕਿਸੇ ਨੂੰ ਵੱਜ ਗਈ ਤਾਂ ਵਾਰੀ ਓਸ ਦੀ ਆ ਜਾਵੇਗੀ। ਤੇ ਪਹਿਲਾ ਮੁੰਡਾ ਓਸ ਦੀ ਖੂੰਡੀ ਅਤੇ ਲਲ੍ਹੇ ਉਤੇ ਕਬਜ਼ਾ ਕਰ ਲਵੇਗਾ। ਲੱਲ੍ਹੇ ਦਾ ਧਿਆਨ ਰਖਣਾ ਪੈਂਦਾ ਹੈ। ਏਸ ਨੂੰ ਸੁੰਨਾ ਨਹੀਂ ਛਡੀਦਾ। ਏਸ ਵਿਚ ਆਪਣਾ ਪੈਰ ਜਾਂ ਖੂੰਡੀ ਦਾ ਸਿਰਾ ਫਸਾ ਕੇ ਰਖਣਾ ਪੈਂਦਾ ਹੈ। ਜੇ ਕਿਸੇ ਦੇ ਸੁੰਨੇ ਪਏ ਲੱਲ੍ਹੇ ਨੂੰ ਵਾਰੀ ਦੇਣ ਵਾਲਾ ਮਲ ਲਵੇ, ਤਾਂ ਵਾਰੀ ਬਦਲ ਜਾਵੇਗੀ। ਏਹੋ ਖੇਡ ਹੈ ਲੱਲ੍ਹਿਆਂ ਦੀ।

ਓਸ ਦਿਨ ਅਸੀਂ ਦਸ ਬਾਰਾਂ ਮੁੰਡੇ ਖੇਡ ਰਹੇ ਸਾਂ ਲੱਲ੍ਹੇ। ਤੇ ਵਾਰੀ ਆ ਗਈ ਸੀ ਬੇਅੰਤ ਜੀ ਦੀ। ਅਤੇ ਓਹ ਮੈਨੂੰ ਨਿਸ਼ਾਨਾ ਬਣੌਣ ਉਤੇ ਤੁਲੇ ਹੋਏ ਸਨ। ਹਾਰ ਮੰਨਣੀ ਮੇਰੇ ਲਈ ਵੀ ਮੁਸ਼ਕਿਲ ਸੀ। ਮੁਕਾਬਲਾ ਹੁਣ ਮੇਰੇ - 'ਰਜਿੰਦ੍ਰ ਸਿੰਘ' ਤੇ ਬੇਅੰਤ ਜੀ ਵਿਚਾਲੇ ਸੀ।

ਕੁੰਦਨ ਸਿੰਘ (ਜਿਸਦਾ ਛੋਟਾ ਨਾਮ ਨਕਈ ਸੀ) ਬੇਅੰਤ ਜੀ ਨੂੰ ਸ਼ਹਿ ਦੇ ਰਿਹਾ ਸੀ। ਜਦੋਂ ਗੇਂਦ ਓਸਦੇ ਨੇੜੇ ਕਿਤੇ ਹੁੰਦੀ ਓਹ ਓਸਨੂੰ ਮੇਰੇ ਨੇੜੇ ਕਰ ਦਿੰਦਾ। ਜਿਸ ਵਾਸਤੇ ਮੇਰੇ ਲਈ ਹੋਰ ਵੀ ਮੁਸ਼ਕਲ ਖੜੀ ਹੋ ਗਈ ਸੀ। ਏਸ ਤਰ੍ਹਾਂ ਮੈਂ ਇਕੱਲਾ ਤੇ ਦੂਸਰੇ ਪਾਸੇ

ਦੇ ਸਨ ਜਿੰਨ੍ਹਾਂ ਦਾ ਮੈਂ ਮੁਕਾਬਲਾ ਕਰ ਰਿਹਾ ਸਾਂ। ਦੋਹਾਂ ਦੀ ਕੋਸ਼ਸ਼ ਮੈਨੂੰ ਫਸਾਕੇ ਗੇਂਦ ਅੱਗੇ ਲੈਂਣਾ ਸੀ। ਪਰ ਮੈਨੂੰ ਵੀ ਅਜ ਆਖਰਾਂ ਦਾ ਜੋਸ਼ ਆਇਆ ਹੋਇਆ ਸੀ। ਤੇ ਮੈਂ ਕਿਸੇ ਵੀ ਕੀਮਤ ਉਤੇ ਵਾਰੀ ਨਹੀਂ ਸੀ ਦੇਣੀ ਚਾਹੁੰਦਾ। ਪਰ—

ਮਾੜੀ ਧਾੜ ਚਮਿਆਰਾਂ 'ਤੇ।

ਮੈਨੂੰ ਰਹਿ ਰਹਿ ਕੇ ਨਕਈ ਜੀ ਤੇ ਗੁੱਸਾ ਆ ਰਿਹਾ ਸੀ। ਮੈਂ ਸਮਝਦਾ ਸਾਂ ਮੇਰੇ ਨਾਲ ਧੱਕਾ ਹੋ ਰਿਹਾ ਹੈ। ਮੈਂ ਮੁਕਾਬਲਾ ਹੋਰ ਵੀ ਤਿੱਖਾ ਕਰ ਦਿਤਾ ਸੀ। ਓਧਰ ਬੇਅੰਤ ਜੀ ਏਨੇ ਜੋਸ਼ ਨਾਲ ਗੇਂਦਾਂ ਸੁਟ ਰਹੇ ਸਨ - ਮੈਨੂੰ ਆਪਣਾ ਆਪ ਬਚੌਣਾ ਔਖਾ ਜਾਪ ਰਿਹਾ ਸੀ। ਮੈਂ ਗੇਂਦ ਤੋਂ ਬਚਦਾ ਵੀ ਸਾਂ ਤੇ ਓਸਨੂੰ ਦੂਰ ਫੈਂਕਣਾ ਵੀ ਮੇਰਾ ਹੀ ਕੰਮ ਰਹਿ ਗਿਆ ਸੀ। ਬੇਅੰਤ ਜੀ ਵਲੋਂ ਜ਼ੋਰ ਨਾਲ ਸੁਟੀ ਗੇਂਦ ਬਹੁਤੀ ਵਾਰੀ ਆਪਣੇ ਆਪ ਹੀ ਦੂਰ ਨਸ ਜਾਂਦੀ ਸੀ। ਜੇ ਹੌਲੀ ਸੁਟਦੇ ਸਨ ਤਾਂ ਮੇਰੀ ਖੂੰਡੀ ਦੀ ਮਾਰ ਵਿਚ ਆ ਜਾਂਦੀ ਸੀ। ਬਾਕੀ ਸਾਰੇ ਤਮਾਸ਼ਾ ਵੇਖ ਰਹੇ ਸਨ। ਪਰ ਨਕਈ ਜੀ ਬਲਦੀ ਉਤੇ ਫੂਸ ਪੌਂਦੇ ਜਾ ਰਹੇ ਸਨ। ਓਹ ਗੇਂਦ ਨੂੰ ਦੂਰੋਂ ਲਿਆਕੇ ਬੇਅੰਤ ਜੀ ਦੇ ਨੇੜੇ ਕਰ ਦਿੰਦੇ। ਤੇ ਏਸ ਤਰ੍ਹਾਂ ਮੇਰੀ ਸ਼ਾਮਤ ਹੋਰ ਵੀ ਵਧ ਰਹੀ ਸੀ।

ਬੇਅੰਤ ਜੀ ਦਾ ਸਫੈਦ ਚਿਹਰਾ ਹੁਣ ਕੇਸੂ ਦੇ ਫੁਲ ਵਾਂਗ ਭਖਣ ਲਗ ਪਿਆ ਸੀ। ਸਾਡੇ ਦੋਹਾਂ ਵਿਚੋਂ ਹਾਰ ਮੰਨਣ ਵਾਸਤੇ ਕੋਈ ਵੀ ਤਿਆਰ ਨਹੀਂ ਸੀ। ਜੇ ਓਹ ਚਾਹੁੰਦੇ ਤਾਂ ਕਿਸੇ ਵੀ ਹੋਰ ਅਵੇਸਲੇ ਮੁੰਡੇ ਨੂੰ ਕਾਬੂ ਕਰ ਸਕਦੇ ਸਨ। ਪਰ ਓਹ ਤਾਂ ਓਹੋ ਹੀ ਸਨ - ਤੇ ਮੈਂ ਮੈਂ ਸਾਂ। ਏਸ ਤਰ੍ਹਾਂ ਖੇਡ ਹੁਣ ਸਾਡੇ ਦੋਹਾਂ ਵਿਚਾਲੇ ਹੀ ਹੋ ਰਹੀ ਸੀ। ਬਾਕੀ ਠੰਡੀਆਂ ਹੇਠਾਂ ਖੂੰਡੀਆਂ ਦੇ ਕੇ ਦਰਸ਼ਕਾਂ ਵਿਚ ਹੀ ਸ਼ਾਮਲ ਹੋ ਗਏ ਸਨ। ਤੇ ਏਸ ਤਰ੍ਹਾਂ ਦਿਸ ਰਹੇ ਸਨ: ਜਿਵੇਂ ਅਖੰਡ ਪਾਠ ਦੀ ਸਜਾਵਟ ਵਿਚ ਗਡੇ ਹੋਏ ਖ਼ੂਬਸੂਰਤ ਕੇਲੇ।

ਖੇਡ ਦੇ ਮੈਦਾਨ ਨੂੰ ਚੁਫੇਰਿਓਂ ਹੀ ਦਰਸ਼ਕਾਂ ਨੇ ਘੇਰ ਰਖਿਆ ਸੀ। ਸਰੋਵਰ ਉਤੇ ਸ਼ਨਾਨ ਕਰਨ ਵਾਲੇ ਪਾਠੀ ਅਤੇ ਧੂਪੀਏ ਵੀ ਖੇਡ ਵੇਖਣ ਵਿਚ ਮਸਤ ਸਨ। ਓਧਰ ਘੜਿਆਲ ਵਰਨੀ ਵਾਲਿਆਂ ਨੂੰ ਵਾਜਾਂ ਮਾਰ ਰਿਹਾ ਸੀ। ਪਰ ਹਿੱਲੋ ਕੌਣ?

ਬੇਅੰਤ ਜੀ ਜਦੋਂ ਗੇਂਦ ਹੌਲੀ ਸੁਟਦੇ ਮੇਰਾ ਦਾਅ ਲਗ ਜਾਂਦਾ, ਤੇ ਮੈਂ ਆਪਣਾ ਆਪ ਬਚਾ ਕੇ ਗੇਂਦ ਨੂੰ ਦੂਰ ਭਜਾ ਦਿੰਦਾ ਤੇ ਜਦੋਂ ਓਹ ਜ਼ੋਰ ਦੀ ਚਲੌਂਦੇ ਮੈਂ ਆਪਣੇ ਆਪ ਨੂੰ ਅਗਾਂਹ ਪਿਛਾਂਹ ਕਰਕੇ ਗੇਂਦ ਦੀ ਮਾਰ ਤੋਂ ਬਚਦਾ।

ਰੌਲਾਂ ਲੇਟ ਹੋ ਰਹੀਆਂ ਸਨ ਪਰ ਹਿੱਲੇ ਕੌਣ? ਖੇਡ ਹੁਣ ਹੋਰ ਵੀ ਤੇਜ਼ ਹੋ ਗਈ ਸੀ। ਤੇ ਏਸਤਰ੍ਹਾਂ ਮੇਰੀ ਘਬਰਾਹਟ ਵੀ ਵਧ ਗਈ ਸੀ। ਨਕਈ ਜੀ ਨੇ ਗੇਂਦ ਮੇਰੇ ਨੇੜੇ ਕਰ ਦਿਤੀ। ਮੈਂ ਅਜੇ ਲੱਲ੍ਹੇ ਤੋਂ ਕਾਫੀ ਦੂਰ ਸਾਂ ਕਿ ਬੇਅੰਤ ਜੀ ਦੌੜ ਕੇ ਮੇਰੇ ਖਾਲੀ ਟੋਏ ਵਲ ਵਧੇ। ਮੈਂ ਵੀ ਅੱਜ ਕਿਸੇ ਕੀਮਤ ਤੇ ਹਾਰ ਨਹੀਂ ਸੀ ਮੰਨਣੀ ਚਾਹੁੰਦਾ। ਮੈਂ ਭੱਜ ਕੇ ਬੇਅੰਤ ਜੀ ਨੂੰ ਜੱਫਾ ਮਾਰ ਲਿਆ।

ਹੁਣ ਸਾਡੇ ਸਾਹਮਣੇ ਦੂਹਰਾ ਕੰਮ ਸੀ। ਓਹਨਾਂ ਅੱਗੇ ਘੁਲ੍ਹ ਕੇ ਮੇਰੇ ਟੋਏ ਵਲ ਵਧਣਾ, ਤੇ ਮੇਰੇ ਸਾਹਮਣੇ ਸੀ, ਸਾਰੇ ਜ਼ੋਰ ਨਾਲ ਬੇਅੰਤ ਜੀ ਨੂੰ ਪਿਛੇ ਧੱਕ ਕੇ ਲੱਲ੍ਹੇ ਦੀ ਰੋਕ ਕਰਨੀ।

ਲੱਲ੍ਹਾ ਹੁਣ ਅਸਲੋਂ ਓਹਨਾਂ ਦੀ ਪਹੁੰਚ ਵਿਚ ਸੀ ਤੇ ਘੋਲ ਹੋਰ ਵੀ ਤਿਖਾ ਹੋ ਗਿਆ ਸੀ।

ਸਾਡੇ ਉਦਾਲੇ ਸ਼ੋਰ ਏਨਾਂ ਵਧ ਗਿਆ ਸੀ ਕਿ ਕੋਈ ਵੀ ਗੱਲ ਸਾਫ਼ ਸੁਣਾਈ ਨਹੀਂ

ਸੀ ਦਿੰਦੀ। ਜ਼ੋਰ ਜ਼ੋਰ ਦੀ ਨਾਹਰੇ ਲਗ ਰਹੇ ਸਨ – ਸ਼ਾਵਾ ਬਚ ਕੇ- ਵੇਖਣਾ – ਬਸ. ਥੋਹੜਾ ਹੋਰ। ਨਾਰੇ ਕੁਝ ਮੇਰੇ ਤੇ ਕੁਝ ਬੇਅੰਤ ਜੀ ਦੇ ਹੱਕ ਵਿਚ ਲਗ ਰਹੇ ਸਨ। ਸਭ ਤੋਂ ਵਧ ਜ਼ੋਰ ਨਕਈ ਜੀ ਦਾ ਲੱਗ ਰਿਹਾ ਸੀ।

ਮੈਨੂੰ ਦੂਹਰਾ ਗੁੱਸਾ ਚੜ੍ਹਿਆ ਹੋਇਆ ਸੀ — ਇਕ ਤਾਂ ਬੇਅੰਤ ਜੀ ਨੇ ਮੈਨੂੰ ਤਕਾ ਲਿਆ ਸੀ, ਤੇ ਦੂਸਰੇ. ਕੁੰਦਨ ਸਿੰਘ ਓਹਨਾਂ ਦੀ ਮਦਦ ਕਰ ਰਿਹਾ ਸੀ।

ਸਾਡੇ ਦੋਹਾਂ ਦੇ ਕਪੜੇ ਘੱਟੇ ਮਿੱਟੀ ਦਾ ਹੀ ਰੂਪ ਹੋ ਗਏ ਸਨ। ਕਦੇ ਮੈਂ ਹੇਠਾਂ ਬੇਅੰਤ ਜੀ ਉਤੇ ਅਤੇ ਕਦੇ ਓਹ ਹੇਠਾਂ ਤੇ ਮੈਂ ਉਤੇ। ਪਰ ਫੇਰ ਵੀ ਓਹ ਅੱਗੇ ਹੀ ਵਧ ਰਹੇ ਸਨ। ਕਿਉਂਕਿ ਸਾਨੂੰ ਦੋਹਾਂ ਨੂੰ ਪਤਾ ਸੀ, ਜਿੱਤ ਹਾਰ ਦਾ – ਫੈਸਲਾ – ਕਿਸੇ ਵੀ ਤਰ੍ਹਾਂ ਵਿਚਾਲੇ ਨਹੀਂ ਸੀ ਛਡਿਆ ਜਾ ਸਕਦਾ। ਏਹ ਦੋ ਟੁੱਕ ਹੋਕੇ ਹੀ ਰਹੇਗਾ।

ਮੈਂ ਸਮਝ ਗਿਆ ਸਾਂ ਕਿ ਜਿੱਤ ਬੇਅੰਤ ਜੀ ਦੀ ਹੀ ਹੋਣ ਵਾਲੀ ਹੈ। ਨਕਈ ਜੀ ਦਾ ਜ਼ੋਰ ਹੁਣ ਸਾਡੇ ਦੋਹਾਂ ਨਾਲੋਂ ਬਹੁਤਾ ਲਗ ਰਿਹਾ ਸੀ। ਨਕਈ ਜੀ ਆਪਣੇ ਟੋਏ ਨੂੰ ਭੁੱਲ ਚੁੱਕੇ ਸਨ ਤੇ ਲਲਕਾਰੇ ਮਾਰ ਰਹੇ ਸਨ ਬਸ ਥੋੜ੍ਹਾ ਜਿੰਨਾਂ ਹੋਰ।

ਮੈਂ ਬੇਅੰਤ ਜੀ ਨੂੰ ਅਚਾਨਕ ਆਪ ਦਾ ਲੱਲ੍ਹਾ ਛੱਡ ਦਿਤਾ – ਏਸ ਤਰ੍ਹਾਂ ਓਹਨਾਂ ਮੇਰਾ ਟੋਆ ਮੱਲ ਲਿਆ ਤੇ ਮੈਂ ਦੌੜ ਕੇ ਨਕਈ ਜੀ ਦਾ।

ਅਸੀਂ ਦੋਵੇਂ ਹੀ ਜਿੱਤ ਚੁੱਕੇ ਸਾਂ ਤੇ ਮਿਸਟਰ ਨਕਈ ਜੀ ਹਾਰ ਗਏ ਸਨ।

੨੧-੪-੭੧ ਮਾਨਸਾ

ਅਖਾੜਾ

ਸਕੂਲ ਦੀ ਹਾਜ਼ਰੀ ਭਾਵੇਂ ਕਿਤਨੀ ਹੀ ਜ਼ਰੂਰੀ ਸੀ, ਪਰ ਅਖਾੜੇ ਵਿਚ ਜ਼ੋਰ ਕਰਨਾ ਓਸ ਤੋਂ ਵੀ ਵੱਧ ਜ਼ਰੂਰੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਏਹ ਹੁਕਮ ਅਮੋੜ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦ੍ਰਿੜ੍ਹ ਵਿਸ਼ਵਾਸ ਸੀ —

"ਮਨੁਖ ਬਲਹੀਣ ਨਹੀਂ ਹੋਣਾ ਚਾਹੀਦਾ
ਧਨ ਹੀਣ ਬੇ-ਸ਼ੱਕ ਹੋਵੇ।

ਏਸ ਵਾਸਤੇ ਚਾਹੁਣ ਤੇ ਨਾ ਚਾਹੁਣ ਦਾ ਤਾਂ ਪ੍ਰਸ਼ਨ ਹੀ ਪੈਦਾ ਨਹੀਂ ਸੀ ਹੁੰਦਾ। ਭਾਈ ਪ੍ਰੇਮ ਸਿੰਘ ਜੀ ਸਾਡੇ ਉਸਤਾਦ ਸਨ। ਭਾਈ ਵਜ਼ੀਰ ਸਿੰਘ ਜੀ ਵੀ ਜਦੋਂ ਫੁਰਸਤ ਹੁੰਦੀ, ਜਰੂਰ ਅਖਾੜੇ ਵਿਚ ਦਰਸ਼ਨ ਦਿੰਦੇ। ਘੁਲਦੇ ਓਹ ਬੜੀ ਸਫਾਈ ਨਾਲ ਸਨ। ਕਲਾ ਜੰਗ ਓਹਨਾਂ ਦਾ ਮਸ਼ਹੂਰ ਹੀ ਦਾਅ ਸੀ। ਜਦੋਂ ਮੌਕਾ ਬਣਦਾ-ਬੰਦੇ ਨੂੰ ਪਟੜੇ ਵਾਂਗ ਪਟਕਾ ਮਾਰਦੇ।

ਮੇਰੇ ਉਤੇ ਭਾਈ ਸਾਹਿਬ ਏਸ ਵਾਸਤੇ ਵੀ ਕ੍ਰਿਪਾਲੂ ਸਨ ਕਿਉਂਕਿ ਘੁਲਨ ਵਿਚ ਮੈਂ ਬਹੁਤ ਫੁਰਤੀਲਾ ਸਾਂ। ਭਾਈ ਸਾਹਿਬ ਨੇ ਹੀ ਮੇਰਾ ਤੇ ਬੇਅੰਤ ਜੀ ਦਾ ਜੋੜ ਕਾਇਮ ਕੀਤਾ ਸੀ। ਓਹਨਾਂ ਦਾ ਵਿਸ਼ਵਾਸ ਸੀ ਮੱਠੇ ਆਦਮੀ ਨਾਲ ਬੰਦਾ ਮੱਠਾ ਹੋ ਜਾਂਦਾ ਹੈ।

ਆ ਬਈ ਏਧਰ, ਤੇਰੇ ਵੀ ਦੋ ਧੌਲਾਂ ਜਮਾਵਾਂ ਭਾਈ ਪ੍ਰੇਮ ਸਿੰਘ ਜੀ ਨੇ ਹੁਕਮੀਆਂ ਲਹਿਜੇ ਵਿਚ ਆਖਿਆ। ਮੈਂ ਤੇ ਭਾਈ ਜੀ ਗੁੱਥਮ ਗੁੱਥਾ ਹੋ ਗਏ। ਓਹਨਾਂ ਨੇ, ਅਚਾਨਕ ਹੱਥ ਨਰਮ ਕਰ ਦਿਤੇ। ਮੈਂ ਓਹਨਾਂ ਨੂੰ ਢਾਕ ਤੇ ਕੱਸ ਲਿਆ। ਤੇ ਓਹਨਾਂ ਮਲਕੜੇ ਜੇਹੇ ਲੰਗੜੀ ਮਾਰੀ ਤੇ ਮੈਂ ਦੋ ਤਿੰਨ ਲੋਟਣੀਆਂ ਖਾ ਗਿਆ।

ਆਓ ਜੀ, ਤੁਸੀਂ ਵੀ ਦਰਸ਼ਨ ਦਿਓ।

ਭਾਈ ਪ੍ਰੇਮ ਸਿੰਘ ਜੀ ਨੇ ਮੁਸਕ੍ਰੌਂਦਿਆਂ ਹੋਇਆਂ, ਬੇਅੰਤ ਜੀ ਨੂੰ ਲਲਕਾਰਿਆ।

ਬੇਅੰਤ ਜੀ ਸਿਰ ਦੀ ਰੁਮਾਲੀ ਨੂੰ ਠੋਡੀ ਉਪਰ ਕਸਦੇ ਹੋਏ ਅਗਾਂਹ ਵਧੇ। ਅਤੇ ਭਾਈ ਜੀ ਦੇ ਲੱਕ ਨੂੰ ਜਾ ਜੱਫਾ ਪਾਇਆ। ਭਾਈ ਜੀ ਨੇ ਓਹਨਾਂ ਨੂੰ ਵੀ ਲੰਗੜੀ ਲੈਣ ਦੀ ਕੋਸ਼ਸ਼ ਕੀਤੀ। ਪਰ ਓਹ ਮੇਰੀਆਂ ਤੇਹਰਵੇਹਰੀਆਂ ਤੋਂ ਸੁਚੇਤ ਹੋ ਗਏ ਸਨ ਤੇ ਓਹ ਢਾਕ ਉਤੇ ਚੜਨ ਦੀ ਬਜਾਏ, ਉਲਟ ਕੇ ਅੱਗੋ ਆ ਗਏ। ਭਾਈ ਜੀ ਹੁਣ ਹੋਰ ਦਾਅ ਦੀ ਉਡੀਕ ਵਿਚ ਸਨ।

ਬੇਅੰਤ ਜੀ ਨੇ ਭਾਈ ਜੀ ਦੇ ਲੰਗੋਟੇ ਵਿਚ ਦੋਵੇਂ ਹੱਥ ਪਾ ਕੇ ਧੌਣ ਉਤੋਂ ਉਲਟੌਣ ਦੀ ਕੋਸ਼ਸ਼ ਕੀਤੀ। ਭਾਈ ਜੀ ਇਕ ਪਾਸੇ ਉਲਟ ਗਏ। ਅਤੇ ਬੇਅੰਤ ਜੀ ਦੇ ਦੋਹਾਂ ਹੱਥਾਂ ਨੂੰ ਵਲੇਟ ਕੇ ਢਾਕ ਮਾਰੀ ਤੇ ਓਹ ਮੇਰੇ ਉਤੇ ਆ ਡਿਗੇ। ਅਤੇ ਭਾਈ ਜੀ ਦਾ ਗੁੱਸਾ ਮੇਰੇ ਉਤੇ ਲਾਹੁਣਾ ਚਾਹਿਆ। ਪਰ:

ਹਉ ਗੋਸਾਈ ਦਾ ਪਹਿਲਵਾਨੜਾ।।
ਮੈ ਗੁਰ ਮਿਲਿ ਉਚ ਦੁਮਾਲੜਾ।।

ਮੈਨੂੰ ਵੀ ਭਾਈ ਵਜ਼ੀਰ ਸਿੰਘ ਜੀ ਨੇ ਮਛਰਾ ਰਖਿਆ ਸੀ। ਹੁਣ ਅਸੀਂ ਦੋਵੇਂ ਆਹਮੋ ਸਾਹਮਣੇ ਸਾਂ। ਤੇ ਦੋਵੇਂ ਘਚਾਨੀਆਂ ਮਾਰਕੇ ਇਕ ਦੂਸਰੇ ਨੂੰ ਠੱਗਣਾ ਚਾਹੁੰਦੇ ਸਾਂ। ਬੇਅੰਤ ਜੀ ਮੇਰੇ ਤੋਂ ਵੀਹ ਵਗ ਰਹੇ ਸਨ। ਅਸੀਂ ਏਡੀ ਫੁਰਤੀ ਨਾਲ ਅਗਾਂਹ ਪਿਛਾਂਹ ਤੇ ਹੇਠਾਂ ਉਤੇ ਹੋ ਰਹੇ ਸਾਂ ਕਿ ਸਾਰੇ ਘੁਲਾਟੀਏ ਸਾਡੇ ਵਲ ਖਿੱਚੇ ਗਏ। ਤੇ ਭਾਈ ਪ੍ਰੇਮ ਸਿੰਘ ਜੀ ਨੇ ਵੀ ਦਸਤੀ ਵਿੱਚੇ ਰੋਕ ਦਿਤੀ। ਬਾਹਰੋਂ ਸ਼ਾਬਾਸ਼ ਸ਼ਾਬਾਸ਼ ਤੇ ਬੱਲੇ ਬੱਲੇ ਦੇ ਨਾਹਰੇ ਲਗ ਰਹੇ ਸਨ। ਪਰ ਸਾਡੇ ਕੰਨਾਂ ਤਕ ਤਾਂ ਸਾਡੇ ਆਪਣੇ ਹੀ ਧੌਲ ਮੁੱਕੇ, ਤੇਜ਼ ਵਾ ਵਰੋਲੇ ਦੀ ਤਰ੍ਹਾਂ ਗੂੰਜ ਰਹੇ ਸਨ।

ਅਚਾਨਕ ਬੇਅੰਤ ਜੀ ਦੇ ਬੁਲ੍ਹਾਂ ਵਿਚੋਂ ਲਹੂ ਨਿਕਲਣ ਲਗ ਪਿਆ। ਘੋਲ ਤਾਂ ਵਿਚਾਲੇ ਹੀ ਰਹਿ ਗਿਆ। ਤੇ ਓਹਨਾਂ ਨੇ ਉਠ ਕੇ ਮੇਰੇ ਹੱਥ ਨੂੰ ਵੱਟ (ਚਾੜ੍ਹ ਲਿਆ) ਦੇ ਲਿਆ। ਮੈਂ ਵੀ ਠਠੰਬਰ ਗਿਆ। ਤੇ ਹੈਰਾਨ ਸਾਂ, ਏਹ ਕੀ ਬਣ ਗਿਆ ਹੈ। ਮੈਂ ਬਾਂਹ ਦਾ ਵੱਟ ਤਾਂ ਭੁੱਲ ਗਿਆ, ਪਰ ਓਹਨਾਂ ਦੇ ਬੁੱਲ੍ਹਾਂ ਵਿਚੋਂ ਲਹੂ ਵਗਦਾ ਵੇਖਕੇ ਠਠੰਬਰ ਗਿਆ।

ਓਹ ਸੁਰੈਣ ਸਿੰਆਂ! ਲਿਆ ਉਰਾਂਹ ਰੇਤੀ, ਪਹਿਲਾਂ ਏਸ ਦੇ ਕੜੇ ਦਾ ਕੰਮ ਭੁਗਤਾਈਏ, ਹੋਰ ਕਿਸੇ ਦੇ ਵੱਜੂ।

ਅਸੀਂ ਹੁਣ ਸਾਰੇ ਹੀ ਸਮਝ ਗਏ ਸਾਂ ਕਿ ਏਹ ਸਰਬ ਲੋਹ ਦੇ ਕੜੇ ਦੀ ਹੀ ਕਾਰਵਾਈ ਸੀ।

ਸੰਤ ਬਲਬੀਰ ਸਿੰਘ ਜੀ

ਮੇਰਾ ਬਦਨ ਤਾਂ ਭਾਵੇਂ ਇਕਹਿਰਾ ਹੀ ਸੀ ਪਰ ਘੁਲਣ ਵੇਲੇ ਆਖਰ ਦੀ ਤੇਜ਼ੀ ਹੋਣ ਕਰਕੇ ਆਮ ਸਾਥੀ ਮੈਥੋਂ ਬਚਣ ਦੀ ਹੀ ਕੋਸ਼ਸ਼ ਕਰਦੇ। ਕਦੇ ਕਦੇ ਬਾਹਰੋਂ ਆਏ ਆਦਮੀ ਦਾ ਮੌਜੂ ਬਣੌਣ ਲਈ ਵੀ ਮੈਨੂੰ ਚੁਣ ਲਿਆ ਜਾਂਦਾ।

ਸੰਤ ਬਲਬੀਰ ਸਿੰਘ ਬੇ-ਹੱਦ ਕਦਾਵਰ ਤੇ ਮੈਥੋਂ ਦੂਣਾਂ ਤੀਣਾਂ ਭਾਰਾ ਸੀ। ਸਾਨੂੰ ਘੁਲਦਿਆਂ ਵੇਖ ਕੇ ਸੰਤ ਜੀ ਦੇ ਵੀ ਡੌਲੇ ਫਰਕਣ ਲਗ ਪਏ। ਇਤਫ਼ਾਕ ਨਾਲ ਓਸ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਭਾਈ ਵਜ਼ੀਰ ਸਿੰਘ ਜੀ ਵੀ ਸਾਡੇ ਅਖਾੜੇ

ਵਿਚ ਦਰਸ਼ਨ ਦੇ ਰਹੇ ਸਨ। ਅੰਤੇ ਸਤਿਗੁਰੂ ਜੀ ਦੇ ਹੁਕਮ ਨਾਲ ਹੀ ਜੋਗਾ ਸਿੰਘ ਤੇ ਕੁੰਦਨ ਸਿੰਘ ਦਾ ਜੋੜ ਛੁਟਿਆ ਹੋਇਆ ਸੀ।

ਜਦੋਂ ਸੰਤ ਬਲਬੀਰ ਸਿੰਘ ਜੀ ਕਿਹਾ ਸਚੇ ਪਾਤਿਸ਼ਾਹ ਜੀ ਮੈਂ ਵੀ ਘੁਲਣਾ ਹੈ ਤਾਂ ਸਾਡਾ ਸਾਰਿਆਂ ਦਾ ਧਿਆਨ ਓਸੇ ਪਾਸੇ ਵਲ ਖਿਚਿਆ ਗਿਆ। ਤੇ ਦੂਸਰੇ ਘੋਲ ਵਿਚੇ ਹੀ ਰਹਿ ਗਏ। ਸੰਤ ਬੜਾ ਹਸਮੁੱਖ, ਕਥੱਕੜ, ਹਸੌਣਾ ਖਿਡੌਣਾ ਵਿਅਕਤੀ ਸੀ।

"ਬੋਲੋ ਬਈ ਸੰਤਾਂ ਨਾਲ ਕੌਣ ਘੁਲਦਾ ਹੈ?" ਸਤਿਗੁਰੂ ਜੀ ਨੇ ਫੁਰਮਾਇਆ।

ਬੇਅੰਤ ਜੀ ਨੇ ਧੱਕ ਕੇ ਮੈਨੂੰ ਅਗਾਂਹ ਕਰ ਦਿਤਾ। ਕਹਿਣ ਲਗੇ ਏਸੇ ਨਾਲ ਹੀ ਘੁਲਾ ਦਿਓ।

ਏਸ ਨੂੰ ਤਾਂ ਮੈਂ ਲੰਗੋਟੇ ਵਿਚ ਟੂੰਗੀ ਫਿਰੂੰਗਾ। ਜਿਵੇਂ ਬਾਲੀ ਨੇ ਰਾਵਣ ਨੂੰ ਅੜਾ ਰਖਿਆ ਸੀ ਕਛੇ ਵਿਚ। ਕੋਈ ਮੇਰੇ ਬਰੋਬਰ ਦਾ ਕਢੋ? ਸੰਤਾਂ ਨੇ ਆਖਿਆ।

ਤੂੰ ਅੱਗੇ ਤਾਂ ਹੋ, ਏਹੋ ਤੇਰੀਆਂ ਘੀਸੀਆਂ ਕਰਾਏਗਾ। ਭਾਈ ਵਜ਼ੀਰ ਸਿੰਘ ਜੀ ਹੱਸਦਿਆਂ ਹੱਸਦਿਆਂ ਆਖਿਆ।

ਹਲਾ! ਏਸ ਨੂੰ ਹੁਣੇ ਵੇਖ ਲੈਂਦਾ ਹਾਂ।

– – –

ਮੇਰਾ ਤਾਂ ਸੰਤਾਂ ਦਾ ਜੋੜ ਵੇਖ ਕੇ ਸਤਿਗੁਰੂ ਜੀ ਬੜੇ ਹੱਸੇ। ਅਖਾੜੇ ਵਿਚ ਨਵਾਂ ਹੀ ਰੰਗ ਬੱਝ ਗਿਆ।

ਘੁਲਣਾ ਤਾ ਬਹੁਤ ਵੱਡਾ ਹੁਨਰ ਹੈ- ਸੰਤ ਬਲਬੀਰ ਸਿੰਘ ਤਾਂ ਆਪਣੀ ਦੇਹ ਵੇਖ ਕੇ ਹੀ ਆਪਣੇ ਆਪ ਨੂੰ ਰੁਸਤਮ ਸਮਝ ਬੈਠੇ ਸਨ।

– – –

ਮਹਾਰਾਜਾ ਹੀਰਾ ਸਿੰਘ ਜੀ ਵਾਲੀਏ ਰਿਆਸਤ ਨਾਭਾ ਇਕ ਵਾਰ ਦਰਬਾਰ ਲਾਈ ਬੈਠੇ ਸਨ। ਮਹਾਰਾਜਾ ਦੇ ਇਕ ਪਾਸੇ ਪਟਿਆਲੇ ਦੇ ਪਹਿਲਵਾਨਾਂ ਦਾ ਟੋਲਾ ਬੈਠਾ ਹੋਇਆ ਸੀ। ਮਹਾਰਾਜਾ ਕਹਿਣ ਲਗੇ।

ਦਸੋ ਭਾਈ! ਦੁਨੀਆਂ ਵਿਚ ਸਭ ਤੋਂ ਵੱਡਾ ਚੋਰ ਕੌਣ ਹੈ?

ਕਿਸੇ ਨੇ ਕਿਸੇ ਚੋਰ ਦਾ ਨਾਮ ਲਿਆ ਕਿਸੇ ਨੇ ਕਿਸੇ ਚੋਰ ਦਾ।

ਮਹਾਰਾਜ ਹੀਰਾ ਸਿੰਘ ਜੀ ਕਹਿਣ ਲਗੇ - ਗਲਤ ਹੈ। ਸਭ ਤੋਂ ਵਡਾ ਚੋਰ ਪਹਿਲਵਾਨ ਹੈ। ਜੋ ਚਿਟੇ ਦਿਨ ਸਾਰਿਆਂ ਦੇ ਵਿੰਹਦੇ ਵਿੰਹਦੇ ਹੀ ਦਾਅ ਲਾ ਕੇ ਇਕ ਦੂਸਰੇ ਨੂੰ ਚਿੱਤ ਕਰ ਦਿੰਦੇ ਹਨ।

– – –

ਜਿਸਮ ਦੇ ਹਿਸਾਬ ਨਾਲ ਸੰਤ ਦੇ ਬਰਾਬਰ ਦਾ ਸਾਡੇ ਵਿਚੋਂ ਕੋਈ ਵੀ ਨਹੀਂ ਸੀ। ਪਰ ਪਹਿਲਵਾਨੀ ਇਕ ਬਹੁਤ ਤੇਜ਼ ਤਰਾਰੀ ਤੇ ਹੁਸ਼ਿਆਰੀ ਤੋਂ ਕੰਮ ਲੈਣ ਦਾ ਹੁਨਰ ਹੈ। ਭਾਰੇ ਤਾਂ ਰੁਖ ਵੀ ਬਹੁਤ ਹੁੰਦੇ ਹਨ ਜਿੰਨ੍ਹਾਂ ਉਤੇ ਬਾਂਦਰ ਤੇ ਲੰਗੂਰ ਰਾਤ ਦਿਨ ਟਪੂਸੀਆਂ ਮਾਰਦੇ ਰਹਿੰਦੇ ਹੈਨ।

ਸਤਿਗੁਰੂ ਜੀ ਦਾ ਹੁਕਮ ਸਾਡੇ ਵਾਸਤੇ ਅਚੂਕ ਫੁਰਮਾਨ ਸੀ। ਮੈਂ ਆਪਣੇ ਆਪ ਨੂੰ ਬਚੌਂਦਾ ਅੱਗੇ ਪਿੱਛੇ ਹੋਣ ਲਗਾ ਜਦੋਂ ਸੰਤ ਜੀ ਦੇ ਆਲੇ-ਦੁਆਲੇ ਭੱਜ ਕੇ ਮੈਂ ਅਗਾਂਹ, ਪਿਛਾਂਹ ਹੱਥ ਮਾਰੇ ਤੇ ਝਕਾਨੀ ਦੇ ਕੇ ਸੰਤ ਜੀ ਦੇ ਲੰਗੋਟੇ ਨੂੰ ਹੱਥ ਪਾਇਆ, ਓਹ ਘਬਰਾ ਗਏ ਸਨ।

ਲੱਤ ਵਿਚ ਲੱਤ ਅੜਾ ਕੇ ਮੈਂ ਏਸ ਤਰਾਂ ਡੇਗ ਦਿਤਾ - ਜਿਵੇਂ ਲੇਬਰਾਂ ਨੇ ਵੇਢਾ

ਲਾ ਕੇ ਪਾਪੂਲਰਾਂ ਦਾ ਟਾਹਣਾਂ ਤੋੜ ਦਿਤਾ ਹੋਵੇ। ਇਕ ਪਾਸੇ ਦੀ ਹੋ ਕੇ ਮੈਂ ਸੰਤ ਜੀ ਦੇ ਮੌਰਾਂ ਤੇ ਚੜ੍ਹ ਬੈਠਾ ਅਤੇ ਧੌਣ ਤੇ ਗੋਡਾ ਦੇ ਲਿਆ ਤੇ ਉਲਟਾ ਕੇ ਸੁਟ ਦਿਤਾ।

ਹਾ-ਹਾ-ਹਾ-ਹਾ- ਤੂੰ ਦਾਅ ਲਾ ਗਿਆ ਏਂ, ਜ਼ਰਾ ਸੂਤ ਹੋ ਲੈਣ ਦੇ ਮੈਨੂੰ ਫੇਰ ਵੇਖਾਂਗਾ ਤੇਰੀਆਂ ਲੰਗੜੀਆਂ ਨੂੰ। ਸੰਤ ਜੀ ਨੇ ਰੋਹ ਵਿਚ ਹੋ ਕੇ ਆਖਿਆ।

ਢਾਈ ਮਣ ਦੇ ਸਰੀਰ ਦਾ ਮੁਕਾਬਲਾ ਕਰਨਾ ਮੇਰੇ ਵਾਸਤੇ ਕੋਈ ਸੌਖਾ ਕੰਮ ਨਹੀਂ ਸੀ। ਜੇ ਮੇਰੇ ਉਤੇ ਡਿਗ ਪੈਂਦੇ ਤਾਂ ਜਾਨ ਬਚੌਣੀ ਔਖੀ ਹੋ ਜਾਂਦੀ।

ਸੰਤਾਂ ਦੀ ਪਿੱਠ ਲੱਗੀ ਵੇਖ ਕੇ ਕੁੰਦਨ ਸਿੰਘ ਭਗਉਤੇ ਨੇ ਤਾੜੀ ਮਾਰ ਦਿਤੀ। ਭਗਉਤਾ ਜੀ ਵੀ ਜੁਆਨੀ ਵਿਚ ਘੁਲਦੇ ਹੁੰਦੇ ਸਨ। ਅਸਲ ਵਿਚ ਓਸ ਵੇਲੇ ਹਰ ਇਕ ਪਿੰਡ ਵਿਚ ਅਖਾੜਾ ਗੁੱਡਿਆ ਹੁੰਦਾ ਸੀ। ਤੇ ਹਰ ਇਕ ਜੁਆਨ ਮੁੰਡਾ ਦਸਤ-ਪੰਜਾ ਜ਼ਰੂਰ ਲੈਂਦਾ।

ਸੰਤ ਹੁਣ ਮੇਰੇ ਸਾਮਣੇ ਕਾਂ ਟੂਟੀ ਵਾਂਗ ਆਕੜ ਕੇ ਆਣ ਖਲੋਤੇ ਆ ਜਾ ਫੇਰ! ਹੁਣ ਆ ਕੱਢਾਂ ਤੇਰੇ ਵੱਟ।

ਬੇਅੰਤ ਜੀ ਨੇ ਫੇਰ ਮੇਰੀ ਹੁੱਝਾਂ ਨਾਲ ਸੇਵਾ ਕੀਤੀ - ਤੂੰ ਇਕ ਵਾਰ ਫੇਰ ਝੰਬ ਸੁਟ ਇਹਨਾਂ ਨੂੰ।

ਬੱਚਿਆਂ ਦੇ ਅਖਾੜੇ ਵਿਚ ਖਲੋਤੇ ਸੰਤ ਜੀ ਏਸ ਤਰ੍ਹਾਂ ਦਿਸ ਰਹੇ ਸੀ — ਜਿਵੇਂ ਰਾਮ ਚੰਦਰ ਜੀ ਦੀ ਸੈਨਾਂ ਵਿਚ ਕੁੰਭਕਰਨ ਜਾਂ ਹਰਨਾਂ ਦੇ ਝੁੰਡ ਵਿੱਚ ਜ਼ਿਰਾਫ਼

ਸਤਿਗੁਰੂ ਜੀ, ਭਾਈ ਵਜ਼ੀਰ ਸਿੰਘ ਤੇ ਆਲੇ ਦੁਆਲੇ ਖਲੋਤੇ ਸਾਧ-ਸੰਤ ਹੱਸ ਹੱਸ ਦੂਹਰੇ ਹੋ ਰਹੇ ਸਨ। ਮੇਰੇ ਭਾ ਦੀ ਬਣੀ ਹੋਈ ਸੀ - ਜੇ ਸੰਤ ਜੀ ਨੇ ਹੇਠਾਂ ਲੈ ਲਿਆ ਤਾਂ ਛੁੱਟਣਾਂ ਮੁਸ਼ਕਿਲ ਹੋ ਜਾਵੇਗਾ।

ਹੁਣ ਬਿੱਲੀ ਵਾਂਗ ਕਿਉਂ ਛਹਿੰਦਾ ਜਾਨਾਂ ਵੇਂ ਨਿਕਲ ਬਾਹਰ? ਸੰਤਾਂ ਨੇ ਮੈਨੂੰ ਫੇਰ ਲਲਕਾਰਿਆ।

ਤੇਰੀ ਕਿਉਂ ਸ਼ਾਮਤ ਆਈ ਹੈ ਏਹ ਤੇਰੇ ਮੂੰਹ ਵਿਚ ਫੇਰ ਮਿਟੀ ਪਾਵੇਗਾ। ਭਾਈ ਵਜ਼ੀਰ ਸਿੰਘ ਹੁਰਾਂ ਆਖਿਆ। ਸਤਿਗੁਰੂ ਜੀ ਦਾ ਇਸ਼ਾਰਾ ਸਮਝ ਕੇ - ਬੇਅੰਤ ਜੀ ਨੇ ਮੈਨੂੰ ਫੇਰ ਅੱਗੇ ਧੱਕ ਦਿਤਾ।

ਮੈਂ ਤੇ ਸੰਤ ਜੀ ਹੁਣ ਫੇਰ ਜੂਝ ਪਏ।

ਐਤਕਾਂ ਮੈਂ ਨਵੀਂ ਸਕੀਮ ਤੇ ਅਮਲ ਕੀਤਾ। ਸੰਤ ਦੀ ਦੇਹ ਦਾ ਡਰ ਹੁਣ ਮੇਰੇ ਵਿਚੋਂ ਨਿਕਲ ਚੁੱਕਾ ਸੀ। ਮੈਂ ਪਿਛੇ ਹੋ ਕੇ ਘੁਟ ਕੇ ਸੰਤ ਦਾ ਲੰਗੋਟਾ ਫੜ ਲਿਆ ਤੇ ਲੱਗਾ ਸੰਤ ਜੀ ਨੂੰ ਭੰਬੀਰੀ ਬਣੌਣ। ਅਜੇ ਦੋ ਤਿੰਨ ਚਕਰ ਹੀ ਆਏ ਸਨ ਕਿ ਸੰਤ ਜੀ ਤੇ ਮੈਂ ਦੋਵੇਂ ਡਿਗ ਪਏ।

ਸਤਿਗੁਰੂ ਜੀ ਹੱਸਦੇ ਹੱਸਦੇ ਕੋਠੀ ਵਿਚ ਚਲੇ ਗਏ। ਤੇ ਅਸੀਂ ਤਾੜੀਆਂ ਮਾਰਦੇ ਮਾਰਦੇ ਤਲਾ ਵਿਚ ਜਾ ਵੜੇ।

ਸਹਿਨਸ਼ੀਲਤਾ

ਓਦੋਂ, ਘੁੜ ਸਵਾਰੀ ਦਾ ਜ਼ਮਾਨਾ ਸੀ। ਏਹ ਘੋੜੇ ਦੀ ਨਸਲ ਤੇ ਮੁਨਹੱਸਰ ਸੀ, ਕਿ ਓਹ ਦੌੜਨ ਵਾਲਾ ਹੈ ਜਾਂ ਤਾਂਗੇ ਚਲਣ ਵਾਲਾ। ਕੋਤਲ ਹੈ ਜਾਂ ਹੰਟਰ ਛਕਣ ਵਾਲਾ। ਏਹ ਘੋੜਾ ਹੰਟਰ ਨਾਲ ਚਲਣ ਵਾਲਾ ਸੀ। ਜਿਸ ਦੇ ਪਿਛੇ ਸੁਹਾਗਾ ਪਾ ਕੇ ਖੂਬ

ਸੁਆਰਿਆ ਗਿਆ ਸੀ। ਅਜ ਏਸ ਦੀ ਵਾਰੀ ਸੀ ਬੱਘੀ ਅਗੇ ਜੁਪਣ ਦੀ।

(ਸਤਿਗੁਰੂ ਜਗਜੀਤ ਸਿੰਘ ਜੀ) ਬੇਅੰਤ ਜੀ ਦੇ ਸੇਵਕ ਗੁਰਬਖਸ਼ ਸਿੰਘ ਨੇ ਬੱਘੀ ਬਾਹਰ ਕਢ ਕੇ-ਬੇਅੰਤ ਜੀ ਨੂੰ ਆਵਾਜ਼ ਦਿਤੀ। ਸ਼ਾਹ ਸਵਾਰ ਸਾਹਬਜ਼ਾਦੇ ਅਗਲੀ ਸੀਟ ਉਤੇ ਬੈਠ ਗਏ। ਘੋੜਾ ਹੁਣ ਹਵਾ ਨਾਲ ਗੱਲਾਂ ਕਰ ਰਿਹਾ ਸੀ। ਕੱਚੇ ਰਾਹ ਦੀ ਧੂੜ ਹੀ ਉਡਦੀ ਦਿਸ ਰਹੀ ਸੀ। ਬੱਘੀ ਤੇ ਬੇਅੰਤ ਜੀ ਵਾਤਾਵਰਣ ਵਿਚ ਹੀ ਗੁਆਚ ਗਏ ਜਾਪਦੇ ਸਨ। ਛੇ ਮੀਲ-ਨਹਿਰ ਵਾਲਾ ਡੇਰਾ, ਏਸ ਤਰ੍ਹਾਂ ਆ ਗਿਆ ਸੀ ਜਿਵੇਂ ਰੋਲਜ਼ ਰਾਇਸ ਤੇ ਸਫਰ ਕੀਤਾ ਹੋਵੇ। ਘੋੜੇ ਦਾ ਪਤਾ ਤਾਂ ਸਾਈਸ ਨੂੰ ਹੋਵੇਗਾ - ਜੋ ਘੋੜੇ ਨੂੰ ਚਲਾ ਰਿਹਾ ਸੀ। ਪਰ ਬੇਅੰਤ ਜੀ ਨੇ ਖੂਬ ਤਾਰੀਆਂ ਲਾਈਆਂ ਨਹਿਰ ਵਿਚ। ਢਾਡੀ ਕਹਿੰਦੇ ਹੁੰਦੇ ਨੇ - ਯੋਧਿਆਂ ਨੂੰ ਸਵਾ ਹੱਥੀਂ, ਪਰ ਕਾਇਰਾਂ ਨੂੰ ਸੌ ਹੱਥੀਂ ਲਗਦੀ ਹੈ ਤਲਵਾਰ। ਏਸੇ ਤਰ੍ਹਾਂ ਪੰਜਾਬ ਦੀ ਏਹ ਸਭ ਤੋਂ ਚੌੜੀ ਅਤੇ ਡੂੰਘੀ ਨਹਿਰ ਹੈ "ਸਰਹਿੰਦ ਕੈਨਾਲ" ਜੋ ਸਾਡੇ ਵਾਸਤੇ ਤਾਂ ਗੋਡੇ-ਗੋਡੇ ਹੀ ਹੈ, ਏਸ ਦਾ ਪਾਣੀ।

ਹੁਣ ਆਪਾਂ ਵਾਪਸੀ ਦੀ ਗੱਲ ਕਰਦੇ ਹਾਂ। ਕੱਚਾ ਦੋ ਮੀਲ ਤਾਂ ਵਾ-ਵਰੋਲਾ ਬਣ ਗਿਆ ਘੋੜਾ। ਏਹ ਤਾਂ ਨਜ਼ਾਰਾ ਅਸਲੋਂ ਵੱਖਰਾ ਸੀ। ਹਿਚਕੋਲੇ ਖਾਂਦੀ ਬੱਘੀ। ਕਦੇ ਏਧਰਲਾ ਪਹੀਆ ਚਕਿਆ ਜਾਂਦਾ ਅਤੇ ਕਦੇ ਓਧਰਲਾ। ਮੇਰੇ ਵਰਗਾ ਜੇ ਉਤੇ ਬੈਠਾ ਹੁੰਦਾ ਤਾਂ ਪਾਸੇ ਹੀ ਰਗੜਾ ਲੈਂਦਾ। ਤੇ ਜਾਂ ਹਦਵਾਣੇ ਦੀ ਤਰ੍ਹਾਂ ਰਿੜ੍ਹਦਾ ਰਿੜ੍ਹਦਾ ਦੂਰ ਜਾ ਡਿਗਦਾ। ਪਰ ਉਤੇ ਤਾਂ ਬੈਠੇ ਸਨ - ਸ਼ਾਹ - ਸਵਾਰ — ਬੇਅੰਤ ਜੀ ਜੋ ਖੁਸ਼ੀ ਨਾਲ ਚਹਿਕ ਰਹੇ ਸਨ। ਅਤੇ ਤੇਜ਼ ਤੋਂ ਤੇਜ਼ ਚਲਣ ਵਾਸਤੇ ਉਤਸਾਹਿਤ ਕਰ ਰਹੇ ਸਨ ਘੋੜੇ ਨੂੰ। ਗੁਰਬਖਸ਼ ਸਿੰਘ ਬੇ-ਹੱਦ ਖੁਸ਼ ਸੀ ਕਿ ਅਜ ਓਸਦੀ ਘਾਲਣਾਂ ਥਾਂਏਂ ਪਈ ਹੈ।

ਪਤਾ ਨਹੀਂ ਘੋੜਾ ਥੱਕ ਗਿਆ ਸੀ ਜਾਂ ਆਦਤ ਤੋਂ ਮਜਬੂਰ। ਪੱਕੀ ਸੜਕ ਉਤੇ ਆ ਕੇ ਅਚਾਨਕ ਬੱਘੀ ਨੂੰ ਬਰੇਕ ਲਗ ਗਏ ਅਤੇ ਘੋੜਾ ਗੋਡਣੀਆਂ ਪਰਨੇ ਹੋ ਨਮਾਜ਼ ਪੜ੍ਹਨ ਲਗ ਪਿਆ। ਘੋੜੇ ਦੀ ਅਜੇਹੀ ਹਰਕਤ ਉਤੇ ਗੁਰਬਖਸ਼ ਸਿੰਘ ਨੂੰ ਬੜਾ ਗੁੱਸਾ ਚੜ੍ਹਿਆ। ਓਸ ਦਾ ਜੀ ਕਰੇ, ਘੋਟਣਿਆਂ ਨਾਲ-ਘੋੜੇ ਨੂੰ ਤਹਿ ਤੇਗ ਕਰ ਦੇ। ਓਹ ਤੌਣੀ ਲੌਣ ਦੀ ਅਜੇ ਤਿਆਰੀ ਹੀ ਕਰ ਰਿਹਾ ਸੀ - ਬੇਅੰਤ ਜੀ ਕਿਹਾ —

ਗੁਰਬਖਸ਼ ਸਿੰਘਾ, ਘੋੜੇ ਨੂੰ ਕੁਝ ਨਹੀਂ ਕਹਿਣਾ।

ਓਸ ਕਿਹਾ - ਗ਼ਰੀਬ ਨਿਵਾਜ਼ ਪੰਦਰਾਂ ਮਿੰਟ ਹੋ ਚਲੇ ਨੇ - ਬੈਠੇ ਨੂੰ, ਏਸ ਤਰ੍ਹਾਂ ਤਾਂ ਏਸ ਨੇ ਉਠਣਾ ਹੀ ਨਹੀਂ। ਤੁਸੀਂ ਪਰਸਾਦਾ ਭੀ ਛਕਣਾ ਹੈ।

ਬੇਅੰਤ ਜੀ ਕਿਹਾ - ਏਸ ਨੇ ਕਿਹੜਾ ਨਿਹਾਰੀ ਖਾਧੀ ਹੈ, ਏਹ ਵੀ ਤਾਂ ਭੁੱਖਾ ਹੀ ਹੈ। ਗੁਰਬਖਸ਼ ਸਿੰਘ ਵੀ ਚੁੱਪ ਤੇ ਘੋੜਾ ਵੀ ਚੁੱਪ। ਇਕ ਗੁੱਸੇ ਵਿੱਚ ਤੇ ਦੂਸਰਾ ਘੇਸਲ ਵੱਟ ਕੇ।

ਬੇਅੰਤ ਜੀ ਕਿਹਾ — ਸਿੰਘ ਜੀ! ਘਬਰੌਣ ਦੀ ਕੀ ਲੋੜ ਹੈ ਜਦੋਂ ਆਪਦੀ ਮਰਜੀ ਨਾਲ ਉਠ ਕੇ ਤੁਰੇਗਾ, ਉਦੋਂ ਹੀ ਸਹੀ। ਘੋੜੇ ਨੂੰ ਕੁਝ ਨਹੀਂ ਕਹਿਣਾ।

ਸਤ ਬਚਨ ਬਾਬਾ ਜੀ! ਜਿਵੇਂ ਤੁਸੀਂ ਚਾਹੋਗੇ ਉਵੇਂ ਹੋਵੇਗਾ। ਪਰ ਅੱਧਾ ਘੰਟਾ ਹੋ ਗਿਆ ਹੈ ਲੰਮੀਆਂ ਤਾਣੀ ਨੂੰ। ਡਾਂਗਾਂ ਤੋਂ ਬਿਨਾਂ ਏਸ ਕਦੋਂ ਠੀਕ ਹੋਣਾ ਹੈ।

ਬੇਅੰਤ ਜੀ ਕਿਹਾ — ਤੂੰ ਚੁਪ ਰਹਿ ਤੇ ਭਜਨ ਕਰ। ਏਸ ਨੂੰ ਵੀ ਪਤਾ ਹੈ - ਮੈਂ ਘਰ ਪਹੁੰਚਾਣਾ ਹੈ। ਜਦੋਂ ਉਠੇਗਾ ਦੋ ਸੋਟੀਆਂ ਜਚਾ ਦਿਤੀਆਂ। ਘੋੜਾ ਹੁਣ ਏਸ ਤਰ੍ਹਾਂ ਜਾ ਰਿਹਾ ਸੀ - ਜਿਵੇਂ :

ਤੁਰੇ ਪਲਾਣੇ ਪਉਣ ਵੇਗ ਹਰਿ ਰੰਗੀ ਹਰਮ ਸਵਾਰਿਆ।।

ਭੈਣੀ ਸਾਹਿਬ ਆ ਕੇ ਗੁਰਬਖਸ਼ ਸਿੰਘ ਕਹਿਣ ਲਗਾ:

ਮਹਾਰਾਜ! ਤੁਸੀਂ ਧੰਨ ਹੋ। ਮੈਂ ਤਾਂ ਘੋੜੇ ਨੂੰ ਕੁੱਟ ਕੇ ਨਿੱਸਲ ਕਰ ਦੇਣਾ ਸੀ। ਤੁਹਾਡੀ ਰਹਿਮਤ ਤੁਹਾਡੇ ਨਾਲ ਹੀ ਹੈ।

ਏਹ ਗਲ ੧੯੩੬ ਈ: ਹੈ ਜੋ ਅੱਜ ਵੀ ਭੁਲਾਇਆਂ ਨਹੀਂ ਭੁੱਲਦੀ। ਬੇਅੰਤ ਜੀ ਦੀ ਸਹਿਣ-ਸ਼ਕਤੀ ਦੀ।

ਸੰਤ ਮੰਗਲ ਸਿੰਘ

ਸੰਤ ਮੰਗਲ ਸਿੰਘ "ਅਰਸ਼ੀ ਫਰਿਸ਼ਤਾ" ਆਪਣੀ ਮਿਸਾਲ ਆਪ ਹੀ ਸਨ। ਇਕ ਵਾਰ ਓਹ ਕਾਂਗ੍ਰੇਸ ਦੇ ਹੱਕ ਵਿਚ ਜਲਸੇ ਕਰਦੇ ਹੋਏ ਗ੍ਰਿਫਤਾਰ ਹੋ ਗਏ। ਕਈ ਮਹੀਨੇ ਜੇਲ੍ਹ ਵਿਚ ਰਹਿਣ ਮਗਰੋਂ ਆਜ਼ਾਦ ਹੋਣ ਦੀ ਇਕ ਸਕੀਮ ਬਣਾ ਲਈ। ਅਤੇ ਲਾਹੌਰ ਦੇ ਲਾਟ ਪਾਦਰੀ ਨਾਲ ਸੰਪਰਕ ਕੈਮ ਕਰ ਲਿਆ। ਕਹਿਣ ਲਗੇ ਮੈਂ ਹੁਣ ਯਿਸ਼ੂ ਮਸੀਹ ਦੇ ਹੱਕ ਵਿਚ ਪ੍ਰਚਾਰ ਕਰਾਂਗਾ। ਤੇ ਏਹ ਸਾਬਤ ਕਰ ਦਿਆਂਗਾ - ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਈਸਾ ਮਸੀਹ ਨੂੰ ਸਭ ਤੋਂ ਮਹਾਨ ਅਵਤਾਰ ਕਿਹਾ ਹੈ। ਪਰ ਇਕ ਸ਼ਰਤ ਉਤੇ - - -

ਅੰਗ੍ਰੇਜ਼ ਦਾ ਜ਼ਮਾਨਾ ਸੀ। ਸਾਰੇ ਹਿੰਦੁਸਤਾਨ ਵਿਚ ਅੰਗ੍ਰੇਜ਼ ਦੇ ਖਿਲਾਫ ਲਹਿਰਾਂ ਉਠ ਰਹੀਆਂ ਸਨ। ਕਾਂਗ੍ਰਸ ਦੇ ਪ੍ਰਭਾਵ ਤੋਂ ਕੋਈ ਵੀ ਸਭਾ ਸੁਸੈਟੀ ਬਚੀ ਨਹੀਂ ਸੀ। ਪੰਜਾਬ ਵਿਚ ਸਿੰਘਾਂ ਸਰਦਾਰਾਂ ਨੇ ਵੀ ਆਪਣੀਆਂ ਧਾਰਮਿਕ ਮੰਗਾਂ ਮਨਵੌਣ ਵਾਸਤੇ ਕਈ ਤਰ੍ਹਾਂ ਦੇ ਮੋਰਚੇ ਲਾ ਰਖੇ ਸਨ।

ਸੰਤ ਮੰਗਲ ਸਿੰਘ ਜੀ ਵਲੋਂ ਏਹ ਗੱਲ ਕਹਿਣੀ - ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੀ ਬਾਣੀ ਵਿਚ ਹਜ਼ਰਤ ਈਸਾ ਨੂੰ ਮਹਾਨ ਪੈਗੰਬਰ ਕਿਹਾ ਹੈ - ਬਹੁਤ ਵਡੀ ਘਟਨਾ ਸੀ।

ਸਿਖ ਸਾਰੇ ਜੋਸ਼ ਵਿਚ ਆ ਗਏ। ਚੁਫੇਰੇ ਕਿਰਪਾਨਾਂ ਲਿਸ਼ਕਣ ਲਗ ਪਈਆਂ। ਕਿਉਂਕਿ ਸੰਤ ਜੀ ਨੇ ਏਹ ਸਭ ਇਕ ਭਰੀ ਸਭਾ ਵਿਚ ਸਾਬਤ ਕਰਨਾ ਸੀ।

ਸੰਤ ਜੀ ਨੇ ਪਬਲਿਕ ਦੇ ਇਕ ਬਹੁਤ ਵਡੇ ਜਲਸੇ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ . . . . ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਰਹਿਰਾਸ ਦੀ ਪਹਿਲੀ ਚੌਪਈ ਵਿਚ ਲਿਖਿਆ ਹੈ—

ਪੁਨ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤ ਜਗਤ ਕੇ ਈਸਾ।

ਏਸ ਤਰ੍ਹਾਂ ਹਜ਼ਰਤ ਯਿਸੂ ਮਸੀਹ ਸਭ ਤੋਂ ਵਡਾ ਪੈਗੰਬਰ ਹੋਇਆ ਹੈ ਅਤੇ ਜਦੋਂ ਮਸੀਹ ਨੇ ਅਵਤਾਰ ਧਾਰਿਆ ਤਾਂ ਗੁਰੂ ਜੀ ਲਿਖਦੇ ਹੈਨ —

ਪੁਹਪਨ ਦ੍ਰਿਸਟਿ ਗਗਨ ਤੇ ਭਈ ਸਭਹਿਨ ਆਨ ਵਧਾਈ ਦਈ।।

ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਓਸ ਵੇਲੇ ਲਾਹੌਰ ਗਏ ਹੋਏ ਸਨ। ਸਾਰੇ ਸਿੱਖਾਂ ਇਕੱਠੇ ਹੋ ਕੇ ਸਤਿਗੁਰੂ ਜੀ ਅਗੇ ਸ਼ਕੈਤ ਕੀਤੀ:-

ਸੰਤ ਮੰਗਲ ਸਿੰਘ ਜੀ ਨੇ ਪੇਸ਼ ਹੋ ਕੇ ਕਿਹਾ —

ਪਾਤਸ਼ਾਹ ! ਬਾਣੀ ਤਾਂ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਉਚਾਰੀ ਹੈ। ਏਸ ਲੈਕਚਰ ਨਾਲ ਪੰਦਰਾਂ ਸੌ ਰੁਪੈਆਂ ਦਾ ਹੱਕ ਅਦਾ ਕੀਤਾ ਹੈ। ਜੋ ਮੈਨੂੰ ਲਾਟ ਪਾਦਰੀ ਤੋਂ ਮਿਲੇ ਸਨ ਅਤੇ ਨਾਲ ਹੀ ਜੇਹਲ ਤੋਂ ਰਿਹਾਈ ਮਿਲ ਗਈ ਹੈ। ਹੁਣ ਤੁਸੀਂ ਹੀ ਦਸੋ! ਕਿ ਸੌਦਾ ਨਫੇ ਵਾਲਾ ਹੈ ਕਿ ਘਾਟੇ ਵਾਲਾ।

ਸੰਤਾਂ ਦੇ ਇਸ "ਜੋਕ" ਨਾਲ ਸਾਰੀ ਸੰਗਤ ਹੱਸ ਹੱਸ ਕੇ ਲੋਟ ਪੋਟ ਹੋ ਗਈ।

ਗੁਰਗੱਦੀ ਦੀ ਕਥਾ

ਏਹ ਕਥਾ ਮੈਨੂੰ ਸੰਤ ਹਜ਼ਾਰਾ ਸਿੰਘ ਜੀ ਨੇ ਖੁਦ ਕੋਲ – ਗੁਰੂਸਰ – ਬੈਠ ਕੇ ਲਿਖਵਾਈ ਸੀ। ਕਥਾ ਬੜੀ ਹੀ ਮਾਰਮਿਕ ਤੇ ਕਰੁਣਾਮਈ ਹੈ। ਅਜੇਹੀ ਕਥਾ ਕੇਵਲ ਅਜ ਹੀ ਤੁਸੀਂ ਏਸ ਪੁਸਤਕ ਵਿਚ ਪੜ੍ਹੋਗੇ। ਏਹ ਕਥਾ ਸੰਤ ਜੀ ਦੀ ਹੱਡ ਬੀਤੀ ਕਹਾਣੀ ਹੈ।

ਸੰਤ ਹਜ਼ਾਰਾ ਸਿੰਘ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਕੋਲ ਰਖ ਕੇ ਜੁਆਨ ਕੀਤਾ ਸੀ ਅਤੇ ਕਈ ਸਾਲ ਆਪਣੇ ਨਾਲ ਹੀ ਸੇਵਾ ਵਿਚ ਰਖਿਆ ਸੀ। ਬਾਅਦ ਵਿਚ ਵੀ ਜਦੋਂ ਕੋਈ ਕੰਮ ਹੁੰਦਾ ਤੇ ਸਤਿਗੁਰੂ ਯਾਦ ਕਰਦੇ – ਹਜ਼ਾਰਾ ਸਿੰਘ ਜੀ ਪੈਰ ਜੁੱਤੀ ਵੀ ਨਹੀਂ ਸਨ ਪੌਂਦੇ ਤੇ ਜਾ ਹਾਜ਼ਰ ਹੁੰਦੇ। ਸਤਿਗੁਰੂ ਜੀ ਤੇ ਸੰਤ ਜੀ ਦਾ ਸਨੇਹ ਪਿਉ ਪੁਤਰ ਵਾਲਾ ਸੀ।

ਕਿਉਂਕਿ ਸੰਤ ਜੀ ਕਾਰੋਬਾਰੀ ਤਾਂ ਹੈ ਸਨ। ਪਰ ਬਿਰਤੀ ਅੰਤ ਤਕ ਧਾਰਮਿਕ ਹੀ ਰਹੀ। ਆਪ ਜੋ ਵੀ ਗੱਲ ਕਰਦੇ ਲੱਗ ਲਪੇਟ ਓਸ ਵਿਚ ਬਿਲਕੁਲ ਨਹੀਂ ਸੀ ਹੁੰਦਾ। ਅਤੇ ਨਾ ਹੀ ਓਹਨਾਂ ਨੂੰ ਬਨਾਵਟ ਹੀ ਕਰਨੀ ਔਂਦੀ ਸੀ। ਓਸ ਤਰ੍ਹਾਂ ਬਾਦਸ਼ਾਹਤ ਬਹੁਤ ਵਧੀਆ ਸੀ। ਜੋ ਕਹਿੰਦੇ ਸਨ – ਓਹ ਏਨਾਂ ਸੱਚ ਹੁੰਦਾ ਸੀ ਕਿ ਝੂਠ ਦੀ ਕੋਈ ਵੀ ਗੁੰਜਾਇਸ਼ ਨਹੀਂ ਸੀ ਹੁੰਦੀ ਉਸ ਵਿਚ। ਏਹਨਾਂ ਦੀਆਂ ਲਿਖਾਈਆਂ ਹੋਈਆਂ ਬਹੁਤ ਸਾਰੀਆਂ ਸਾਖੀਆਂ, ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਤੇ ਅਧਾਰਤ ਹਨ, ਦੂਸਰੀ ਪੁਸਤਕ ਵਿਚ ਤੁਸੀਂ ਪੜ੍ਹੋਗੇ।

ਏਸ ਮਜ਼ਮੂਨ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅੰਤ ਸਮਾਂ ਤੇ ਨੇੜੇ ਦੀ ਸੰਗਤ ਕਿਸ ਤਰ੍ਹਾਂ ਧੜੇਬੰਦੀ ਵਿਚ ਜਕੜੀ ਹੋਈ ਸੀ – ਏਸੇ ਦ੍ਰਿਸ਼ ਨੂੰ ਅੰਕਿਤ ਕੀਤਾ ਗਿਆ ਹੈ ਸਾਖੀ ਵਿਚ।

ਇਸ਼ਾਰਤਨ ਤਾਂ ਗੱਦੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪਹਿਲਾਂ ਹੀ ਸੌਂਪ ਦਿਤੀ ਸੀ ਅਤੇ ਸਾਰਾ ਕਾਰੋਬਾਰ ਵੀ ਪੰਥ ਦਾ, ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ੍ਰੀਰ ਸ਼ਾਂਤ ਹੋਣ ਤੋਂ ਕਈ ਚਿਰ ਪਹਿਲਾਂ ਹੀ ਹਵਾਲੇ ਕਰ ਦਿਤਾ ਸੀ। ਏਥੇ ਤਾਂ ਓਹਨਾਂ ਨੇ ਏਹ ਪਰਖਣ ਵਾਸਤੇ ਕਿ ਜੋ ਸੰਗਤ ਮੈਂ ਪੈਦਾ ਕੀਤੀ ਹੈ – ਤੇ ਜੋ ਮੇਰੀ ਚਾਇਸ ਹੈ ਉਸ ਨੂੰ ਕਸਵੱਟੀ ਤੇ ਪਰਖਣ ਵਾਸਤੇ ਹੀ ਏਹ ਸਮਾਂ ਖੁੱਲ੍ਹਾ ਛਡ ਦਿਤਾ ਗਿਆ ਸੀ। ਕਿਉਂਕਿ —

ਤਖ਼ਤ ਰਾਜਾ ਸੋ ਬਹੈ ਜਿ ਤਖਤੇ ਲਾਇਕ ਹੋਈ।।

ਗੁਰਗੱਦੀ

ਹੁਣ ਸੁਣੋ ਸੰਤ ਹਜ਼ਾਰਾ ਸਿੰਘ ਜੀ ਦੀ ਜ਼ਬਾਨੀ – ਗੁਰਗੱਦੀ ਦੀ ਕਥਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕਾਯਾਂ ਬਹੁਤ ਕਮਜ਼ੋਰ ਹੋ ਚੁੱਕੀ ਸੀ। ਤੇ ਪੰਥ ਵਿਚ ਏਸ ਕਿਸਮ ਦੀ ਹਵਾ ਫੈਲ ਚੁਕੀ ਸੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਏਸ ਵਾਰ ਦੇਹ

ਦਾ ਓਹਲਾ ਹੀ ਨਾ ਕਰ ਜਾਣ। ਮੈਂ ਓਸ ਵੇਲੇ ਦਿੱਲੀ ਸਾਂ। ਤੇ ਮੇਰੇ ਮਨ ਨੂੰ ਬੜੀ ਅੱਚਵੀ ਲਗੀ ਹੋਈ ਸੀ ਕਿ ਕਦੋਂ ਭੈਣੀ ਸਾਹਿਬ ਪਹੁੰਚਾਂ ਤੇ ਜਾਕੇ ਦਰਸ਼ਨ ਕਰਾਂ। ਤੇ ਏਹ ਵੀ ਪਤਾ ਕਰਾਂ ਕਿ ਹੁਣ ਸਤਿਗੁਰੂ ਜੀ ਦਾ ਕੀ ਹਾਲ ਹੈ।

ਮੇਰੇ ਨਾਲ ਦੇ ਜਥੇ ਅੱਜ ਕਲ੍ਹ ਕਰੀ ਜਾ ਰਹੇ ਸੀ ਤੇ ਅਗਾਂਹ ਤੋਂ ਅਗਾਂਹ ਦੀਆਂ ਤਾਰੀਖਾਂ ਪਾ ਰਹੇ ਸਨ। ਪਰ ਮੈਂ ਇੰਤਜ਼ਾਰ ਨਹੀਂ ਸਾਂ ਕਰ ਸਕਦਾ। ਮੈਂ ਨਾਜ਼ਰ ਸਿੰਘ ਜੀ ਨੂੰ ਕਿਹਾ – ਤੂੰ ਅੰਮ੍ਰਿਤਸ਼ਰ ਸਬਜ਼ੀ ਲੈ ਕੇ ਜਾਂਦਾ ਹੈਂ ਤੇ ਰਾਤੋ ਰਾਤ ਮੈਨੂੰ ਭੈਣੀ ਸਾਹਿਬ ਪਹੁੰਚਾਣਾ ਹੈ।

ਸੁਭਾ ਛੇ ਵਜੇ ਮੈਂ ਭੈਣੀ ਸਾਹਿਬ ਪਹੁੰਚ ਗਿਆ। ਸਤਿਗੁਰੂ ਜੀ ਗੋਲ ਛਪਰ ਵਿਚ ਲੇਟੇ ਹੋਏ ਸਨ। ਓਥੇ ਹੀ ਮਹਾਰਾਜ ਬੀਰ ਸਿੰਘ ਜੀ ਵੀ ਇਸ਼ਨਾਨ ਪਾਣੀ ਕਰਕੇ ਆ ਗਏ। ਮੈਨੂੰ ਕਹਿਣ ਲਗੇ ਅਜੇ ਦਰਸ਼ਨ ਨਹੀਂ ਕੀਤੇ?

ਅਸੀਂ ਦੋਹਾਂ ਨੇ ਜਾ ਨਮਸਕਾਰ ਕੀਤੀ। ਦੋ ਤਿੰਨ ਸਰੀਰ ਉਹਨਾਂ ਕੋਲ ਬੈਠੇ ਹੋਏ ਸਨ। ਭਾਈ ਵਜ਼ੀਰ ਸਿੰਘ ਜੀ ਤੇ ਰਤਨ ਸਿੰਘ ਤਾਂ ਪ੍ਰਛਾਵੇਂ ਦੀ ਤਰ੍ਹਾਂ ਨਾਲ ਹੀ ਰਹਿੰਦੇ ਸਨ। ਜਿਨ੍ਹਾਂ ਨੂੰ ਨਾ ਰਾਤ ਨੂੰ ਸੌਣ ਤੇ ਨਾ ਦਿਨੇ ਜਾਗਣ ਦੀ ਹੋਸ਼ ਸੀ। ਹਮੇਸ਼ਾਂ ਸਤਿਗੁਰੂ ਜੀ ਦੇ ਬੁਲ੍ਹ ਫਰਕਣ ਦੀ ਇੰਤਜ਼ਾਰ ਵਿਚ ਰਹਿੰਦੇ। ਭਾਈ ਵਜ਼ੀਰ ਸਿੰਘ ਜੀ ਦੀ ਦਸ਼ਾ ਓਸ ਵੇਲੇ ਵੇਖੀ ਨਹੀਂ ਸੀ ਜਾਂਦੀ। ਜੋ ਦੁਖੀਆਂ ਤੋਂ ਦੁਖੀ, ਮਹਾਂ ਦੁਖੀ ਸਨ। ਰਤਨ ਸਿੰਘ ਹਮੇਸ਼ਾਂ ਇਕ ਪੈਰ ਉਤੇ ਸੇਵਾ ਵਿਚ ਹਾਜ਼ਰ ਰਹਿੰਦਾ। ਅਤੇ ਦੁਆਈ ਤੇ ਖੁਰਾਕ ਦਾ ਬੰਦੋਬਸਤ ਪਹਿਲਾਂ ਹੀ ਕੀਤਾ ਹੁੰਦਾ ਸੀ। ਸਿਰਫ ਇਸ਼ਾਰੇ ਦੀ ਹੀ ਲੋੜ ਹੁੰਦੀ।

ਜਦੋਂ ਅਸੀਂ ਨਮਸਕਾਰ ਕੀਤੀ ਸਤਿਗੁਰੂ ਜੀ ਨੇ ਸਾਨੂੰ ਬੜੀ ਚੰਗੀ ਤਰ੍ਹਾਂ ਵੇਖਿਆ ਅਤੇ ਧਿਆਨ ਮਗਨ ਹੋ ਗਏ। ਓਸ ਵੇਲੇ ਬਚਨ ਬਹੁਤ ਘੱਟ ਕਰਦੇ ਸਨ। ਆਮ ਤੌਰ ਉਤੇ ਇਸ਼ਾਰੇ ਨਾਲ ਹੀ ਸਮਝਾ ਦਿੰਦੇ ਸਨ ਅਤੇ ਜ਼ਰੂਰਤ ਦੀ ਚੀਜ਼ ਰਤਨ ਸਿੰਘ ਤੋਂ ਮੰਗ ਲੈਂਦੇ ਸਨ। ਮੈਂ ਤੇ ਮਹਾਰਾਜ ਬੀਰ ਸਿੰਘ ਜੀ ਕੋਲ ਹੀ ਬੈਠ ਗਏ। ਦੇਰ ਤਕ ਬੈਠੇ ਰਹੇ। ਸੰਤ ਹਜ਼ਾਰਾ ਸਿੰਘ ਜੀ ਦੱਸਿਆ – ਮੈਂ ਜਲੰਧਰ ਜਾਣਾ ਚਾਹੁੰਦਾ ਸਾਂ। ਰਤਨ ਸਿੰਘ ਕਿਹਾ –

ਗੱਡੀ ਹਕੀਮ ਸਾਹਿਬ ਨੂੰ ਲੈਣ ਗਈ ਹੈ। ਜੇ ਤੁਸੀਂ ਜ਼ਰੂਰ ਜਾਣਾ ਹੈ ਤਾਂ ਓਸੇ ਤੇ ਹੀ ਚਲੇ ਜਾਣਾ, ਕਿਉਂਕਿ ਓਹ ਹਕੀਮ ਜੀ ਨੂੰ ਛਡਣ ਵੀ ਜਾਵੇਗੀ।

ਹਕੀਮ ਸਾਹਿਬ ਆ ਗਏ। ਗੁਰੂ ਜੀ ਨੂੰ ਵੇਖ ਕੇ ਕਹਿਣ ਲਗੇ—

ਮੈਂ ਦੁਆਈ ਭੁੱਲ ਆਇਆ ਹਾਂ।

ਹਜ਼ਾਰਾ ਸਿੰਘ ਜੀ ਉਤਰ ਸੁਣ ਕੇ ਬੜੇ ਹੈਰਾਨ ਹੋਏ। ਓਹਨਾਂ ਹਕੀਮ ਸਾਹਿਬ ਨੂੰ ਇਕ ਪਾਸੇ ਸੱਦ ਕੇ ਕਿਹਾ —

ਤੁਸੀਂ ਆਪ ਤਾਂ ਆ ਗਏ ਤੇ ਦੁਆਈ ਭੁੱਲ ਗਏ? ਅਸੀਂ ਤਾਂ ਅਜੇਹਾ ਅਹਿਮਕ ਹਕੀਮ ਅੱਜ ਤਕ ਨਹੀਂ ਸੀ ਵੇਖਿਆ! ਜੇਹੜਾ ਖਾਲੀ ਹੱਥ ਲੈ ਕੇ ਇਲਾਜ ਕਰਨ ਤੁਰ ਪਿਆ ਹੋਵੇ। ਸੱਚ ਸੱਚ ਦਸੋ! ਅਸਲ ਗੱਲ ਕੀ ਹੈ? ਕਿਉਂ ਏਨੇ ਆਦਮੀਆਂ ਨੂੰ ਤੁਸੀਂ ਹੈਰਾਨ ਕਰ ਰਹੇ ਹੋ?

ਮਹਾਰਾਜ! ਅਸਲ ਗੱਲ ਏਹ ਹੈ ਕਿ ਸਤਿਗੁਰੂ ਜੀ ਨੇ ਨਾ ਪਹਿਲਾਂ ਦੁਆਈ ਖਾਧੀ ਹੈ ਤੇ ਨਾ ਹੀ ਹੁਣ ਖਾਣੀ ਹੈ। ਭਾਣਾ ਵਰਤ ਚੁੱਕਾ ਹੈ। ਹੁਣ ਤਾਂ ਦਰਸ਼ਨ ਹੀ ਹੈਨ। ਜਿੰਨੇ ਘੰਟੇ ਮਿੰਟ ਦੇਣ ਸੰਗਤ ਕਰ ਲਵੇ। ਹੁਣ ਬਚਣ ਵਾਲੀ ਕੋਈ ਗੱਲ ਬਾਕੀ ਨਹੀਂ।

ਮੈਂ ਸਾਰੀ ਗੱਲ ਸਾਧ ਸੰਗਤ ਨੂੰ ਦੱਸ ਦਿਤੀ। ਅਸੀਂ ਸਾਰੇ ਹੀ ਉਦਾਸ ਹੋ ਗਏ।

ਮੈਂ ਰਤਨ ਸਿੰਘ ਨੂੰ ਕਿਹਾ ਕੋਈ ਗਲ ਦੱਸ? ਤੂੰ ਰਾਤ ਦਿਨ ਸੇਵਾ ਵਿਚ ਰਹਿੰਦਾ ਸੈਂ। ਕੋਈ ਹੁਕਮ? ਹਜ਼ਾਰਾ ਸਿੰਘ ਜੀ! ਮੈਂ ਦੋ ਤਿੰਨ ਵਾਰ ਅਰਜ਼ ਕਰ ਚੁੱਕਾ ਹਾਂ – ਪਾਤਸ਼ਾਹੋ – ਅਗੋਂ ਵਾਸਤੇ ਸਾਨੂੰ ਕੀ ਹੁਕਮ ਹੈ? ਰਤਨ ਸਿੰਘ ਆਖਿਆ।

ਸਤਿਗੁਰੂ ਜੀ ਚੁੱਪ ਹੀ ਕਹ ਜਾਂਦੇ ਹੈਨ। ਇਕ ਵਾਰ ਮੈਨੂੰ ਕਿਹਾ ਸੀ – ਰਤਨ ਸਿੰਘ ਗੱਲ ਸੁਣ!

ਮੈਂ ਜਦੋਂ ਕੰਨ ਨੇੜੇ ਕੀਤਾ, ਬਸ ਨੇੜੇ ਹੀ ਰਹਿ ਗਿਆ। ਬਚਨ ਫੇਰ ਵੀ ਨਹੀਂ ਕੀਤਾ। ਏਹਨਾਂ ਦੀਆਂ ਏਹੋ ਜਾਨਣ। ਜਿਸ ਦੀ ਵੱਥ ਹੋਵੇਗੀ ਆਪੇ ਸਾਂਭ ਲਏਗਾ।

ਨੋਟ:– ਅਸਲ ਵਿਚ ਸਤਿਗੁਰੂ ਜੀ ਦੇ ਨੇੜੇ ਦੀ ਸੰਗਤ ਵਿਚ ਅਜੇਹਾ ਵਾਤਾਵਰਣ ਬਣ ਚੁੱਕਾ ਸੀ – ਜਿਸ ਨੂੰ ਯਕੀਨ ਹੋ ਚੁੱਕਾ ਸੀ ਕਿ ਗੁਰਿਆਈ ਸਾਹਿਬਜ਼ਾਦੇ ਠਾਕਰ ਦਲੀਪ ਸਿੰਘ ਜੀ ਨੂੰ ਹੀ ਮਿਲਣੀ ਹੈ। ਏਹਨਾਂ ਨੂੰ ਹੀ ਸਤਿਗੁਰੂ ਜੀ ਹਿੱਕ ਤੇ ਖੜੌਂਦੇ ਅਤੇ ਨਾਲ ਰਖਦੇ ਹੈਨ ਅਤੇ ਹੱਦੋਂ ਵਧ ਪਿਆਰ ਕਰਦੇ ਹੈਨ। ਠਾਕਰ ਦਲੀਪ ਸਿੰਘ ਜੀ ਓਸ ਵੇਲੇ ਅਸਲੋਂ ਛੋਟੇ ਸਨ। ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ, ਏਹ ਅਨਹੋਣੀ ਕਾਰ ਕਿਵੇਂ ਵਰਤਾ ਸਕਦੇ ਸਨ। ਠਾਕਰ ਜੀ ਨੇ ਅਜੇ ਪੜ੍ਹਨਾ ਲਿਖਣਾ ਸੀ। ਗੁਰਮਤ ਦੇ ਅਸੂਲ ਅਤੇ ਸਿਖੀ ਆਦਰਸ਼ ਨੂੰ ਘੋਖਣਾ ਪਰਖਣਾ ਸੀ। ਗੁਰਬਾਣੀ ਦਾ ਅਧਿਐਨ ਅਤੇ ਗੁਰਮਤ ਸ਼ਾਸਤ੍ਰ ਦੀ ਸਿਖਿਆ ਅਜੇ ਗ੍ਰਹਿਣ ਕਰਨੀ ਸੀ। ਜੇ ਆਲਾ ਦੁਆਲਾ ਅਨਜਾਣ ਸੀ ਤਾਂ ਸਤਿਗੁਰੂ ਜੀ ਤਾਂ ਜਾਣੀਜਾਣ ਸਨ। ਬੱਚੇ ਨੂੰ ਪਿਆਰ ਕਰਨਾ ਬੱਚੇ ਦਾ ਹੱਕ ਹੈ। ਕਹਿੰਦੇ ਨੇ – ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਪਰ ਕੋਈ ਵੀ ਸਿਆਣਾ ਪੁਰਸ਼ ਮੂਲ ਗੁਆ ਕੇ ਵਿਆਜ ਦੀ ਲੱਭਤ ਨਹੀਂ ਕਰ ਸਕਦਾ। ਸਾਖੀ ਦਾ ਵਿਸਤਾਰ ਤੁਸੀਂ ਏਸੇ ਮਜ਼ਮੂਨ ਵਿਚ ਅੱਗੇ ਜਾ ਕੇ ਪੜ੍ਹੋਗੇ। — ਰਜਿੰਦ੍ਰ ਸਿੰਘ

ਸ਼ਾਮਾਂ ਚਲ ਰਹੀਆਂ ਸਨ। ਗੁਰੂ ਜੀ ਦਾ ਚਿਹਰਾ ਬੜਾ ਚੰਗਾ ਚੰਗਾ ਲੱਗ ਰਿਹਾ ਸੀ। ਹਕੀਮ ਨੇ ਤਾਂ ਭਾਵੇਂ ਕਹਿ ਦਿੱਤਾ ਸੀ ਕਿ ਘੜੀ ਪਲ ਦੀ ਹੀ ਮਹਿਮਾਨ ਹੈ ਇਹਨਾਂ ਦੀ ਦੇਹ! ਪਰ ਮਨ ਨਹੀਂ ਸੀ ਮੰਨ ਰਿਹਾ ਕਿ ਏਹ ਛੇਤੀ ਹੀ ਭਾਣਾ ਵਰਤਾ ਜਾਣਗੇ। ਸ਼ਾਮੀਂ ਚਾਰ ਵਜੇ ਦਿਲ ਦਾ ਦੌਰਾ ਪਿਆ। ਚਿਹਰਾ ਓਸੇ ਤਰਾਂ ਗੰਭੀਰ, ਮਥੇ ਵੱਟ ਤਕ ਨਹੀਂ ਪਿਆ। ਸਾਨੂੰ ਸ਼ੱਕ ਸੀ ਕਿ ਸ਼ਾਇਦ ਕਬਜ਼ ਨਾ ਹੋਵੇ। ਅਸੀਂ ਡਾਕਟਰ ਹਰਦਾਸ ਮੱਲ ਨੂੰ ਸੱਦ ਲਿਆ ਕਟਾਣੀ ਤੋਂ। ਸਤਿਗੁਰੂ ਜੀ ਇਸ਼ਾਰੇ ਨਾਲ ਸਮਝਾ ਦਿਤਾ —

ਏਸ ਦੀ ਕੋਈ ਲੋੜ ਨਹੀਂ (ਅਨੀਮੇ ਦੀ)

ਰਾਤ ਦਾ ਕੋਈ ੮–੯ ਦਾ ਸਮਾਂ ਹੋਵੇਗਾ ਜਦੋਂ ਲੁਧਿਆਣੇ ਤੋਂ ਡਾਕਟਰਾਂ ਦੀ ਟੀਮ ਨੂੰ ਕਾਰ ਤੇ ਜਾ ਕੇ ਲੈ ਆਂਦਾ। ਦੋਹਾਂ ਸਿਵਲ ਸਰਜਨਾਂ ਨੇ (ਡਾ: ਗੁਜਰ ਮੱਲ ਤੇ ਹੋਰ) ਬੜੇ ਧਿਆਨ ਨਾਲ ਸਤਿਗੁਰੂ ਜੀ ਦੀ ਦੇਹ ਦਾ ਚੈਕ ਅਪ ਕੀਤਾ। ਅਤੇ ਸਿਰ ਹਿਲਾ ਦਿਤਾ। ਅਤੇ ਨਾਲ ਹੀ ਸਾਧ ਸੰਗਤ ਦਾ ਧੰਨਵਾਦ ਕੀਤਾ ਕਿ ਤੁਸੀਂ ਅੰਤ ਸਮੇਂ ਸਤਿਗੁਰੂ ਜੀ ਦੇ ਪਾਵਨ ਦਰਸ਼ਨ ਸਾਨੂੰ ਕਰਵਾ ਦਿਤੇ ਹੈਨ।

ਜਦੋਂ ਅਸੀਂ ਫੀਸ ਦੀ ਗਲ ਕੀਤੀ – ਕਹਿਣ ਲਗੇ – ਫੀਸ ਕੇਹੀ ਫੀਸ ਤਾਂ ਸਾਨੂੰ ਪਹਿਲਾਂ ਹੀ ਮਿਲ ਚੁੱਕੀ ਹੈ – ਜੋ ਅੰਤ ਸਮੇ ਏਹਨਾਂ ਦੇ ਦਰਸ਼ਨ ਹੋ ਗਏ ਹੈਨ। ਪਰ ਹੁਣ ਗੁਰੂ ਜੀ ਘੜੀ ਪਲ ਦੇ ਹੀ ਮਹਿਮਾਨ ਹਨ ਤੇ ਸਾਨੂੰ ਹੁਣ ਇਜਾਜ਼ਤ ਦਿਓ।

ਸਾਧ ਸੰਗਤ ਦੀਆਂ ਤਾਂ ਧਾਹਾਂ ਨਿਕਲ ਗਈਆਂ। ਏਹ ਤਾਂ ਸਭ ਨੂੰ ਦਿਸ ਹੀ ਰਿਹਾ

ਸੀ ਕਿ ਸਤਿਗੁਰੂ ਜੀ ਦੀ ਪਰਲੋਕ ਗਮਨ ਦੀ ਤਿਆਰੀ ਹੈ। ਪਰ 'ਜਬ ਲਗ ਸਾਸ ਤਬ ਲਗ ਆਸ' ਨੂੰ ਛੱਡਿਆ ਤਾਂ ਨਹੀਂ ਸੀ ਜਾ ਸਕਦਾ।

ਸਾਧ ਸੰਗਤ ਦਾ ਇਕਠ ਬਹੁਤ ਹੋ ਗਿਆ ਸੀ। ਜੋ ਸੁਣਦਾ, ਵਹੀਰਾਂ ਘੱਤੀ ਆ ਰਿਹਾ ਸੀ ਅੰਤਮ ਦਰਸ਼ਨ ਨੂੰ। ਅਤੇ ਜੋ ਆ ਜਾਂਦਾ ਵਾਪਸ ਜਾਣ ਦਾ ਤਾਂ ਸੁਆਲ ਹੀ ਪੈਦਾ ਨਹੀਂ ਸੀ ਹੁੰਦਾ।

ਸ੍ਰ: ਗੁਰਦੇਵ ਸਿੰਘ ਜੀ ਰਾਮ ਪੁਰ ਵਾਲੇ – ਸਤਿਗੁਰੂ ਜੀ ਦੇ ਹਜ਼ੂਰੀ ਡਰਾਈਵਰ ਨੇ ਹੁਣੇ ਤੋਂ ਹੀ ਸਾਧ ਸੰਗਤ ਨੂੰ ਟੈਲੀਫੋਨ ਤੇ ਦੇਹ ਢਿੱਲੀ ਦੀਆਂ ਤਾਰਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਸਨ। ਗੁਰਦੇਵ ਸਿੰਘ ਸਤਿਗੁਰੂ ਜੀ ਦੇ ਅਜਿਹੇ ਪ੍ਰੇਮੀ ਤੇ ਸਿਦਕੀ ਸਿਖ ਸਨ ਕਿ ਕਿਤਨੀ ਵੀ ਅਸਮੰਜਸ ਵਿਚ ਕਿਉਂ ਨਾ ਹੋਣ ਅਪਣਾ ਕੰਮ ਰੋਜ਼ਾਨਾਂ ਦਾ ਕੰਮ ਪਹਿਲਾਂ ਤੇ ਬਾਕੀ ਫੇਰ।

ਸਤਿਗੁਰੂ ਜੀ ਨੇ ਤਾਂ ਆਪਣੇ ਆਪ ਨੂੰ ਦੇਹ ਤੋਂ ਬਹੁਤ ਪਹਿਲਾਂ ਹੀ ਅਲੱਗ ਕਰ ਲਿਆ ਸੀ। ਪਰ ਸੰਗਤਾਂ ਨੂੰ ਤਾਂ ਦੇਹ ਦਾ ਹੀ ਆਸਰਾ ਸੀ।

ਸੰਤ ਮੋਹਕਮ ਸਿੰਘ ਜੀ ਏਸ ਤਰ੍ਹਾਂ ਤੜਫ ਰਹੇ ਸਨ ਜਿਵੇਂ ਗਾਂ ਤੋਂ ਵਿੱਛੜਿਆ ਬਛੜਾ। ਕਹਿਣ ਲੱਗੇ ਇਹਨਾਂ ਪਿਛੋਂ ਕਿਧਰ ਨੂੰ ਜਾਵਾਂਗੇ, ਅਸੀਂ ਕੀ ਕਰਾਂਗੇ? ਕੋਈ ਸੁੱਧ ਬੁੱਧ ਨਹੀਂ ਸੀ ਰਹਿ ਗਈ। ਓਹ ਮੇਰੇ ਗਲ ਲੱਗ ਕੇ ਰੋਏ – ਸੰਤ ਹਜ਼ਾਰਾ ਸਿੰਘ ਜੀ ਕਿਹਾ।

ਸੰਤ ਜੀ! ਮਹਾਰਾਜ ਬੀਰ ਸਿੰਘ ਜੀ ਨੇ ਬੜੀ ਸੇਵਾ ਕੀਤੀ ਹੈ, ਸਤਿਗੁਰੂ ਜੀ ਦੀ। ਰਾਤ ਦਿਨ ਇਕ ਕਰ ਦਿੱਤਾ ਹੈ। ਨਾ ਦਿਨੇ ਅਰਾਮ ਨਾ ਰਾਤ ਨੂੰ ਚੈਨ। ਸਰੀਰ ਅੱਧਾ ਰਹਿ ਗਿਆ ਹੈ। ਅੱਧੀ ਆਵਾਜ਼ ਨਾਲ ਹੀ ਉਠ ਬੈਠਦੇ ਹਨ। ਜੋ ਇਛਾ ਸਤਿਗੁਰੂ ਜੀ ਦੇ ਅੰਦ੍ਰ ਹੁੰਦੀ ਮਹਾਰਾਜ ਬੀਰ ਸਿੰਘ ਜੀ ਝੱਟ ਪੂਰੀ ਕਰ ਦਿੰਦੇ। ਅਸੀਂ ਵੀ ਭਾਵੇਂ ਵੱਡੇ ਸੇਵਕਾਂ ਵਿਚੋਂ ਸਾਂ, ਪਰ ਏਹਨਾਂ ਹੱਦ ਤੋੜ ਦਿਤੀ ਹੈ, ਸੰਤ ਮੋਹਕਮ ਸਿੰਘ ਜੀ ਕਿਹਾ।

ਨਬਜ਼ਾਂ ਪਿੱਛੇ ਹਟ ਗਈਆਂ ਸਨ। ਦੇਹ ਕਮਜ਼ੋਰ ਤੋਂ ਕਮਜ਼ੋਰ ਹੁੰਦੀ ਚਲੀ ਗਈ। ਪਰ ਮੂੰਹ ਵਿਚੋਂ ਹਾਏ, ਹੂੰਗਰ ਜਾਂ ਹੋਰ ਕਿਸੇ ਵੀ ਕਿਸਮ ਦੀ ਆਵਾਜ਼ ਨਹੀਂ ਨਿਕਲੀ; ਦੁਖ ਤਕਲੀਫ ਵਾਲੀ। ਚਿਹਰਾ ਓਸੇ ਤਰ੍ਹਾਂ ਹੀ ਖਿੜਿਆ ਖਿੜਿਆ ਸੀ। ਵੱਖੀ ਪਰਨੇ ਲੇਟੇ ਹੋਇਆਂ ਨੇ ਗੋਡੇ ਕਠੇ ਕੀਤੇ ਹੋਏ ਸਨ। ਸੱਜਾ ਹੱਥ ਸੀਸ ਦੇ ਹੇਠਾਂ ਦਿਤਾ ਹੋਇਆ ਸੀ।

ਭਾਈ ਵਜ਼ੀਰ ਸਿੰਘ ਜੀ ਦੀ ਹਾਲਤ ਤਾਂ ਬਹੁਤ ਹੀ ਅਸਤ-ਵਿਅਸਤ ਸੀ। ਓਹਨਾਂ ਦੀ ਹਾਲਤ ਤਾਂ ਸਚ ਮੁਚ ਹੀ ਅਜੇਹੀ ਸੀ, ਜੋ ਪਤੀਵ੍ਰਤਾ ਇਸਤ੍ਰੀ ਦੀ ਹੁੰਦੀ ਹੈ ਜਾਂ ਡਾਰੋਂ ਵਿਛੜੀ ਕੂੰਜ ਦੀ। ਨਾ ਖਾਣ ਪੀਣ ਦੀ ਸੋਝੀ ਨਾ ਪਹਿਨਣ ਦੀ ਹੋਸ਼। ਓਹਨਾਂ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ।

ਸੇਠ ਸੁਹੇਲ ਸਿੰਘ ਜੀ ਧੀਰ, ਰਤਨ ਸਿੰਘ, ਮਹਾਰਾਜ ਬੀਰ ਸਿੰਘ ਜੀ, ਸੂਬਾ ਗੁਰਬਖਸ਼ ਸਿੰਘ ਜੀ ਅਤੇ ਮਹਾਰਾਜ ਜੰਗ ਸਿੰਘ ਜੀ ਸਮੇਤ ਸਾਰੇ ਹੀ ਮੰਜੇ ਦੇ ਪਾਸੇ ਨਾਲ ਖਲੋਤੇ ਹੋਏ ਸਾਂ। ਮੈਂ ਸਿਰਹਾਣੇ ਵਾਲੇ ਪਾਸੇ ਖਲੋਤਾ ਹੋਇਆ ਸਾਂ। ਸਮਾਂ ਰਾਤ ਦੇ ਬਾਰਾਂ ਵਜੇ ਨੂੰ ਪਾਰ ਕਰ ਚੁਕਾ ਸੀ। ਦੇਵਤਿਆਂ ਦਾ ਪਹਿਰਾ ਲਗ ਚੁੱਕਾ ਸੀ।

ਭਿੰਨੀ ਰੈਨੜੀਐ ਚਾਮਕਨਿ ਤਾਰੇ।।
ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।।

ਵਾਲਾ ਸਮਾਂ ਹੋ ਚੁੱਕਾ ਸੀ। ਸਤਿਗੁਰੂ ਜੀ ਨੇ ਆਪ ਹੀ ਸ਼ਾਲ ਲਿਆ। ਦੇਹ ਸਿਧੀ ਆਪੇ ਹੀ ਕਰ ਲਈ। ਸੀਸ ਹੇਠੋਂ ਹੱਥ ਕਢ ਕੇ ਬ੍ਰਾਬਰ ਸਿਧਾ ਕਰ ਲਿਆ। ਆਖਰੀ ਸੁਆਸ ਲਿਆ ਤੇ ਬੱਸ।

ਸੰਗਤ ਵੈਰਾਗੀ ਹੋ ਗਈ। ਕੋਈ ਕਿਸੇ ਦੇ ਗਲ ਲੱਗ ਕੇ ਭੁਬਾਂ ਮਾਰੇ, ਤੇ ਕਈ ਗੋਡਿਆਂ ਵਿਚ ਸਿਰ ਦੇ ਕੇ ਬੈਠ ਗਏ। ਮਹਾਰਾਜ ਜੰਗ ਸਿੰਘ ਜੀ ਨੇ ਕਿਹਾ - ਸਾਧ ਸੰਗਤ ਜੀ ਰੋਣਾ ਨਹੀਂ ਸਤਿਗੁਰੂ ਜੀ ਦਾ ਹੁਕਮ ਹੈ।

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ।।

ਸਾਰੇ ਭਜਨ ਕਰੋ। ਏਥੇ ਹੀ ਆਸਾ ਦੀ ਵਾਰ ਲਗੇਗੀ। ਹੁਣ ਇਸ਼ਨਾਨ ਪਾਣੀ ਕਰਕੇ ਸਾਰੇ ਸਾਵਧਾਨ ਹੋ ਜਾਓ।

ਸਾਧ ਸੰਗਤ ਨੂੰ ਬਾਬਾ ਜੰਗ ਸਿੰਘ ਜੀ ਦੇ ਬਚਨਾਂ ਨੇ ਬੜਾ ਧਰਵਾਸ ਦਿਤਾ ਅਤੇ ਸਾਰਿਆਂ ਨੇ ਆਪਣੇ ਆਪ ਨੂੰ ਕਾਇਮ ਕਰ ਲਿਆ।

ਸੰਤ ਗੁਰਦੇਵ ਸਿੰਘ ਜੀ ਹਜ਼ੂਰੀ ਡਰਾਈਵਰ ਜੋ ਸ੍ਰੀ ਸਤਿਗੁਰੂ ਜੀ ਦੇ ਸੈਕਟਰੀ ਵੀ ਸਨ ਹਮੇਸ਼ਾਂ ਆਪਣੀ ਡਿਊਟੀ ਉਤੇ ਰਾਤ ਦਿਨ ਤਤਪਰ ਰਹਿੰਦੇ। ਓਹ ਸਾਰੀ ਰਾਤ ਹੀ ਤਾਰਾਂ ਦੇਈ ਗਏ ਸੰਗਤਾਂ ਨੂੰ ਉਸ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਵੀ ਸਨ। ਉਹ ਸੰਤਾਂ ਨੂੰ ਲੋੜ ਪੈਣ ਉਤੇ ਦੱਸ ਦੇਂਦੇ ਕਿ ਕਿਥੇ ਫੋਨ ਕਰਨਾ ਜਾਂ ਤਾਰ ਪਾਉਣੀ ਰਹਿ ਗਈ ਸੀ। ਜਿੰਨ੍ਹਾਂ ਦੇ ਟੈਲੀਫੋਨ ਸਨ ਓਹਨਾਂ ਨੂੰ ਫੋਨ ਕਰ ਰਹੇ ਸਨ। ਸੰਤ ਸੁੱਚਾ ਸਿੰਘ ਜੀ ਸੋਖੀ ਦਿਲੀ ਵਾਲੇ ਵੀ ਸਾਰੀ ਰਾਤ ਏਹਨਾਂ ਦੀ ਮਦਦ ਕਰਦੇ ਰਹੇ। ਥਾਓਂ ਥਾਈਂ ਆਦਮੀ ਭਜਾ ਦਿਤੇ। ਜਿਥੋ ਤਕ ਹੋ ਸਕਿਆ ਸਾਰੇ ਪੰਥ ਵਿਚ ਖਬਰਾਂ ਭੇਜ ਦਿਤੀਆਂ। ਜਲੰਧਰ ਰੇਡਿਓ ਸਟੇਸ਼ਨ ਨੂੰ ਵੀ ਸਤਿਗੁਰੂ ਜੀ ਦੇ ਸੁਰਗ ਵਾਸ ਹੋਣ ਦੀ ਖਬਰ ਦੇ ਕੇ - ਜ਼ੋਰਦਾਰ ਹਦੈਤ ਕਰ ਦਿਤੀ ਕਿ ਰੇਡਿਓ ਰਾਹੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ੍ਰੀਰ ਛਡ ਜਾਣ ਦੀ ਖਬਰ ਪ੍ਰਸਾਰਤ ਕਰ ਦਿਓ। ਸੰਤ ਗੁਰਦੇਵ ਸਿੰਘ ਜੀ ਦੀ ਹਾਲਤ ਏਹ ਸੀ—

ਕਾਗਜ਼ ਕਾਪੀ ਦੁਆਤ ਨਿਸ਼ਾਣੀ।
ਹਥ ਵਿਚ ਕਲਮ ਅੱਖਾਂ ਵਿਚ ਪਾਣੀ।

ਸਤਿਗੁਰੂ ਜੀ ਦੇ ਬੈਕੁੰਠ ਸਿਧਾਰ ਜਾਣ ਦੀ ਖਬਰ ਬਿਜਲੀ ਦੀ ਤਰ੍ਹਾਂ ਰਾਤੋ ਰਾਤ ਚੌਗਿਰਦੇ ਪਿੰਡਾਂ ਵਿਚ ਫੈਲ ਗਈ। ਰਾਤ ਨੂੰ ਆਂਢੀਆਂ-ਗੁਆਂਢੀਆਂ ਤੇ ਪਿੰਡਾਂ ਵਾਲਿਆਂ ਨੇ ਦਰਸ਼ਨਾਂ ਵਾਸਤੇ ਵਹੀਰਾਂ ਘੱਤ ਦਿੱਤੀਆਂ। ਸਾਰੀ ਰਾਤ ਆਮਦੋ ਰਫਤ ਚਲਦੀ ਰਹੀ। ਰਾਤ ਦੇ ਦੋ ਵਜੇ ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਪਟਿਆਲੇ ਤੋਂ ਪਰਿਵਾਰ ਸਮੇਤ ਭੈਣੀ ਸਾਹਿਬ ਪਹੁੰਚ ਗਏ। ਦੁਆਬੇ, ਮਾਲਵੇ, ਅੰਬਾਲੇ, ਪਟਿਆਲੇ ਤੋਂ ਜਿਵੇਂ ਜਿਵੇਂ ਖਬਰ ਹੁੰਦੀ ਚਲੀ ਗਈ ਨਾਮਧਾਰੀ ਸੰਗਤਾਂ ਵੀ ਬਿਨਾਂ ਦੇਰੀ ਭੈਣੀ ਸਾਹਿਬ ਪਹੁੰਚਣੀਆਂ ਸ਼ੁਰੂ ਹੋ ਚੁਕੀਆਂ ਸਨ।

ਪਿੰਡਾਂ ਦੀ ਸੰਗਤ ਔਂਦੀ, ਦਰਸ਼ਨ ਕਰਦੀ, ਮਥਾ ਟੇਕਦੀ ਤੇ ਚਲੀ ਜਾਂਦੀ। ਦੋਂਹ ਤੋਂ ਬਿਨਾਂ ਭੈਣੀ ਸਾਹਿਬ ਦਾ ਬੱਚਾ ਬੱਚਾ ਦਰਸ਼ਨ ਕਰਕੇ ਤੇ ਨਮਸਕਾਰ ਕਰਕੇ ਆਪਣੇ ਧੰਨ ਭਾਗ ਸਮਝਦੇ। ਓਹ ਦੋ ਆਦਮੀ ਸਨ ਘਮੰਡੋ ਕੇ ਜਿੰਨ੍ਹਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਹੀ ਏਸ ਘਰ ਨਾਲ ਆਢਾ ਲਾ ਰਖਿਆ ਸੀ। ਓਹਨਾਂ ਦੇ ਘਰਾਂ ਦੀਆਂ ਨੂੰਹਾਂ ਧੀਆਂ ਤੇ ਵਹੁਟੀਆਂ ਸਭ ਦਰਸ਼ਨ ਕਰਕੇ ਤੇ ਨਮਸਕਾਰਾਂ ਕਰਕੇ ਰਾਤ ਨੂੰ ਵਾਪਸ ਘਰਾਂ ਨੂੰ ਗਈਆਂ।

ਦਿੱਲੀ ਤੋਂ ਵੀ ਸੰਗਤਾਂ ਸਪੈਸ਼ਲ ਬਸਾਂ ਰਾਹੀਂ ਰਾਤੋ-ਰਾਤ ਭੈਣੀ ਸਾਹਿਬ ਪਹੁੰਚ ਗਈਆਂ। ਸੁਭਾ ਸਵਖਤੇ ਹੀ ਆਸਾ ਜੀ ਦੀ ਵਾਰ ਲੱਗ ਗਈ ਸੀ ਅਤੇ ਸਾਰਾ ਸਮਾਂ ਕੀਰਤਨ ਦਾ ਪ੍ਰਵਾਹ ਲਗਾਤਾਰ ਚਲਦਾ ਰਿਹਾ। ਮਹਾਰਾਜ ਨਿਹਾਲ ਸਿੰਘ ਜੀ ਵੀ ਰਾਤੋ ਰਾਤ ਪਰਿਵਾਰ ਸਮੇਤ ਭੈਣੀ ਸਾਹਿਬ ਪਹੁੰਚ ਗਏ। ਤੇ ਸ਼ਬਦ ਪੜ੍ਹਿਆ ਜਾ ਰਿਹਾ ਸੀ:-

ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ॥

ਗੁਰਿਆਈ ਤੇ ਸਸਕਾਰ ਤੋਂ ਬਹੁਤ ਪਹਿਲਾਂ ਦੀ ਇਕ ਗੱਲ

ਇਕ ਨਿਰਨਾ

ਠਾਕਰ ਦਲੀਪ ਸਿੰਘ ਜੀ ਦਾ ਛੋਟੇ ਹੁੰਦਿਆਂ ਦਾ ਚਿਹਰਾ ਮੋਹਰਾ ਤੇ ਸ੍ਰੀਰ ਬਹੁਤ ਸੁੰਦਰ ਸੀ। ਦੇਰ ਪਿਛੋਂ ਗੁਰੂ ਘਰ ਵਿਚ ਇਕ ਖ਼ੂਬਸੂਰਤ ਬੱਚੇ ਦੇ ਦਰਸ਼ਨਾਂ ਨੇ ਨਵੀਂ ਹਰਿਆਵਲ ਤੇ ਬਸੰਤ ਸੰਗਤ ਵਿਚ ਲੈ ਆਂਦੀ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਬੇਓੜਕਾਂ ਦਾ ਸਨੇਹ ਦਰਸਾਂਦੇ ਸਨ ਬੱਚੇ ਨਾਲ। ਸਤਿਗੁਰੂ ਜੀ ਦੀ ਸੇਵਾ ਵਿਚ ਰਹਿਣ ਵਾਲੇ ਜਥੇ ਵਿਚ ਏਹ ਭਰਮ ਪੈਦਾ ਹੋ ਗਿਆ ਸੀ – ਕਿ ਗੁਰਿਆਈ ਦੇ ਅਸਲ ਵਾਰਸ ਬੱਸ ਠਾਕੁਰ ਦਲੀਪ ਸਿੰਘ ਜੀ ਹੀ ਹੈਨ।

ਵਖੇਪਤਾ ਤਾਂ ਦਿਲਾਂ ਵਿਚ ਪਹਿਲਾਂ ਵੀ ਹੈ ਸੀ, ਤੇ ਜਦੋਂ ਏਸ ਜਥੇ ਨੇ ਦਲੀਪ ਸਿੰਘ ਜੀ ਨਾਲ ਪਿਆਰ ਵੇਖਿਆ ਸਤਿਗੁਰੂ ਜੀ ਦਾ ਫੇਰ ਵਿਖੇਪਤਾ ਹੋਰ ਵੀ ਵਧ ਗਈ। ਜਿਸ ਦੀ ਇੰਤਹਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬੈਕੁੰਠ ਗਮਨ ਤੋਂ ਬਾਦ-ਓਸੇ ਹੀ ਦਿਨ ਤੋਂ-ਸ਼ੁਰੂ ਹੋ ਗਈ। ਪਹਿਲਾਂ ਤੋਂ ਹੀ ਸਤਿਗੁਰੂ ਜੀ ਨੇ, ਏਸ ਕਿਸਮ ਦਾ ਕੋਈ ਵੀ ਇਸ਼ਾਰਾ ਕਦੇ ਵੀ ਨਹੀਂ ਸੀ ਕੀਤਾ ਕਿ ਕਾਕਾ ਦਲੀਪ ਸਿੰਘ ਹੁਣ ਗੱਦੀ ਦਾ ਵਾਰਸ ਹੈ। ਪਰ ਭੁੱਲੀ ਸੰਗਤ ਨੂੰ ਸਮਝਾਵੇ ਕੌਣ ? ਸਾਧ ਸੰਗਤ ਨੇੜਲੀ ਦੇ ਇਸ਼ਾਰੇ ਨੂੰ ਸਮਝਦੇ ਹੋਏ ਵੀ ਸਤਿਗੁਰੂ ਜੀ ਖਾਮੋਸ਼ ਹੀ ਰਹੇ।

ਅਸਲ ਗੱਲ ਏਹ ਹੈ – ਕਿ ਬੇਅੰਤ ਜੀ ਦਾ ਵਰਤਾਰਾ ਸ਼ੁਰੂ ਤੋਂ ਹੀ ਰਵੈਤੀ ਸਾਹਿਬ ਸਲਾਮ ਤੋਂ ਬਿਨਾਂ ਏਹਨਾਂ ਨਾਲ ਕੋਈ ਨਹੀਂ ਸੀ। ਅਤੇ ਓਹ ਏਸ ਜਥੇ ਦੀ ਪਰਵਾਹ ਬਿਲਕੁਲ ਨਹੀਂ ਸੀ ਕਰਦੇ। ਏਸ ਜਥੇ ਦੇ ਮੋਢੀ ਸੂਬਾ ਵਰਿਆਮ ਸਿੰਘ ਜੀ, ਰਤਨ ਸਿੰਘ ਜੀ, ਭਾਈ ਵਜ਼ੀਰ ਸਿੰਘ ਜੀ, ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲੇ, ਬਾਵਾ ਸਿੰਘ ਅਤੇ ਹੋਰ ਕਈ ਨਜ਼ਦੀਕੀ ਹਸਤੀਆਂ ਸਨ। ਜੋ ਏਸ ਭਰਮ ਵਿਚ ਪੂਰੀ ਤਰਾਂ ਵਹਿ ਗਈਆਂ ਸਨ ਕਿ ਕਾਕਾ ਦਲੀਪ ਸਿੰਘ ਹੀ ਗੁਰਗੱਦੀ ਦਾ ਵਾਰਸ ਹੈ ਅਤੇ ਇਹ ਸਾਰੇ ਹੀ ਸਤਿਕਾਰ ਯੋਗ ਬੇਅੰਤ ਜੀ ਦੇ ਪੂਰੀ ਤਰਾਂ ਵਿਰੋਧ ਵਿਚ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਏਸ ਜਥੇ ਦਾ ਵਿਰੋਧ ਤਾਂ ਭਾਵੇਂ ਕਦੇ ਨਹੀਂ ਸੀ ਕੀਤਾ ਪਰ ਠਾਕੁਰ ਜੀ ਨੂੰ ਗੁਰ ਗੱਦੀ ਬਾਬਤ ਇਸ਼ਾਰਾ ਵੀ ਕਦੇ ਨਹੀਂ ਸੀ ਕੀਤਾ।

ਬੇਅੰਤ ਜੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਦੀ ਉਡੀਕ ਹੀ ਕਰਦੇ ਰਹਿੰਦੇ ਸਨ ਅਤੇ ਸਤਿਗੁਰੂ ਜੀ ਦੇ ਢਿੱਲੇ ਹੋਣ ਪਿਛੋਂ ਪੰਥ ਦੇ ਬਹੁਤੇ ਕੰਮ ਓਹਨਾਂ ਨੂੰ ਹੀ ਕਰਨੇ ਪੈਂਦੇ ਸਨ। ਖ਼ਾਸ ਤੌਰ ਉਤੇ ਪੰਜਾਬ ਸਰਕਾਰ ਨਾਲ ਗਾਂ ਦੇ ਮਸਲੇ ਉਤੇ ਵਿਵਾਦ ਬਹੁਤ ਵਧ ਗਿਆ ਸੀ। ਮਹਾਰਾਜ ਨਿਹਾਲ ਸਿੰਘ ਹੁਰੀਂ ਸਰਕਾਰ ਦੇ ਨਾਲ ਖੜ੍ਹੇ ਸਨ ਤੇ ਬਹੁਤ ਸਾਰੀ ਸੰਗਤ ਦਾ ਕਿਆਫਾ ਤਾਂ ਇਹ ਵੀ ਹੈ ਕਿ ਸਤਿਗੁਰੂ ਜੀ ਦੀ ਦੇਹ ਤਿਆਗਣ ਦਾ ਕਾਰਨ ਵੀ ਸਰਕਾਰ ਤੇ ਕੈਰੋਂ ਸਰਕਾਰ ਹੀ ਸਨ।

ਸਾਡੇ ਕੋਲ ਦੂਸਰੀ ਸੰਗਤ ਵਿਚ ਬੇਅੰਤ ਜੀ ਨੂੰ ਪੂਰਨ ਅਧਿਕਾਰ ਦਿਤੇ ਜਾਣ ਦੀਆਂ ਅੱਜ ਵੀ ਕਈ ਸ਼ਹਾਦਤਾਂ ਮੌਜੂਦ ਹੈਨ। ਅਤੇ ਗਾਹੇ ਬਗਾਹੇ ਮੇਰੀ ਲਿਖਤ ਏਸ ਪੁਸਤਕ ਵਿਚੋਂ ਵੀ ਤੁਹਾਨੂੰ ਮਿਲ ਜਾਣਗੀਆਂ। ਏਥੇ ਪ੍ਰਸੰਗ ਵਧਣ ਕਰਕੇ ਮੈਂ ਉਹਨਾਂ ਨੂੰ ਦੁਹਰਾ ਨਹੀਂ ਸਕਦਾ। ਸਿਰਫ ਏਨਾਂ ਹੀ ਕਹਿਣਾਂ ਚਾਹਾਂਗਾ ਕਿ ਏਹ ਅੱਜ ਦੀ ਗੱਲ ਤਾਂ ਨਹੀਂ ਆਦਿ ਜੁਗਾਦੀ ਹੀ ਹੁੰਦੀ ਚਲੀ ਆਈ ਹੈ, ਬਾਹਰ ਵੀ ਤੇ ਗੁਰੂ ਘਰ ਵਿਚ ਵੀ। ਇਸ ਵਾਸਤੇ ਏਸ ਨੂੰ ਅਨਹੋਣੀ ਨਹੀਂ ਤੁਸੀਂ ਕਹਿ ਸਕਦੇ।

ਝਗਰਾ ਏਕੁ ਨਿਬੇਰਹੁ ਰਾਮ।।
ਜਉ ਤੁਮ ਅਪਨੇ ਜਨ ਸੌ ਕਾਮੁ।।

ਮੈਂ ਹੁਣ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਸਨਾ ਦੁਆਰਾ ਬਖਾਨ ਕੀਤੇ ਹੋਏ ਤਿੰਨ ਉਦਾਹਰਣ ਦੇ ਕੇ, ਨਵੀਂ ਗੱਲ ਤੋਰਾਂਗਾ ਜੋ ਸਤਿਗੁਰੂ ਜੀ ਦੇ ਸਸਕਾਰ ਹੋਣ ਤੋਂ ਪਹਿਲਾਂ ਭਿਅੰਕਰ ਰੂਪ ਧਾਰਨ ਕਰਦੀ ਜਾ ਰਹੀ ਸੀ।

੧) ਮੰਡੀ ਹਿਮਾਚਲ ਪ੍ਰਦੇਸ – ਕਰਮਦੀਨ ਤੋਂ ਬਣਿਆ ਕਰਮ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਬਹੁਤ ਪਿਆਰ ਕਰਦਾ ਸੀ। ਸਤਿਗੁਰੂ ਜੀ ਓਸ ਨੂੰ ਫੁਰਮਾਇਆ —

ਕ੍ਰਮ ਸਿੰਘ ਮੇਰੀ ਦੇਹ ਢਿਲੀ ਰਹਿੰਦੀ ਹੈ। ਪਤਾ ਨਹੀਂ ਮੈਂ ਜੀਵਨ ਨਗਰ ਜਾਵਾਂ ਕਿ ਨਾ। ਤੂੰ ਸਿਧਾ ਜੀਵਨ ਨਗਰ ਵੱਡੇ ਕਾਕੇ ਕੋਲ ਚਲਿਆ ਜਾਹ। ਕਾਕੇ ਦਾ ਅਨੁਸਾਰੀ ਹੋ ਕੇ ਰਹੀਂ, ਸੁੱਖ ਬਣਿਆ ਰਹੇਗਾ।

ਮੰਡੀ, ਕਰਮ ਸਿੰਘ ਨੇ ਅਰਜ਼ ਕੀਤੀ, ਗ੍ਰਿਬ ਨਿਵਾਜ ਤੁਸੀਂ ਹੁਣੇ ਢਿਲੇ ਹੋ ਗਏ ਹੋ। ਅਜੇ ਤਾਂ ਤੁਹਾਡੀ ਬਹੁਤ ਲੋੜ ਹੈ ਸੰਗਤ ਨੂੰ।

ਦਾਰੋਗੇ ਦੁੰਮਣ ਸਿੰਘ ਵਲ ਇਸ਼ਾਰਾ ਕਰਕੇ – ਸਤਿਗੁਰੂ ਜੀ ਫੁਰਮਾਇਆ —

ਮੈਨੂੰ ਏਹੋ ਜੇਹਿਆਂ ਨੇ ਬੁੱਢਾ ਕਰ ਦਿਤਾ ਹੈ –ਮੇਰੇ ਸੇਵਕਾਂ ਨੇ। ਜੋ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਹੈਨ। ਅਤੇ ਮੇਰੇ ਉਤੇ ਏਹਨਾਂ ਦਾ ਭਾਰ ਬਣਿਆ ਰਹਿੰਦਾ ਹੈ। ਵਰਨਾ, ਮੈਂ ਅਜੇ ੨੦ ਸਾਲ ਹੋਰ ਬੁੱਢਾ ਹੋਣ ਵਾਲਾ ਨਹੀਂ ਸਾਂ।

(ਜੱਸ ਜੀਵਨ ਹਿਸਾ ਦੋ ਸਫਾ ੨੦੦ — ਕ੍ਰਿਤ ਸੰਤ ਤਰਨ ਸਿੰਘ ਜੀ ਵਹਿਮੀ)

੨) ਕਵੀ ਪ੍ਰੀਤਮ ਸਿੰਘ ਜੀ ਨੂੰ ਸਤਿਗੁਰੂ ਜੀ ਨੇ ਫੁਰਮਾਇਆ —

ਲੋਕ ਮੈਨੂੰ ਕੁਝ ਹੋਰ ਦਸਦੇ ਨ ਤੇ ਵੱਡੇ ਕਾਕੇ (ਬੇਅੰਤ ਜੀ) ਨੂੰ ਕੁਝ ਹੋਰ ਦਸਦੇ ਨੇ। ਏਹ ਆਦਮੀ ਕੋਸ਼ਿਸ਼ ਕਰਦੇ ਹੈਨ – ਮੇਰੇ ਤੇ ਕਾਕੇ ਵਿਚ ਭੇਦ ਪੈਦਾ ਕਰਨ ਦਾ। ਓਹ ਸਮਝਦੇ ਨੇ – ਮੇਰੇ ਤੇ ਕਾਕੇ ਵਿਚ ਕੋਈ ਮਤ ਭੇਦ ਹੈਨ–

ਜਿਸ ਦਿਨ ਬਚਨ ਕੀਤਾ ਸੀ, ਕਵੀ ਜੀ ਕੋਲ ਏਸ ਦਾ ਪੂਰਨ ਵਿਵਰਣ ਤੇ ਦਿਨ ਮਹੀਨਾ ਤੇ ਤਾਰੀਖ ਦਰਜ ਹੈ ਅਤੇ ਥਾਂ ਦਾ ਓਸ ਦਿਨ ਦਾ —

੩) ਅੰਤਮ ਫੈਸਲਾ—

ਅੱਜ (ਵੈਸਾਖ ੨੦੧੬) ਸਤਿਗੁਰੂ ਪ੍ਰਤਾਪ ਸਿੰਘ ਜੀ ਜੀਵਨ ਨਗਰ ਸਨ। ਨਿਤਨੇਮ ਹੋ ਚੁੱਕਾ ਸੀ। ਤੇ ਹੁਣ ਸ਼ਾਮ ਦੇ ਚਾਰ ਵਜ ਚੁੱਕੇ ਸਨ। ਸਤਿਗੁਰੂ ਜੀ ਨੇ ਉਚੇਚਾ ਇਕੱਠ ਕਰਕੇ ਏਹ ਬਚਨ ਕੀਤਾ— ਮੈਂ ੫੩–੫੪ ਸਾਲ ਸੰਗਤ ਦੀ ਸੇਵਾ ਕੀਤੀ ਹੈ। ਹੁਣ ਮੇਰਾ ਸ੍ਰੀਰ ਕਿਹਾ ਨਹੀਂ ਮੰਨਦਾ। ਸਾਧ ਸੰਗਤ ਨੇ ਬੜੀ ਕਿਰਪਾ ਕੀਤੀ — ਜੋ ਮੈਂ ਕਿਹਾ – – ਓਹੀ ਮੰਨਿਆ। ਜਿਥੇ ਕਿਹਾ ਓਥੇ ਗਏ। ਏਸ ਵਾਸਤੇ ਮੈਂ ਸਾਧ ਸੰਗਤ ਦਾ ਧੰਨਵਾਦੀ

ਹਾਂ। ਕਿਉਂਕਿ ਮੇਰੇ ਹੁਕਮਾਂ ਉਤੇ ਸਾਧ ਸੰਗਤ ਨੇ ਫੁਲ ਚੜ੍ਹਾਏ ਹੈਨ। ਮੈਂ ਅੱਜ ਤੋਂ ਆਪਣਾ ਸਾਰਾ ਕੰਮ ਵੱਡੇ ਕਾਕੇ ਨੂੰ ਸੌਂਪ ਰਿਹਾ ਹਾਂ। ਸਾਧ ਸੰਗਤ ਏਹਨਾਂ ਦੇ ਹੁਕਮ ਅੰਦਰ ਰਹਿ ਕੇ ਕੰਮ ਕਰੇ।

ਸਾਧ ਸੰਗਤ ਦੇ ਏਸ ਇਕੱਠ ਵਿਚ - ਮੋਟੇ ਮੋਟੇ ਸੱਜਣ ਏਹ ਸਨ —

ਭਾਈ ਵਜ਼ੀਰ ਸਿੰਘ ਜੀ, ਰਤਨ ਸਿੰਘ ਲਾਂਗਰੀ, ਬਾਵਾ ਸਿੰਘ ਨਕੌੜਾ, ਦੁੰਮਣ ਸਿੰਘ ਦਾਰੋਗਾ, ਗੁਰਦਿਆਲ ਸਿੰਘ ਘੁੱਦਾ - ਹੁਣ ਭੜੋਲਿਆਂ ਵਾਲੀ, ਸੂਬਾ ਵਰਿਆਮ ਸਿੰਘ ਜੀ ਮਾਲ ਵਾਲਾ, ਸ੍ਰ. ਚੰਨਣ ਸਿੰਘ ਜੀ ਥਰਾਜ, ਸੁਰਜਣ ਸਿੰਘ ਢੋਟੀਆਂ. ਅਮਰ ਸਿੰਘ ਨੰਬ੍ਰਦਾਰ ਤੇ ਇਲਾਕੇ ਦੀ ਹੋਰ ਸੰਗਤ।

ਜਿਸ ਵੇਲੇ ਸਤਿਗੁਰੂ ਜੀ ਨੇ ਏਹ ਬਚਨ ਕੀਤਾ —

ਅੱਜ ਤੋਂ ਮੈਂ ਏਹ ਸਾਰਾ ਕੰਮ ਵੱਡੇ ਕਾਕੇ ਨੂੰ ਸੌਂਪਦਾ ਹਾਂ। ਸਾਧ ਸੰਗਤ ਏਹਨਾਂ ਦੇ ਹੁਕਮ ਅੰਦਰ ਰਹਿ ਕੇ ਕੰਮ ਕਰੇ — ਬਹੁਤ ਸਾਰੇ ਸਤਿਗੁਰੂ ਜੀ ਦੇ ਨਾਲ ਰਹਿਣ ਵਾਲੇ ਤੇ ਮੁਖਤਾਰ ਏਹ ਸ਼ਬਦ ਜਰ ਨਾ ਸਕੇ। ਜੋ ਸ਼ੁਰੂ ਤੋਂ ਹੀ ਜਾਂ ਦੇਰ ਤੋਂ ਹੀ ਬੇਅੰਤ ਜੀ ਦੀਆਂ ਚੁਗਲੀਆਂ ਕਰਨ ਤੇ ਛੁਟਿਔਣ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ - ਉੱਠ ਕੇ ਤੁਰ ਚਲੇ।

ਸਤਿਗੁਰੂ ਜੀ ਨੇ ਰੋਹ ਵਿਚ ਹੋ ਕੇ ਕਿਹਾ—

ਬੈਠ ਜਾਓ ਭਾਈ ਜੀ! ਮੈਂ ਜੇਹੜੀ ਗਲ ਕੀਤੀ ਹੈ, ਓਹੋ ਹੀ ਹੈ।

ਜਿਸ ਨੇ ਏਥੇ ਰਹਿਣਾ ਹੈ, ਓਹ ਵੱਡੇ ਕਾਕੇ ਦੇ ਹੁਕਮ ਅੰਦਰ ਹੀ ਰਹੇਗਾ। ਜੇ ਕਿਸੇ ਦਾ ਮਨ ਨਾ ਮੰਨੇ — ਮੇਰੇ ਤਿੰਨ ਡੇਰੇ ਹੈਨ — (੧) ਜੀਵਨ ਨਗਰ (੨) ਭੈਣੀ ਸਾਹਿਬ (੩) ਮੰਡੀ ਸੁਕੇਤ। ਓਹ ਮੈਨੂੰ ਦੱਸ ਦੇਵੇ। ਜਿਸ ਡੇਰੇ ਵਿਚ ਓਸਦਾ ਜੀ ਚਾਹੇ ਰਹਿ ਪਵੇ। ਮੈਂ ਕਾਕੇ ਨੂੰ ਕਹਿ ਦਿੰਦਾ ਹਾਂ - ਓਸਦੀ ਰਸਦ ਹਰ ਮਹੀਨੇ ਓਸਦੇ ਕੋਲ ਪਹੁੰਚ ਜਾਇਆ ਕਰੇਗੀ। ਏਹ ਮੇਰਾ ਆਖਰੀ ਹੁਕਮ ਹੈ।

ਓਸ ਤੋਂ ਬਾਦ ਉਠ ਤੇ ਘੋੜੇ ਵੇਖੇ। ਘੋੜਿਆਂ ਵਿਚੋਂ ਨਿਕਲ ਕੇ ਲਸੂੜੇ ਹੇਠਾਂ ਆਣ ਖਲੋਤੇ ਸਤਿਗੁਰੂ ਜੀ। ਓਥੇ ਮੈਂ (ਅਮਰ ਸਿੰਘ ਨੰਬ੍ਰਦਾਰ) ਤੇ ਸ੍ਰ. ਚੰਨਣ ਸਿੰਘ ਥਰਾਜ ਖਲੋਤੇ ਗੱਲਾਂ ਕਰ ਰਹੇ ਸਾਂ - ਕਿ ਅਜ ਸੱਚੇ ਪਾਤਿਸ਼ਾਹ ਜੀ ਨੇ ਬੜੀ ਕਿਰਪਾ ਕੀਤੀ ਹੈ। ਆਪਣਾ ਸਾਰਾ ਭਾਰ ਬੇਅੰਤ ਜੀ ਦੇ ਮੋਢਿਆਂ ਉਤੇ ਰਖ ਦਿਤਾ ਹੈ। ਸਤਿਗੁਰੂ ਜੀ ਨੇ ਚੰਨਣ ਸਿੰਘ ਨੂੰ ਮੁਖਾਤਬ ਕਰਕੇ ਕਿਹਾ:-

ਚੰਨਣ ਸਿਆਂ! ਅਮਰ ਬੜੇ ਚਿਰ ਤੋਂ ਕਹਿੰਦਾ ਸੀ —

ਕਾਕੇ ਨੂੰ ਅਧਿਕਾਰ ਦਿਓ—

ਅੱਜ ਮੈਂ ਆਪਣੇ ਸਾਰੇ ਅਧਿਕਾਰ ਏਸ ਦੇ ਗੁਰੂ ਨੂੰ ਦੇ ਦਿਤੇ ਹੈਨ। ਅਗੋਂ ਏਹ ਜਾਨਣ।

ਸਤਿਗੁਰੂ ਜੀ ਨੇ ਓਸ ਪਿਛੋਂ ਜੀਵਨ ਨਗਰ ਵਿਚ ਚਰਨ ਨਹੀਂ ਪਾਏ।

ਗੁਰਿਆਈ ਤੇ ਸਸਕਾਰ

੧) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਜਦੋਂ ਸੁਆਸ ਪੂਰੇ ਕੀਤੇ, ਨਾਲ ਦੀ ਨਾਲ ਹੀ ਥੋੜੇ ਕੁ ਨੇੜੇ ਦੇ ਸਿੰਘ ਦੋ ਹਿਸਿਆਂ ਵਿਚ ਵਟ ਗਏ। ਨਜ਼ਦੀਕੀ ਧੜਾ ਚਾਹੁੰਦਾ ਸੀ — ਸਸਕਾਰ ਜਿੰਨੀ ਛੇਤੀ ਹੋ ਜਾਏ ਠੀਕ ਹੈ। ਸਾਧ ਸੰਗਤ ਕਹਿੰਦੀ ਸੀ ਏਹ ਦਰਸ਼ਨ

ਤੋਂ ਤੁਰ ਪਈਆਂ ਹੈਨ, ਓਹਨਾਂ ਨੂੰ ਏਥੇ ਪਹੁੰਚ ਲੈਣ ਦਿਓ। ਫੇਰ ਸਸਕਾਰ ਕਰਾਂਗੇ। ਦਿਨ ਭਾਵੇਂ ਇਕ ਵੱਧ ਲਗ ਜਾਵੇ।

ਪਰ ਕਾਹਲਾ ਧੜਾ ਕਹਿੰਦਾ ਸੀ। ਦੇਹ ਵਿਚ ਵਗਾੜ ਪੈਣਾ ਸ਼ੁਰੂ ਹੋ ਚੁੱਕਾ ਹੈ। ਏਸ ਵਾਸਤੇ ਛੇਤੀ ਅਤੀ ਛੇਤੀ ਸਸਕਾਰ ਹੋ ਜਾਣਾ ਚਾਹੀਦਾ ਹੈ।

੨) ਵਿਚੇ ਵਿਚ ਖਿਚੜੀ ਰਿਝਣ ਲਗ ਪਈ ਸੀ, ਠਾਕਰ ਦਲੀਪ ਸਿੰਘ ਜੀ ਨੂੰ ਗੱਦੀ ਅਰਪਣ ਕਰਨ ਦੀ। ਜਿਸ ਤੋਂ ਆਮ ਸਾਧ ਸੰਗਤ ਸੁਚੇਤ ਹੋ ਗਈ ਸੀ। ਅਤੇ ਪੂਰੀ ਤਿਆਰੀ ਕਰਨ ਵਿਚ ਰੁੱਝ ਗਈ ਸੀ – ਕਿ ਗੱਦੀ ਦੇ ਅਸਲ ਵਾਰਸ, – ਬਾਬਾ ਜਗਜੀਤ ਸਿੰਘ ਜੀ ਹੀ ਹੈਨ ਤੇ ਕਿਤੇ ਅਜੇਹਾ ਨਾ ਹੋ ਜਾਵੇ ਕਿ ਛੋਟਾ ਜੇਹਾ ਨਾਮਧਾਰੀ ਸਮਾਜ ਦੋ ਧੜਿਆਂ ਵ੍ਰਿਚ ਵੰਡਿਆ ਜਾਵੇ।

ਭਾਦ੍ਰੋਂ ਦੇ ਦਿਨ ਓੜਕਾਂ ਦੀ ਗਰਮੀ ਤਾਂ ਵਾਤਾਵਰਣ ਵਿਚ ਪਹਿਲਾਂ ਹੀ ਸੀ। ਅਚਨਚੇਤ ਅਜੇਹੀ ਅਫ਼ਵਾਹ ਨੇ ਸੂਰਜ ਦੇ ਤੇਜ ਨੂੰ ਹੋਰ ਵੀ ਪ੍ਰਚੰਡ ਕਰ ਦਿਤਾ।

ਅਸਲ ਗੱਲ ਜੋ ਸੁਚੇਤ ਧੜੇ ਦੇ ਸਾਹਮਣੇ ਸੀ – ਓਹ ਏਹ ਸੀ – ਕਿ ਜੇ ਸ੍ਰੀ ਗੁਰੂ ਹਰੀਕ੍ਰਿਸ਼ਨ ਜੀ – ਪੰਜ ਸਾਲ ਦੀ ਉਮਰ ਵਿਚ – ਗੱਦੀ ਉਤੇ ਸ਼ਸੋਭਤ ਹੋ ਸਕਦੇ ਹੈਨ- ਤਾਂ ਠਾਕਰ ਦਲੀਪ ਸਿੰਘ ਕਿਉਂ ਨਹੀਂ ਓਹਨਾਂ ਨੇ ਏਹ ਸਮਝਣ ਦਾ ਜਤਨ ਨਹੀਂ ਕੀਤਾ ਕਿ—

ਗੁਰਿਆਈ ਸਾਂਭਣ ਵਾਸਤੇ ਕਿੰਨ੍ਹਾਂ ਕਿੰਨ੍ਹਾਂ ਕਰਤਬਾਂ ਨੂੰ ਨਿਭੌਣਾ ਜ਼ਰੂਰੀ ਹੈ ਤੇ ਪੰਜ ਸਾਲ ਦਾ ਬਾਲਕ ਏਹ ਸਭ ਕੁਝ ਕਰਨ ਦੇ ਸਮਰੱਥ ਕਿਵੇਂ ਹੋ ਸਕਦਾ ਹੈ?

ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਹਰਿ ਰਾਏ ਜੀ ਨੇ ਆਪਣੇ ਹੱਥੀਂ ਨਾਰੀਅਲ ਤੇ ਪੰਜ ਪੈਸੇ ਮਥਾ ਟੇਕ ਕੇ ਆਪਣੀ ਸਾਰੀ ਸ਼ਕਤੀ ਹਰੀਕ੍ਰਿਸ਼ਨ ਜੀ ਵਿਚ ਸਥਾਪਤ ਕਰ ਦਿਤੀ ਸੀ। ਪਰ ਏਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਜੇਹੀ ਕੋਈ ਵੀ ਕਾਰਵਾਈ ਨਹੀਂ ਸੀ ਕੀਤੀ। ਰਤਨ ਸਿੰਘ ਦੇ ਬਾਰ ਬਾਰ ਪੁੱਛਣ ਉਤੇ ਵੀ ਓਹਨਾਂ ਏਸ ਗਲ ਦੀ ਹਾਮੀ ਨਹੀਂ ਸੀ ਭਰੀ ਜਿਸਦੀ ਹਾਮੀ – ਸੁਚੇਤ ਜਥਾ ਭਰੌਣਾਂ ਚਾਹੁੰਦਾ ਸੀ।

ਭੋਲੀ ਸੰਗਤ ਨੂੰ ਏਹ ਨਹੀਂ ਸੀ ਗਿਆਨ ਕਿ ਜੋ ਗੱਲ ਪਹਿਲੇ ਗੁਰੂਆਂ ਵੇਲੇ ਕਰਨੀ ਏਨੀ ਜ਼ਰੂਰੀ ਨਹੀਂ ਸੀ ਓਹ ਸਾਡੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਗੱਦੀ ਦੇ ਵਾਰਸ ਵਾਸਤੇ ਜ਼ਰੂਰੀ ਕਰ ਦਿਤੀ ਸੀ।

੧) ਓਹ ਸੀ – ਸ੍ਰੀ ਦਰਬਾਰ ਸਾਹਿਬ ਤੇ ਗੁਰਬਾਣੀ ਦਾ ਸੰਥਾ ਸਮੇਤ ਸ਼ੁਧ ਪਾਠ ਸਿਖਣਾ।

੨) ਕਲਿਜੁਗ ਕੀਰਤਨ ਨਾਮ ਅਧਾਰ ਨੂੰ ਮੁਖ ਰੱਖ ਕੇ ਖ਼ੁਦ ਆਪ ਕੀਰਤਨ ਕਰਨਾ ਸਿਖਣਾ।

੩) ਕੋਈ ਤੰਤੂ ਵਾਲਾ ਸਾਜ ਸਿਖਣਾ ਵੀ ਲਾਜ਼ਮੀ ਸੀ।

੪) ਸਿਖ ਇਤਿਹਾਸ ਦੀ ਸੰਪੂਰਨ ਵਾਕਫ਼ੀ। ਧਰਮ ਸ਼ਾਸਤਰ ਦਾ ਮੁਕੰਮਲ ਗਿਆਨ ਹੋਣਾ।

੫) ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਗੁਰੂ ਹਰੀ ਸਿੰਘ ਜੀ ਅਤੇ ਆਧੁਨਿਕ ਇਤਿਹਾਸ ਤੋਂ ਪੂਰੀ ਤਰਾਂ ਵਾਕਫ਼ ਹੋਣਾ।

੬) ਸੁਚ ਸੋਧ ਕੀ ਹੈ। ਏਸ ਨੂੰ ਧਾਰਨ ਕਰਨਾ ਅਤੇ ਗੁਰਬਾਣੀ ਦੀ ਵਿਆਖਿਆ

ਕਰਨੀ ਸਿਖਣੀ।

ਏਸ ਤੋਂ ਬਿਨਾਂ ਬਹੁਤ ਕੁਛ ਤੇ ਏਸ ਤੋਂ ਵੀ ਵੱਧ ਹੋਰ ਗਿਆਨ ਹਾਸਲ ਕਰਨਾ ਵੀ ਜ਼ਰੂਰੀ ਸੀ। ਪਰ ਸੁਚੇਤ ਸੰਗਤ ਤਾਂ ਫੈਸਲਾ ਕਰ ਚੁੱਕੀ ਸੀ - ਗੱਦੀ ਪਹਿਲਾਂ ਤੇ ਬਾਕੀ ਹੋਰ ਸਭ ਕੁਝ ਪਿਛੋਂ। ਕਿਉਂਕਿ ਏਹਨਾਂ ਵਿਚ ਇਕ ਤੋਂ ਬਿਨਾਂ ਬਾਕੀ ਸਾਰੇ ਹੀ ਪ੍ਰਚੰਡ ਵਿਦਵਾਨ ਸਨ।

ਏਹਨਾਂ ਭਲੇ ਪੁਰਸ਼ਾਂ ਨੂੰ ਏਹ ਨਹੀਂ ਪਤਾ - ਏਹ ਇਕ ਇਤਿਹਾਸਕ ਗਲਤੀ ਮੰਨੀ ਜਾਂਦੀ ਹੈ ਏਹੋ ਜੇਹੀ ਹਰਕਤ — ਜਿਸਦਾ ਸਾਰੇ ਪੰਥ ਉਤੇ ਪ੍ਰਭਾਵ ਪੈਂਦਾ ਹੈ ਲੋਕੀ ਏਹ ਵੀ ਕਹਿਣੋਂ ਗੁਰੇਜ਼ ਨਹੀਂ ਕਰਦੇ — ਬੰਗਾਲ ਦੇ ਇਕ ਲਿਖਾਰੀ ਜਿਸ ਨੇ ਭਾਰਤ ਦਾ ਸੰਪੂਰਨ ਇਤਿਹਾਸ ਲਿਖਿਆ ਹੈ - ਓਸ ਨੇ ਜਦੋਂ ਸਿਖ ਇਤਿਹਾਸ ਦਾ ਜ਼ਿਕਰ ਕੀਤਾ ਤਾਂ ਏਹ ਵੀ ਲਿਖ ਦਿਤਾ — ਗੁਰੂ ਹਰੀ ਕ੍ਰਿਸ਼ਨ ਜੀ ਬਾਬਤ —

"ਜਿਸ ਗੁਰੂ ਨਾਨਕ ਦੀ ਗੱਦੀ ਉਤੇ ਪੰਜ ਸਾਲ ਦਾ ਬੱਚਾ ਵਿਰਾਜਮਾਨ ਹੋਵੇ, ਓਥੇ ਅਧਿਆਤਮਵਾਦ ਕਿਥੇ ਰਹਿ ਗਿਆ।"

ਮੈਂ ਇਕ ਗੱਲ ਲਿਖਣੀ ਭੁੱਲ ਹੀ ਗਿਆ ਸਾਂ - ਏਹ ਸਾਰੇ ਵਿਚਾਰਕ ਅੰਗੂਠਾ ਛਾਪ ਹੀ ਸਨ।

ਹੁਣ ਮੈਂ, ਸੰਤ ਹਜ਼ਾਰਾ ਸਿੰਘ ਜੀ ਦੀ ਜ਼ੁਬਾਨੀ ਵਾਰਤਾ ਨੂੰ ਅਗੇ ਤੋਰਦਾ ਹਾਂ

ਸਿੰਘਾਂ ਵਿਚ ਦੋ ਕਾਰਜ—

ਸਿੰਘਾਂ ਵਿਚ ਦੋ ਕਾਰਜ ਸਨ—

ਗੁਰਿਆਈ ਦੇ ਮਸਲੇ ਉਤੇ ਦੋ ਧੜੇ ਅੰਦਰੋਂ ਅੰਦਰੀ ਪੂਰੀ ਤਰਾਂ ਸਰਗਰਮ ਹੋ ਗਏ ਸਨ। ਕੁਝ ਆਦਮੀ ਨਾਬਾਲਗ ਠਾਕਰਾਂ ਨੂੰ ਗੱਦੀ ਉਤੇ ਬਠੌਣਾਂ ਚਾਹੁੰਦੇ ਸਨ। ਆਮ ਸੰਗਤ ਹਲੋਂ ਹੱਕ ਨਬੇੜਨ ਤੇ ਤੁਲ ਗਈ ਸੀ। ਕਸ਼ਮਕਸ ਪੂਰਾ ਜ਼ੋਰ ਫੜਦੀ ਜਾ ਰਹੀ ਸੀ। ਅਤੇ ਦੋਹਾਂ ਧੜਿਆਂ ਦੀ ਟੱਕਰ ਯਕੀਨੀ ਬਣ ਚੁਕੀ ਸੀ। ਹਾਂ, ਪਰ ਸਿਆਣੇ ਆਦਮੀਆਂ ਦੀ ਵੀ ਪੰਥ ਵਿਚ ਘਾਟ ਨਹੀਂ ਸੀ। ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ ਦੀ ਦਿਲੀ ਇੱਛਾ ਸੀ —

ਜਿਸ ਕੀ ਵਸਤੁ ਤਿਸੁ ਆਗੈ ਰਾਖੈ।।

ਸੂਬਾ ਵਰਿਆਮ ਸਿੰਘ ਮਾਲ ਵਾਲਾ, ਸੰਤ ਪ੍ਰੀਤਮ ਸਿੰਘ ਪੱਦੀ , ਕੁੰਦਨ ਸਿੰਘ ਭਰੌਤਾ, ਭਾਈ ਵਜ਼ੀਰ ਸਿੰਘ, ਰਤਨ ਸਿੰਘ ਆਦਿ ਚਾਹੁੰਦੇ ਸਨ - ਗੁਰਿਆਈ ਠਾਕਰਾਂ ਨੂੰ ਮਿਲੇ। ਚਕ੍ਰਵਰਤੀ ਜੀ ਬਾਬਤ ਜਦੋਂ ਏਹ ਗੱਲ ਫੈਲ ਗਈ ਕਿ ਓਹ ਬੇਅੰਤ ਜੀ ਨੂੰ ਗੁਰ ਗੱਦੀ ਦੇ ਵਾਰਸ ਮੰਨਦੇ ਹੈਨ ਤਾਂ ਝਗੜਾ ਡਾਂਗ ਸੋਟੇ ਤਕ ਪਹੁੰਚ ਗਿਆ ਅਤੇ ਕੁੰਦਨ ਸਿੰਘ ਭਰੌਤੇ ਨੇ ਐਲਾਨ ਕਰ ਦਿਤਾ ਕਿ ਚਕ੍ਰਵਰਤੀ ਨੂੰ ਵੱਢ ਦੇਣਾ ਹੈ। ਭਰੌਤੇ ਕੋਲ ਬਰਛਾ ਸੀ। ਅਤੇ ਓਹ ਭੂਤਰੇ ਸਾਹਨ ਵਾਂਗ ਸੰਗਤ ਵਿਚ ਫਿਰ ਰਿਹਾ ਸੀ - ਹੱਥ ਵਿਚ ਏਸ ਦੇ ਬਰਛਾ ਸੀ ਤੇ ਕਹਿ ਰਿਹਾ ਸੀ - ਚਕ੍ਰਵਰਤੀ ਜਿਥੇ ਵੀ ਮਿਲ ਗਿਆ - ਬਰਛਾ ਓਸਦੇ ਢਿਡ ਵਿਚੋਂ ਪਾਰ ਕਰ ਦੇਣਾ ਹੈ।

ਕੁੰਦਨ ਸਿੰਘ ਭਰੌਤੇ ਦਾ ਏਹ ਐਲਾਨ ਸੁਣਕੇ -ਸੂਬਾ ਗੁਰਬਖਸ਼ ਸਿੰਘ ਜੀ ਚੱਕ ਵਾਲੇ ਸਾਵਧਾਨ ਹੋ ਗਏ ਸਨ। ਓਹਨਾਂ ਨਾਲ ਓਹਨਾਂ ਦਾ ਸਾਹਬਜ਼ਾਦਾ ਤੇ ਦੋ ਤਿੰਨ ਹੋਰ ਆਦਮੀ ਵੀ ਨਾਲ ਸਨ।

ਸੂਬਾ ਗੁਰਬਖਸ਼ ਸਿੰਘ ਜੀ ਅਤੇ ਭਗੌਤੇ ਦੀ ਛੇਤੀ ਹੀ ਸ਼ਾਹਰਾਹ ਉਤੇ ਟੱਕਰ ਹੋ ਗਈ। ਗੁਰਬਖਸ਼ ਸਿੰਘ ਜੀ ਕਿਹਾ —

ਭਗੌਤਿਆ! ਬਰਛਾ ਏਥੇ ਹੀ ਰਖ ਦੇਹ ਜੇ ਸੁਖ ਚਾਹੁੰਦਾ ਹੈ ਤਾਂ। ਜੇ ਤੈਨੂੰ ਮੇਲੇ ਵਿਚ ਮੁੜ ਭੌਂਦਾ ਵੇਖ ਲਿਆ ਤਾਂ ਆਹ! ਰਫਲ ਹੈ ਮੇਰੇ ਹੱਥ ਵਿਚ ਜਿਸ ਵਿਚ ੧੯ ਗੋਲੀਆਂ ਪੈਂਦੀਆਂ ਹਨ। ਮੇਲੇ ਵਿਚ ਤੇਰੀ ਛਾਂ ਵੀ ਨਹੀਂ ਦਿਸਣੀ ਚਾਹੀਦੀ।

ਸੂਬਾ ਜੀ ਨੇ ਏਹ ਵਾਰਨਿੰਗ ਏਨੇ ਜੋਸ਼ ਤੇ ਰੋਹ ਵਿਚ ਦਿਤੀ ਕਿ ਭਗੌਤਾ ਜੀ ਛਾਈਂ ਮਾਈਂ ਹੋ ਕੇ ਮੇਲੇ ਵਿਚ ਹੀ ਸਮਾ ਗਏ।

ਚਕ੍ਰਵਰਤੀ ਜੀ ਏਸ ਘਟਨਾ ਪਿਛੋਂ ਬਹੁਤ ਉਦਾਸ ਹੋ ਗਏ ਕਿ ਏਹ ਕੀ ਬਣ ਰਿਹਾ ਹੈ। ਕੀ ਏਹ ਖੇਡ ਏਸੇ ਤਰ੍ਹਾਂ ਹੀ ਖਿਡੇਗੀ?

ਮੈਂ ਕਿਹਾ – ਏਥੇ ਬੜੇ ਬੜੇ ਸਿਆਣੇ ਆਦਮੀ ਆ ਚੁੱਕੇ ਹੈਨ। ਆਪਾਂ ਓਹਨਾਂ ਨਾਲ ਗੱਲ ਕਰ ਲੈਂਦੇ ਹਾਂ। ਹਜ਼ਾਰਾ ਸਿੰਘ ਤੂੰ ਹੀ ਏਹ ਡਿਊਟੀ ਦੇਹ! ਅਤੇ ਸਰਕਰਦਾਹ ਆਦਮੀਆਂ ਤੋਂ ਪਤਾ ਕਰ, ਕੀ ਹੋਣਾ ਚਾਹੀਦਾ ਹੈ। ਚਕ੍ਰਵਰਤੀ ਜੀ ਕਿਹਾ —

ਭਾਈ ਸਾਹਿਬ! ਤੁਸੀਂ ਸਤਿਗੁਰੂ ਜੀ ਦੇ ਸਭ ਤੋਂ ਵਧ ਨਜ਼ਦੀਕ ਰਹੇ ਹੋ। ਤੁਸੀਂ ਦਸੋ ਏਹ ਕਾਰ ਕਿਵੇਂ ਭੁਗਤੌਣੀ ਹੈ?

ਹਜ਼ਾਰਾ ਸਿੰਘ! ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਨਾਂ ਹੀ ਮੈਨੂੰ ਕੁਝ ਸੁਝ ਔਂਦੀ ਹੈ। ਮੇਰੇ ਵਾਸਤੇ ਤਾਂ ਸਾਰਾ ਸੰਸਾਰ ਹੀ ਅੰਨ੍ਹੇਰਾ ਹੋ ਗਿਆ ਹੈ। ਮੈਂ ਕੀ ਦਸਣਾ ਹੈ? ਭਾਈ ਵਜ਼ੀਰ ਸਿੰਘ ਜੀ ਕਿਹਾ।

ਨਹੀਂ ਭਾਈ ਜੀ ਜ਼ਰੂਰ ਦੱਸੋ। ਜੋ ਤੁਹਾਡੀ ਇਛਾ ਹੈ ਦੱਸ ਦਿਓ। ਜੋ ਚਾਹੋਗੇ ਓਹੋ ਹੋਵੇਗਾ। ਅਜੇਹਾ ਨਾ ਹੋਵੇ ਕੋਈ ਸੰਘਰਸ਼ ਹੀ ਛਿੜ ਜਾਵੇ।

ਗੱਲ ਏਹ ਹੈ ਕਿ ਮੈ ਕੁਝ ਕਿਹਾ ਤਾਂ ਛੋਟੇ ਮਹਾਰਾਜ ਨਾਰਾਜ਼ ਹੋ ਜਾਣਗੇ। ਮੈਂ ਗੁਰਿਆਈ ਬਾਬਤ ਕੁਝ ਵੀ ਨਹੀਂ ਕਹਿਣਾ ਚਾਹੁੰਦਾ। ਏਨਾ ਕਹਿ ਕੇ ਭਾਈ ਵਜ਼ੀਰ ਸਿੰਘ ਜੀ ਗੱਲ ਮੁਕਾ ਦਿਤੀ।

ਮੈਂ ਤੇ ਚਕ੍ਰਵਰਤੀ ਜੀ, ਸਿਧੇ ਪੰਡਿਤ ਗੁਪਾਲ ਸਿੰਘ ਜੀ ਕੋਲ ਪਹੁੰਚੇ। ਅਤੇ ਓਹਨਾਂ ਨੂੰ ਪੁਛਿਆ —

ਪੰਡਿਤ ਜੀ! ਗੁਰਿਆਈ ਬਾਬਤ ਤੁਹਾਡਾ ਕੀ ਵਿਚਾਰ ਹੈ? ਚਕ੍ਰਵਰਤੀ ਜੀ ਪੁਛਿਆ।

ਮੈਂ ਤਾਂ ਚਾਹੁੰਦਾ ਹਾਂ ਹੁਣ ਆਪਾਂ ਕੁਝ ਨਾ ਕਰੀਏ। ਮੇਲੇ ਉਤੇ ਭੋਗ ਵਾਲੇ ਦਿਨ ਜਿਵੇਂ ਸੰਗਤ ਕਹੇਗੀ ਕਰ ਲਵਾਂਗੇ। ਪੰਡਿਤ ਗੋਪਾਲ ਸਿੰਘ ਜੀ ਦਾ ਉਤ੍ਰ ਸੀ।

ਚਕ੍ਰਵਰਤੀ ਜੀ ਕਿਹਾ – ਪੰਡਿਤ ਜੀ! ਗੁਰੂ ਸੰਗਤ ਕੋਲੋਂ ਪੁਛ ਕੇ ਨਹੀਂ ਬਣਦਾ! ਗੁਰੂ ਸੁਤੇ ਸਿੱਧ ਹੀ ਗੁਰੂ ਹੁੰਦਾ ਹੈ।

ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲੇ ਤੇ ਸੂਬਾ ਵਰਿਆਮ ਸਿੰਘ ਜੀ ਮਾਲ ਵਾਲੇ ਨੇ ਸਿੱਧਾ ਹੀ ਕਹਿ ਦਿਤਾ – ਸਤਿਗੁਰੂ ਜੀ ਠਾਕੁਰ ਦਲੀਪ ਸਿੰਘ ਜੀ ਨੂੰ ਹੀ ਪਿਆਰ ਕਰਦੇ ਸਨ, ਉਹਨਾਂ ਦੀ ਦਿਲੀ ਇਛਾ ਵੀ ਏਹੋ ਸੀ ਕਿ ਮੇਰੇ ਪਿਛੋਂ ਠਾਕਰ ਜੀ ਹੀ ਗੱਦੀ ਸੰਭਾਲਣ। ਏਸ ਵਾਸਤੇ ਗੱਦੀ ਉਤੇ ਠਾਕਰਾਂ ਦਾ ਹੀ ਹੱਕ ਹੈ।

ਚਕ੍ਰਵਰਤੀ ਜੀ ਨੇ ਕਿਹਾ –

ਜੇ ਓਹਨਾਂ ਦੇ ਦੋਵੇਂ ਲੜਕੇ ਯੋਗ ਨਾ ਹੋਣ ਫੇਰ ਤਾਂ ਠਾਕਰਾਂ ਦਾ ਹੱਕ ਬਣਦਾ ਹੈ ਅਤੇ ਜੇ ਓਹ ਪਹਿਲਾਂ ਹੀ ਹਰ ਤਰ੍ਹਾਂ ਨਾਲ ਯੋਗ ਹੈਨ ਤੇ ਸਿਆਣੇ ਵੀ ਹੈਨ ਫੇਰ ਠਾਕਰਾਂ

ਨੂੰ ਗੱਦੀ ਕਿਵੇਂ ਮਿਲ ਸਕਦੀ ਹੈ? ਜੋ ਅਜੇ ਪੰਜ ਸਾਲ ਦੇ ਨਾਬਾਲਗ ਬੱਚੇ ਹੈਨ।

ਸੂਬਾ ਗੁਰਬਖਸ਼ ਸਿੰਘ ਜੀ ਚੱਕ, ਸੰਤ ਇੰਦ੍ਰ ਸਿੰਘ ਜੀ ਚਕ੍ਰਵਰਤੀ, ਸ੍ਰ. ਹਾਕਮ ਸਿੰਘ ਜੀ ਕੱਕੜ, ਸੰਤ ਗੰਡਾ ਸਿੰਘ ਜੀ ਮਿਸਤ੍ਰੀ ਸੂਬਾ ਦਿੱਲੀ, ਸ੍ਰ. ਚੰਨਣ ਸਿੰਘ ਜੀ ਥਰਾਜ ਅਤੇ ਸੂਬਾ ਨਾਹਰ ਸਿੰਘ ਜੀ ਗੁਰੂ ਸਰ ਅਤੇ ਮੈਂ ਚੁਬਾਰੇ ਵਿਚ ਬੈਠੇ ਸੋਚ ਰਹੇ ਸਾਂ ਕਿ ਸਤਿਗੁਰਾਂ ਦੀ ਦੇਹ ਦਾ ਸਸਕਾਰ ਕਰਨ ਤੋਂ ਪਹਿਲਾਂ ਹੀ ਸਭ ਕੁਛ ਹੋ ਜਾਣਾ ਚਾਹੀਦਾ ਹੈ। ਸਤਿਗੁਰੂ ਜੀ ਦੇ ਸਤਾਹਰੀਏ ਤੱਕ ਕਿਸ ਨੂੰ ਮਥਾ ਟੇਕਾਂਗੇ? ਕੀ! ਓਦੋਂ ਤਕ ਕਈ ਹੋਰ ਉਮੈਦਵਾਰ ਤਾਂ ਮੈਦਾਨ ਵਿਚ ਨਹੀਂ ਆ ਖਲੋਣਗੇ ?

ਸਭ ਤੋਂ ਵੱਡੀ ਅੜੌਣੀ ਤਾਂ ਨਜ਼ਦੀਕੀ ਗਰੁਪ ਵਲੋਂ ਸੀ, ਜੋ ਠਾਕਰ ਜੀ ਨੂੰ ਗੱਦੀ ਤੇ ਬਠੌਣਾਂ ਚਾਹੁੰਦਾ ਸੀ ਤੇ ਓਹਨਾਂ ਦਾ ਸੰਗਤ ਦੇ ਬਹੁਤ ਸਾਰੇ ਹਿੱਸੇ ਉਤੇ ਅਸਰ ਵੀ ਸੀ। ਜੇ ਓਹਨਾਂ ਏਹ ਗੱਲ ਫੈਲਾ ਦਿਤੀ ਕਿ—

ਸਤਿਗੁਰੂ ਪ੍ਰਤਾਪ ਸਿੰਘ ਜੀ ਗੱਦੀ ਠਾਕਰਾਂ ਨੂੰ ਦੇ ਗਏ ਹੈਨ ਤਾਂ ਦੁਫੇੜ ਪੈ ਜਾਵੇਗੀ ਅਤੇ ਨਾਲ ਦੀ ਨਾਲ ਹੀ ਡਾਂਗ ਸੋਟੇ ਖੜਕ ਪੈਣਗੇ। ਕਿਉਂਕਿ ਸੂਝਵਾਨ ਵਿਦਵਾਨ ਤੇ ਹੰਢੇ ਵਰਤੇ ਆਦਮੀ ਕਦੇ ਵੀ ਓਹਨਾਂ ਦੀ ਏਹ ਗੱਲ ਨਹੀਂ ਮੰਨਣਗੇ।

ਮਹਾਰਾਜ ਨਿਹਾਲ ਸਿੰਘ ਜੀ ਨੂੰ ਜਦੋਂ ਪੁਛਿਆ ਗਿਆ ਤਾਂ ਉਹਨਾਂ ਨੇ ਸਾਫ ਕਹਿ ਦਿੱਤਾ — "ਗੁਰਿਆਈ ਦਾ ਹੱਕ ਵਡਿਆਂ ਦਾ ਹੈ ਤੇ ਓਹਨਾਂ ਨੂੰ ਹੀ ਮਿਲਣੀ ਚਾਹੀਦੀ ਹੈ। ਬਾਕੀ ਤਾਂ ਰਸਮ ਹੈ ਚਾਹੇ ਹੁਣ ਕਰ ਲਓ ਤੇ ਭਾਵੇਂ ਮੇਲੇ ਉਤੇ ਕਰ ਲਓ।"

ਮਹਾਰਾਜ ਜੰਗ ਸਿੰਘ ਜੀ ਤੋਂ ਜਦੋਂ ਪੁਛਿਆ ਗਿਆ ਤਾਂ ਓਹਨਾਂ ਕਿਹਾ, "ਬਾਬਾ ਜਗਜੀਤ ਸਿੰਘ ਜੀ ਦਾ ਹੀ ਹੱਕ ਹੈ। ਸਭ ਤੋਂ ਪਹਿਲਾਂ ਮੈਂ, ਪੱਗ ਉਤੇ ਪੰਜ ਰੁਪਏ ਰਖ ਕੇ ਮੱਥਾਂ ਟੇਕਾਂਗਾ।"

ਸੂਬਾ ਗੁਰਬਖਸ਼ ਸਿੰਘ ਜੀ ਨੂੰ ਤਾਂ ਸਿਰ ਤਕ ਖੁਸ਼ੀਆਂ ਚੜ੍ਹ ਗਈਆਂ। ਕਹਿਣ ਲਗੇ ਧੰਨ ਹੋ ਮਹਾਰਾਜ - ਤੁਸੀਂ ਧੰਨ ਹੋ!!

ਗੱਲ ਅਜੇ ਵੀ ਅਧੂਰੀ ਸੀ। ਕਿਉਂਕਿ ਸੰਗਤ ਦੀ ਤਲਵਾਰ ਤਾਂ ਸਿਰ ਉਤੇ ਲਟਕ ਰਹੀ ਸੀ। ਤੇ ਸੋਚਿਆ ਏਹ ਜਾ ਰਿਹਾ ਸੀ ਕਿ ਏਸ ਗਲ ਨੂੰ ਕਿਸ ਟਾਈਮ ਉਤੇ ਕਿਸ ਢੰਗ ਨਾਲ ਕਾਮਯਾਬ ਕਰੀਏ ਤਾਂ ਕਿ ਕੋਈ ਬੋਲਣ ਵਾਲਾ ਰਹੇ ਹੀ ਨਾ। ਸਭ ਕੁਝ ਚੁਪ ਚਾਪ ਤੇ ਸ਼ਾਂਤੀ ਨਾਲ ਸੰਪੰਨ ਹੋ ਜਾਵੇ — ਏਹੋ ਸਾਡੀ ਇੱਛਾ ਹੈ।

ਗੱਲ ਕਿਸੇ ਤੱਣ ਪੱਤਣ ਨਾ ਲਗਦੀ ਵੇਖ, ਚਕ੍ਰਵਰਤੀ ਜੀ ਸੋਚੀਂ ਪੈ ਗਏ। ਅਚਾਨਕ ਮੈਨੂੰ ਉਕਤ ਫੁਰੀ — "ਮੈਂ ਕਿਹਾ — ਸੰਤ ਜੀ! ਮੈਂ ਦੱਸਾਂ! ਤੁਸੀਂ ਹੁਣ ਬਿਲਕੁਲ ਖਾਮੋਸ਼ ਹੋ ਜਾਓ। ਅਤੇ ਏਸ ਗਲ ਦਾ ਭੋਗ ਹੀ ਨਾ ਪਾਓ। ਜਿੰਨ੍ਹਾਂ ਦੀ ਹਾਂ ਦੀ ਜ਼ਰੂਰਤ ਸੀ, ਓਹ ਹੋ ਚੁੱਕੀ ਹੈ। ਜਦੋਂ ਸਰੀਰ ਚਿਖਾ ਉਤੇ ਰੱਖ ਦਿਤਾ - ਤੁਸੀਂ ਇਕ ਦਮ ਅਰਦਾਸ ਸ਼ੁਰੂ ਕਰ ਦੇਣੀ। ਅਰਦਾਸ ਤੁਸੀਂ ਆਪ ਕਰਨੀ। ਕਿਸੇ ਨੂੰ ਮੌਕਾ ਨਹੀਂ ਦੇਣਾ ਅਰਦਾਸ ਦਾ। ਓਸੇ ਵੇਲੇ ਸਾਰੀ ਸੰਗਤ ਨੂੰ ਸੁਣਾ ਕੇ ਉਚੀ ਆਵਾਜ਼ ਵਿਚ ਬਾਬਾ ਜਗਜੀਤ ਸਿੰਘ ਜੀ ਦਾ ਗੁਰੂ ਰੂਪ ਵਿਚ ਨਾਮ ਲੈ ਦੇਣਾ। ਜੋ ਗੁਰਗੱਦੀ ਦੇ ਹਕੀਕੀ ਵਾਰਸ ਹੈਨ। ਅਤੇ ਸਹੀ ਅਰਥਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪਿਛੋਂ ਨਾਮਧਾਰੀ ਪੰਥ ਦੇ ਸਤਿਗੁਰੂ ਹੈਨ। ਨਾਨਕ ਨਾਮ ਚੜ੍ਹਦੀ ਕਲਾ ਦੇ ਨਾਲ ਹੀ ਸੰਗਤ ਦੇ ਸਾਰੇ ਸੰਸੇ ਸ਼ੰਕੇ ਮੁੱਕ ਜਾਣਗੇ ਅਤੇ ਨਾਲ ਦੀ ਨਾਲ ਹੀ ਗੁਰੂ ਰੂਪ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਮਸਕਾਰ ਕਰ ਦੇਣੀ। ਅਸੀਂ ਸਾਰੇ ਹੀ ਤੁਹਾਡੇ ਪਿਛੇ ਖਲੋਤੇ ਹੋਵਾਂਗੇ ਅਤੇ ਜੈਕਾਰਾ ਛਡ ਕੇ ਸਾਰੇ ਹੀ

ਸਤਿਗੁਰੂ ਜੀ ਨੂੰ ਨਮਸਕਾਰ ਕਰ ਦਿਆਂਗੇ।"

ਬੱਲੇ! ਹਜ਼ਾਰਾ ਸਿਆਂ! ਅਜ ਤੂੰ ਲੱਖ ਰੁਪਏ ਦੀ ਗੱਲ ਕਰ ਦਿੱਤੀ ਹੈ। ਏਸ ਸੁਝਾਅ ਦਾ ਮੁੱਲ ਹੀ ਕੋਈ ਨਹੀਂ। ਨੌ ਨਿਧਾਂ ਤੇ ਬਾਰਾਂ ਸਿਧਾਂ। ਸਾਰੀ ਗੱਲ ਮੇਰੀ ਸਮਝ ਵਿਚ ਆ ਗਈ ਹੈ।

ਸਸਕਾਰ

ਰਤਨ ਸਿੰਘ, ਵਰਿਆਮ ਸਿੰਘ, ਸੰਤ ਪ੍ਰੀਤਮ ਸਿੰਘ ਪੱਦੀ ਆਦਿ ਸੱਜਣ ਕਾਹਲੇ ਪੈ ਰਹੇ ਸਨ। ਛੇਤੀ ਤੋਂ ਛੇਤੀ ਸਸਕਾਰ ਕਰਨ ਵਾਸਤੇ। ਬਾਕੀ ਸੰਗਤ ਅਤੇ ਸਾਡੀ ਇੱਛਾ ਸੀ, ਏਹ ਦਰਸ਼ਨ ਫੇਰ ਨਹੀਂ ਹੋਣੇ। ਸਸਕਾਰ ਜਿੰਨਾਂ ਹੋ ਸਕੇ ਲੇਟ ਕੀਤਾ ਜਾਣਾ ਚਾਹੀਦਾ ਹੈ। ਨਹੀਂ ਤਾਂ ਔਣ ਵਾਲੀ ਸੰਗਤ ਦਾ ਉਲਾਂਭਾ ਸਾਡੇ ਸਿਰ ਤੇ ਰਹੇਗਾ।

ਚਕਰਵਰਤੀ ਜੀ ਕਿਹਾ - ਮੈਂ ਤਾਂ ਸਸਕਾਰ ਅਜੇ ਇਕ ਦਿਨ ਹੋਰ ਲੇਟ ਕਰਨ ਦੇ ਹੱਕ ਵਿਚ ਹਾਂ। ਤਾ ਕਿ ਬੰਬਈ, ਕਲਕਤਾ ਤੇ ਥਾਈਲੈਂਡ ਤੋਂ ਵੀ ਸਾਧ ਸੰਗਤ ਆ ਜਾਵੇ, ਨਹੀਂ ਅਜ ਤਾਂ ਦਿਨ ਛਿਪਾਵਾਂਗੇ ਹੀ। ਓਧਰੋਂ ਸੁਨੇਹੇ ਤੇ ਸੁਨੇਹਾ ਆ ਰਿਹਾ ਸੀ। ਸਸਕਾਰ ਛੇਤੀ ਕਰੋ। ਦੇਰ ਹੋ ਰਹੀ ਹੈ।

ਸੰਤਾਂ ਕਿਹਾ ਚੰਗਾ! ਜਲੂਸ ਦੀ ਤਿਆਰੀ ਕਰੋ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਦਰ ਵਿਚ ਨਮਸਕਾਰ ਕਰਕੇ ਸਸਕਾਰ ਹੋਵੇਗਾ।

ਠੀਕ ਇਕ ਵਜੇ ਦਿਨ ਦੇ ਸੰਗਤ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਿਬਾਨ ਉਠਾਇਆ। ਹਜ਼ਾਰਾਂ ਨਰ ਨਾਰੀ ਪਿਛੇ ਹੋ ਲਏ। ਦੀਵਾਨ ਸਜ ਗਏ। ਗਲਾਂ ਵਿਚ ਢੋਲਕੀਆਂ ਅਤੇ ਹੱਥਾਂ ਵਿਚ ਛੈਣੇ ਲੈ ਕੇ ਜਥੇਦਾਰ - ਜਲੂਸ ਦੇ ਅੱਗੇ ਹੋ ਤੁਰੇ।

ਚਕ੍ਰਵਰਤੀ ਜੀ! ਵੈਰਾਗੀ ਹੋਏ ਪੜ੍ਹੀ ਜਾ ਰਹੇ ਸਨ —

ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ॥
ਧ੍ਰਿਗ ਜੀਵਣ ਸੰਸਾਰਿ ਤਾਕੈ ਪਾਛੈ ਜੀਵਣਾ॥

ਸ਼ਹੀਦੀ ਬੁੰਗੇ - ਮਾਤਾ ਭੂਪਿੰਦਰ ਕੌਰ ਜੀ ਦਾ ਜਿਥੇ ਸਸਕਾਰ ਕੀਤਾ ਗਿਆ ਸੀ — ਓਸ ਤੋਂ ਥੋਹੜੀ ਵਿਥ ਉਤੇ ਓਸੇ ਹੀ ਸੇਧ ਵਿਚ ਚੰਦਨ ਦੀ ਚਿਖਾ ਤਿਆਰ ਕੀਤੀ ਗਈ ਸੀ। ਇਹ ਥਾਂ ਸਤਿਗੁਰੂ ਜਗਜੀਤ ਜੀ ਨੇ ਨੀਯਤ ਕੀਤੀ ਸੀ। ਤੇ ਚਿਤਾ ਤਿਆਰ ਕਰਨ ਦੀ ਆਗਿਆ ਕੀਤੀ ਜੋ ਸ੍ਰੀ ਸਤਿਗੁਰੂ ਜੀ ਦੀ ਦੇਹ ਦਾ ਇੰਤਜ਼ਾਰ ਕਰ ਰਹੀ ਸੀ। ਜਲੂਸ ਦੀ ਵਾਪਸੀ ਉਤੇ ਸ਼ਾਮ ਦੇ ਛੇ ਵਜ ਚੁੱਕੇ ਸਨ। ਭਾਦ੍ਰੋਂ ਦੇ ਦਿਨਾਂ ਵਿਚ ਅਜੇ ਸੂਰਜ ਧਰਤੀ ਤੋਂ ਕਾਫ਼ੀ ਉਚਾ ਹੁੰਦਾ ਹੈ। ਸਤਿਗੁਰੂ ਜੀ ਦੀ ਦੇਹ ਨੂੰ ਸੰਭਾਲ ਕੇ ਚਿੱਟੇ ਬਸਤਰਾਂ ਵਿਚ ਸਜਾ ਕੇ ਚਿਖਾ ਉਤੇ ਰਖ ਦਿਤਾ ਗਿਆ। ਹੁਣ ਏਹ ਖੇਡ ਕੇਵਲ ਮਿੰਟਾਂ ਸਕਿੰਟਾਂ ਦੀ ਹੀ ਸੀ।

ਜੋਤੀ ਜੋਤ ਸਮਾਹਿ ਜੋਤ ਰਲ ਜਾਵਹਿੰਗੇ॥

ਪਰ ਸੰਗਤ ਅਜੇ ਦੇਹ ਤੋਂ ਵਿਛੜਨਾ ਨਹੀਂ ਸੀ ਚਾਹੁੰਦੀ। ਪਰ ਕਾਹਲੀ ਪਏ ਕੁਝ ਸਰੀਰ ਹੋਰ ਦੇਰ ਨਹੀਂ ਸੀ ਕਰਨਾ ਚਾਹੁੰਦੇ। ਚਕ੍ਰਵਰਤੀ ਜੀ ਆਦਰਸ਼ ਦੀ ਪੂਰਤੀ ਅਤੇ ਸਸਕਾਰ ਦੀ ਆਖਰੀ ਰਸਮ ਅਦਾ ਕਰਨ ਵਾਸਤੇ ਤਿਆਰ ਬਰ ਤਿਆਰ ਹੋ ਕੇ ਖਲੋ ਗਏ ਸਨ। ਅਰਦਾਸ ਸ਼ੁਰੂ ਹੋਈ —

ਪ੍ਰਿਥਮ ਭਗੌਤੀ ਸਿਮਰਿ ਕੈ - ਗੁਰੂ ਨਾਨਕ ਲਈ ਧਿਆਇ॥

ਫਿਰਿ ਅੰਗਦ ਗੁਰ ਤੇ ਅਮਰ ਦਾਸ ਰਾਮਦਾਸੈ ਹੋਈ ਸਹਾਇ।।
ਅਰਜਨ ਹਰਿ ਗੋਬਿੰਦ ਨੂੰ ਸਿਮਰੋ ਸ੍ਰੀ ਹਰਿ ਰਾਇ।। ਸ੍ਰੀ ਹਰਿ ਕ੍ਰਿਸ਼ਨ ਧਿਆਈਐ
ਤੇਗ ਬਹਾਦਰ ਸਿਮਰੀਐ ਘਰ ਨਉ ਨਿਧਿ ਆਵੈ ਧਾਇ।। ਜਿਸ ਡਿਠੇ ਸਭ ਦੁਖ ਜਾਏ,
ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ।
ਗੁਰੂ ਬਾਲਕ ਸਿੰਘ ਜੀ ਸਿਮਰੀਐ ਜਿਨ ਮਾਰਗ ਦੀਆ ਬਤਾਇ।।
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਨ ਦੁਨੀ ਦੇ ਵਾਲੀ ਅੰਤਰਯਾਮੀ
ਅਕਾਲ ਪੁਰਖ ਜੀ ਸਿਮਰੀਐ ਜਿਨ ਜਮ ਤੇ ਲੀਆ ਛਡਾਇ।।
ਸ੍ਰੀ ਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ੍ਹਾਂ ਟੁੱਟੀ ਲਈ ਮਿਲਾਇ।।
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਭ ਥਾਈਂ ਹੋਹੁ ਸਹਾਇ।।
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਿਮਰੀਐ
ਜਿਨ੍ਹਾਂ ਦੇ ਦਰਸ਼ਨ ਕੀਤਿਆਂ ਜਨਮ ਮਰਨ ਦੁਖ ਜਾਇ।।

ਇਕ ਪਾਸੇ ਪ੍ਰਤਾਪ ਜਲ ਰਿਹਾ ਹੈ — ਦੂਸਰੇ ਪਾਸੇ ਉਹਨਾਂ ਦੀ ਹੀ ਪਾਵਨ ਜੋਤ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦੂਸਰਾ ਸ੍ਵਰੂਪ - "ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਹਾਜ਼ਰ ਨਾਜ਼ਰ ਸਾਡੇ ਸਾਹਮਣੇ ਖਲੋਤੇ ਹੈਨ।" ਅੱਜ ਤੋਂ ਪੰਥ ਨਾਮਧਾਰੀ ਦੀ ਵਾਗਡੋਰ ਏਹੋ ਸੰਭਾਲਣਗੇ ਜੋ ਸਾਡੇ ਸਤਿਗੁਰੂ ਤੇ ਸਿਰਕਰਤਾ ਹੈਨ। ਓਧਰ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਛੁਟਿਆ। ਤੇ ਦੂਸਰੇ ਪਾਸੇ ਠਾਕਰ ਦਲੀਪ ਸਿੰਘ ਨੇ ਚਿਖਾ ਦੀ ਪ੍ਰਕਰਮਾਂ ਲੈਂਦਿਆਂ ਹੋਇਆਂ ਅਗਨੀ ਸੁਲਘਾ ਦਿਤੀ।

ਸਤਿਗੁਰੂ ਜੀ ਦੇ ਸਾਹਮਣੇ ਹੋਣ ਦੀਆਂ ਸੰਗਤਾਂ ਵਿਚ ਖੁਸ਼ੀਆਂ ਵਿਆਪ ਗਈਆਂ ਤੇ ਸਭ ਪਾਸਿਆਂ ਤੋਂ ਇਕ ਦੂਸਰੇ ਨੂੰ ਏਸੇ ਖ਼ੁਸ਼ੀ ਦੀਆਂ ਵਧਾਈਆਂ ਮਿਲਣੀਆਂ ਸ਼ੁਰੂ ਹੋ ਗਈਆਂ।

ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ।।

ਇਕ ਤਾਂ ਸਤਿਗੁਰੂ ਜੀ ਦੇ ਚੜ੍ਹਾਈ ਕਰ ਜਾਣ ਤੋਂ ਚੌਦਾਂ ਘੰਟੇ ਪਿਛੋਂ ਮੈਨੂੰ ਖਬਰ ਮਿਲੀ। ਅਤੇ ਦੂਸਰੇ ਮੈਂ ਭੈਣੀ ਸਾਹਿਬ ਤੋਂ ਏਨੀ ਦੂਰ ਸਾਂ (ਗੁਰੂ ਸਰ-ਮੇਰਾ ਪਿੰਡ ਪਾਕਿਸਤਾਨ ਬਾਡਰ ਦੇ ਅਸਲੋਂ ਨੇੜੇ ਪੈਂਦਾ ਹੈ) ਕਿ ਓਹਨਾਂ ਦਿਨਾਂ ਵਿਚ ਨਾ ਬਸ ਸਰਵਿਸ, ਨਾ ਕਾਰਾਂ, ਜੀਪਾਂ ਸਾਡੇ ਇਲਾਕੇ ਵਿਚ। ਨਾ ਹੀ ਲੋਕਲ ਸੜਕਾਂ। ਪਿੰਡ ਤੋਂ ਚਾਰ ਕੋਹ ਦੂਰ ਰੇਲਵੇ ਸਟੇਸ਼ਨ। ਸਿਰਫ ਇਕ ਗੱਡੀ ਦਾ ਹੀ ਸਾਧਨ ਸੀ ਸਫਰ ਕਰਨ ਦਾ, ਜੋ ਰਾਤ ਧੂਰੀ ਜੰਕਸ਼ਨ ਉਤੇ ਰਹਿ ਪੈਂਦੀ ਸੀ ਤੇ ਅਗਲੀ ਸੁਭਾ ਹੀ ਲੁਧਿਆਣੇ ਨੂੰ ਦੂਸਰੀ ਗਡੀ ਚਲਦੀ ਸੀ। ਏਸ ਤਰਾਂ ਮੈਂ ਦੂਸਰੇ ਦਿਨ ਹੀ ਭੈਣੀ ਸਾਹਿਬ ਪਹੁੰਚਿਆ ਸਾਂ।

ਸਸਕਾਰ ਹੋ ਰਿਹਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੰਗੀਠੇ ਕੋਲ ਬੈਠੇ ਕੀਰਤਨ ਸੁਣ ਰਹੇ ਸਨ। ਮੈਂ ਜਦੋਂ ਨਮਸਕਾਰ ਕੀਤੀ - ਸਤਿਗੁਰੂ ਜੀ ਕਹਿਣ ਲਗੇ -

ਰਜਿੰਦ੍ਰ ਏਨਾ ਲੇਟ!

ਸਤਿਗੁਰੂ ਜੀ ਦੇ ਆਖਰੀ ਦਰਸ਼ਨ ਵੀ ਨਹੀਂ ਤੂੰ ਕਰ ਸਕਿਆ। ਬੜਾ ਵੱਡਾ ਪ੍ਰੋਗ੍ਰਾਮ ਸੀ।

ਮੈਂ ਕਿਹਾ - ਪਾਤਿਸ਼ਾਹ! ਤੁਸੀਂ ਸਾਨੂੰ ਸੁਟਿਆ ਹੀ ਏਨੀ ਦੂਰ ਹੈ ਜਿਥੋਂ ਔਣ ਜਾਣ ਦਾ ਕੋਈ ਵੀ ਸਾਧਨ ਨਹੀਂ। ਸਿੱਧਾ ਪਾਕਿਸਤਾਨ ਦੇ ਬਾਡਰ ਉਤੇ।

ਕਿਉਂ ਸਾਧਨ ਕਿਉਂ ਨਹੀਂ? ਸਾਰੀ ਰਾਤ ਸੁੱਚਾ ਸਿੰਘ ਤੇ ਗੁਰਦੇਵ ਸਿੰਘ ਲੁਧਿਆਣੇ ਜਾ ਕੇ ਤਾਰਾਂ ਦਿੰਦੇ ਤੇ ਟੈਲੀਫੋਨ ਕਰਦੇ ਰਹੇ ਹੈਨ? ਕਿਸੇ ਵੀ ਸਰਕਰਦਾ ਆਦਮੀ ਨੂੰ ਬਿਨਾਂ ਇਤਲਾਹ ਨਹੀਂ ਰਹਿਣ ਦਿਤਾ ਅਤੇ ਤੈਨੂੰ ਵੀ ਟੈਲੀਗ੍ਰਾਮ ਦਿਤੀ ਸੀ ਰਾਤੀਂ, ਸਤਿਗੁਰੂ ਜੀ ਕਿਹਾ —

ਪਾਤਿਸ਼ਾਹ! ਓਹ ਤਾਂ ਮੈਨੂੰ ਹੁਣ ਮਿਲੇਗੀ, ਜਦੋਂ ਵਾਪਸ ਘਰ ਜਾਵਾਂਗਾ। ਦੁਪੈਹਰੇ ਡੇਢ ਵਜੇ ਦੇ ਪ੍ਰਸਾਰਣ ਵਿਚ ਰੇਡੀਓ ਜਲੰਧਰ ਨੇ ਖਬਰ ਦਿਤੀ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੁਰਗਵਾਸ ਹੋ ਗਏ ਹਨ। ਏਸ ਤਰ੍ਹਾਂ ਪਹਿਲੀ ਖਬਰ, ਜਦੋਂ ਮੈਂ ਸੁਣੀ ਤਾਂ ਹੈਰਾਨ ਰਹਿ ਗਿਆ। ਯਕੀਨ ਨਾ ਆਵੇ ਕਿ ਏਹ ਭਾਣਾ ਅਚਾਨਕ ਕਿਵੇਂ ਵਰਤ ਗਿਆ। ਕਈ ਹੋਰਨਾਂ ਤੋਂ ਪੁਛਿਆ ਜਿੰਨ੍ਹਾਂ ਕੋਲ ਰੇਡੀਓ ਸਨ। ਫੇਰ ਯਕੀਨ ਕਰਨਾ ਹੀ ਪਿਆ।

ਓਸ ਤਰ੍ਹਾਂ ਮੇਰੇ ਪਿਤਾ ਸੂਬਾ ਨਾਹਰ ਸਿੰਘ ਜੀ ਸਤਿਗੁਰੂ ਦੀ ਖਬਰ ਸਾਰ ਲੈਣ ਵਾਸਤੇ ਕਈ ਦਿਨ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਪਹੁੰਚ ਗਏ ਸਨ।

ਸ੍ਰ: ਰਾਜਾ ਸਿੰਘ ਜੀ

ਮੈਨੂੰ ਦੋਹਾਂ ਭਰਾਵਾਂ — ਸਤਿਗੁਰੂ ਜਗਜੀਤ ਸਿੰਘ ਜੀ ਤੇ ਮਹਾਰਾਜ ਬੀਰ ਸਿੰਘ ਜੀ ਨੇ ਕਿਹਾ "ਹਜ਼ਾਰਾ ਸਿਆਂ ਤੂੰ ਮੇਲੇ ਦੇ ਭੋਗ ਪੈਣ ਤਕ ਏਥੇ ਹੀ ਰਹਿਣਾ ਹੈ।" ਮੈਨੂੰ ਸਖ਼ਤ ਕੰਮ ਸੀ ਜਿਸ ਵਾਸਤੇ ਮੈਂ ਦੋ ਦਿਨ ਦੀ ਛੁਟੀ ਲੈ ਕੇ ਵਾਪਸ ਦਿੱਲੀ ਜਾਣਾ ਚਾਹੁੰਦਾ ਸਾਂ।

ਸਤਿਗੁਰੂ ਜੀ ਕਿਹਾ– ਪੰਡਾਲ ਦਾ ਕੰਮ ਕੌਣ ਸਾਂਭੇਗਾ?

ਮੈਂ ਕਿਹਾ– ਪਾਤਿਸ਼ਾਹ! ਮੈਂ ਔਂਦਾ ਹੋਇਆ ਸ੍ਰ: ਰਾਜਾ ਸਿੰਘ ਜੀ ਨੂੰ ਨਾਲ ਲੈ ਕੇ ਆਵਾਂਗਾ। ਅਸੀਂ ਜੀਪ ਉਤੇ ਲੁਧਿਆਣੇ ਜਾ ਰਹੇ ਸਾਂ, ਮੈਨੂੰ ਰੜਕੌਂਦਿਆਂ ਹੋਇਆਂ ਸੰਤ ਪ੍ਰੀਤਮ ਸਿੰਘ ਪੱਦੀ ਵਾਲਿਆਂ ਕਿਹਾ, "ਹੁਣ ਕੀ ਕਰ ਲਿਆ ਜੇ। ਲਾ ਲਿਆ ਹੈ ਨਾ ਆਪਦਾ ਜ਼ੋਰ"।

ਵਰਿਆਮ ਸਿੰਘ ਜੀ ਮਾਲਵਾਲਾ (ਜਮਸ਼ੇਰ) ਜੋ ਨਾਲ ਹੀ ਸੀਟ ਤੇ ਬੈਠੇ ਹੋਏ ਸਨ – ਕਿਹਾ "ਪ੍ਰੀਤਮ ਸਿੰਘ ਤੂੰ ਮੂਰਖ ਹੈਂ। ਏਹਨਾ ਹੋਰ ਕੀ ਕਰਨਾ ਸੀ? ਜੋ ਚਾਹੁੰਦੇ ਸੀ ਸੋ ਕਰ ਲਿਆ। ਬਾਕੀ ਕੀ ਰਹਿ ਗਿਆ ਹੈ ਕਰਨ ਵਾਲਾ?"

ਏਸ ਤਰ੍ਹਾਂ ਕੁਝ ਸਰੀਰ ਅਜੇ ਵੀ ਵਿਚੋ ਵਿਚ ਵਿਹੁ ਘੋਲ ਰਹੇ ਸਨ ਤੇ ਹਾਰ ਵੀ ਮੰਨ ਬੈਠੇ ਸਨ।

ਦਿੱਲੀਓਂ ਵਾਪਸੀ ਉਤੇ, ਮੈਂ ਤੇ ਸ੍ਰ: ਰਾਜਾ ਸਿੰਘ ਜੀ ਜਦੋਂ ਲੁਧਿਆਣੇ ਉਤਰੇ ਸ੍ਰ: ਰਾਜਾ ਸਿੰਘ ਜੀ ਕਿਹਾ ਹੁਣੇ ਭੈਣੀ ਸਾਹਿਬ ਜਾ ਕੇ ਕੀ ਕਰਾਂਗੇ, ਆਪਾਂ ਲੁਧਿਆਣੇ ਤੋਂ ਹੀ ਪਤਾ ਕਰ ਲਈਏ, ਏਥੋਂ ਸਾਨੂੰ ਕੀ ਮਿਲ ਸਕਦਾ ਹੈ।

ਜਦੋਂ ਅਸੀਂ ਟੈਂਟ ਹਾਊਸ ਵਾਲਿਆਂ ਨਾਲ ਗੱਲ ਕੀਤੀ – ਓਹ ਤਾਂ ਹਿਮਾਲਾ ਦੀ ਟੀਸੀ ਉਤੇ ਚੜ੍ਹੇ ਬੈਠੇ ਸਨ। ਓਹਨਾਂ ਪੂਲ ਕਰ ਲਿਆ ਸੀ। ਐਤਕੀਂ ਅਸੀਂ ਭੈਣੀ ਸਾਹਿਬ ਵਾਲਿਆਂ ਤੋਂ ਰੱਜ ਕੇ ਕਮਾਈ ਕਰਨੀ ਹੈ ਅਤੇ ਆਪਣੇ ਸਾਰੇ ਘਾਟੇ ਏਹਨਾਂ ਦੇ ਮੇਲੇ ਤੋਂ ਹੀ ਪੂਰੇ ਕਰਨੇ ਹੈਨ। ਅਤੇ ਸਾਥੋਂ ਚਾਰ ਗੁਣਾ ਕਿਰਾਯਾ ਮੰਗਿਆ।

ਟੈਂਟ ਵਾਲਿਆਂ ਵਿਚੋਂ, ਇਕ ਆਦਮੀ, ਜੋ ਸਰਦਾਰ ਰਾਜਾ ਸਿੰਘ ਜੀ ਨੂੰ ਪਹਿਲਾਂ ਤੋਂ ਹੀ ਜਾਣਦੇ ਸੀ, ਨਾਲ ਦਿਆਂ ਨੂੰ ਕਹਿਣ ਲਗਾ ,"ਏਹ ਉਹ ਆਦਮੀ ਹੈ ਜੋ ਸਾਰੇ

ਲੁਧਿਆਣੇ ਨੂੰ ਛੱਡ ਸਕਦਾ ਹੈ ! "

ਸਾਰਿਆਂ ਨੇ ਮੂੰਹ ਵਿਚ ਉਂਗਲਾਂ ਦੇ ਲਈਆਂ ਤੇ ਹੈਰਾਨ ਰਹਿ ਗਏ। ਓਹਨਾਂ ਕੰਨ ਢਿੱਲੇ ਕਰ ਦਿੱਤੇ। ਸਾਨੂੰ ਕਹਿਣ ਲਗੇ – "ਅਸੀਂ ਆਪ ਜੀ ਨੂੰ ਕੋਈ ਭਾ ਨਹੀਂ ਦਸਾਂਗੇ। ਜੋ ਮੁਨਾਸਬ ਸਮਝੋ ਦੇ ਦੇਣਾ। ਜੋ ਚਾਹੋਗੇ ਸਭ ਕੁਝ ਸਾਥੋਂ ਮਿਲ ਜਾਵੇਗਾ। ਤੰਬੂ ਕਨਾਤਾਂ ਸ਼ਾਮਿਆਨੇ ਤਮੋਟੀਆਂ ਸਭੋ ਕੁਝ।"

ਏਸ ਤਰਾਂ ਸਾਡਾ ਸਭ ਤੋਂ ਵੱਡਾ ਮਸਲਾ ਹੱਲ ਹੋ ਗਿਆ।

ਸ੍ਰ: ਰਾਜਾ ਸਿੰਘ ਦਾ ਚਰਿਤ੍ਰ

ਨਾਮਧਾਰੀ ਪੰਥ ਲਈ ਸ੍ਰ. ਰਾਜਾ ਸਿੰਘ ਜੀ ਦੀ ਕੁਰਬਾਨੀ ਲਾਸਾਨੀ ਹੈ। ਜਿਥੇ ਵੀ ਲੋੜ ਪਈ – ਦਿੱਲੀ, ਭੈਣੀ ਸਾਹਿਬ, ਅਧ ਕੁੰਭੀ ਤੇ ਕੁੰਭ ਹਰਿਦੁਆਰ – ਅਨੰਦ ਪੁਰ ਸਾਹਿਬ, ਅੰਮ੍ਰਿਤਸਰ – ਸਭੰ ਥਾਈਂ, ਬਿਨਾਂ ਪੈਸਾ ਲਏ ਆਪਣੀ ਲੇਬਰ ਸਮੇਤ ਨਿਸ਼ਕਾਮ ਸੇਵਾ ਕੀਤੀ। ਸ਼ਾਮਿਆਨੇ ਤੰਬੂ ਤਮੋਟੀਆਂ ਕਨਾਤਾਂ ਸਭ ਨਾਮਧਾਰੀ ਟੈਂਟ ਹਾਊਸ ਦਿਲੀ ਤੋਂ ਲੈ ਕੇ ਆਂਦੇ ਤੇ ਲੈ ਵੀ ਜਾਂਦੇ, ਜੋ ਏਹਨਾਂ ਦਾ ਆਪਣਾ ਟੈਂਟ ਹਾਊਸ ਹੈ।

ਦਿੱਲੀ ਦੇ ਹੋਲੇ ਮਹੱਲੇ ਅਤੇ ਮੇਲਿਆਂ ਉਤੇ, ਸਮੇਤ ਭਾਂਡਿਆਂ ਦੇ ਤਿੰਨੇ ਪੁਤ੍ਰ – ਸ੍ਰ: ਧਰਮ ਸਿੰਘ, ਕੁਦਰਤ ਸਿੰਘ ਅਤੇ ਧਿਆਨ ਸਿੰਘ। ਸ੍ਰ: ਰਾਜਾ ਸਿੰਘ ਜੀ ਦੇ ਭਰਾ ਸ੍ਰ. ਦਇਆ ਸਿੰਘ ਜੀ ਵੀ ਏਹਨਾਂ ਦਾ ਪੂਰਾ ਹੱਥ ਵਟੌਂਦੇ ਅਤੇ ਸੇਵਾ ਕਰਦਿਆਂ ਅੱਧੀ ਰਾਤ ਹੋ ਜਾਂਦੀ। ਆਪ ਸਾਰੇ – ਸਮੇਤ ਭਰਾ-ਪੁਤ੍ਰਾਂ ਤੇ ਲੇਬਰ ਦੇ ਭੁੰਜੇ ਹੀ ਤਮੋਟੀਆਂ ਕਨਾਤਾਂ ਉਤੇ ਸੌਂ ਰਹਿੰਦੇ। ਅਤੇ ਸੁਭਾ ਆਸਾ ਦੀ ਵਾਰ ਲੱਗਣ ਤੋਂ ਪਹਿਲਾਂ ਹੀ ਉਠ ਕੇ ਇਸ਼ਨਾਨ ਪਾਣੀ ਕਰਕੇ ਤਿਆਰ ਬਰਤਿਆਰ ਹੋ ਸੇਵਾ ਸੰਗਤ ਦੀ ਸੰਭਾਲ ਲੈਂਦੇ।

ਅਜ ਜਦੋਂ ਮੈਂ ਏਹ ਪੰਗਤੀਆਂ ਲਿਖ ਰਿਹਾ ਹਾਂ ਅਤੇ ਤੁਸੀਂ ਪੜ੍ਹ ਰਹੇ ਹੋ, ਏਹ ਕੁਝ ਕੁ ਪਿਛਾਂਹ ਹਟ ਗਏ ਮਾਲੂਮ ਹੁੰਦੇ ਹੈਨ। ਸ਼ਾਇਦ ਦੂਸਰੀ ਪਾਰਟੀ ਸ੍ਰ: ਸੇਵਾ ਸਿੰਘ ਜੀ ਤੇ ਓਹਨਾਂ ਦੇ ਸਪੁਤ੍ਰਾਂ ਨੂੰ ਸੇਵਾ ਦਾ ਮਾਣ ਬਖਸ਼ਣ ਹਿਤ, ਅਜੇਹਾ ਕਰ ਰਹੇ ਹੈਨ।

—ਰਜਿੰਦ੍ਰ ਸਿੰਘ

ਇਕ ਪ੍ਰਾਰਥਨਾ–ਇਕ ਕਰਾਮਾਤ

ਜਿੰਸ ਬਾਬਤ 'ਅਜੀਤ' ਅਖਬਾਰ ਨੇ 'ਲਿਖਿਆ' ਸੀ – ਬਾਬਾ ਜੀ ਨੂੰ ਕਰਾਮਾਤ ਨਹੀਂ ਸੀ ਵਿਖੌਣੀ ਚਾਹੀਦੀ ਕਰਾਮਾਤ ਕਹਿਰ ਦਾ ਨਾਮ ਹੈ। ਮੈਂ ਕਹਿੰਦਾ ਹਾਂ – ਕਰਾਮਾਤ ਨਾ ਵਖੌਣੀ ਵੀ ਕਹਿਰ ਹੈ।

ਸ੍ਰੀ ਗੁਰੂ ਹਰਿ ਰਾਏ ਜੀ ਨੇ ਪੂਰੀ ਤਰ੍ਹਾਂ ਕਰਾਮਾਤਾਂ ਨਾਲ ਲੈਸ ਕਰਕੇ ਆਪਦੇ ਵਡੇ ਸਪੁਤ੍ਰ ਰਾਮਰਾਇ ਜੀ ਨੂੰ ਔਰੰਗਜ਼ੇਬ ਦੀ ਕਚਹਿਰੀ ਵਿਚ ਭੇਜਿਆ। ਦਸਦੇ ਨੇ ਓਥੇ ਓਹਨਾਂ ੭੦ ਕਰਾਮਾਤਾਂ ਵਖਾਈਆਂ। ਪਰ ਜਦੋਂ ਚੁਗਲ ਖੋਰਾਂ ਨੇ ਔਰੰਗਜ਼ੇਬ ਨੂੰ ਭੜਕਾ ਦਿਤਾ ਤੇ ਕਿਹਾ – ਏਹਨਾਂ ਦੀ ਪੋਥੀ ਸਾਹਬ ਵਿਚ ਮਿੱਟੀ "ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ" ਲਿਖਿਆ ਹੈ ਓਸ ਵੇਲੇ ਰਾਮ ਰਾਏ ਜੀ ਪੂਰੀ ਤਰ੍ਹਾਂ ਔਰੰਗਜ਼ੇਬ ਦੇ ਪ੍ਰਭਾਵ ਵਿਚ ਆ ਚੁਕੇ ਸਨ। ਤੇ "ਮਿਟੀ ਮੁਸਲਮਾਨ ਦੀ ਥਾਂ ਬੇਈਮਾਨ ਦੀ" ਕਹਿ ਦਿਤਾ। ਜ਼ਦੋਂ ਕਿ ਬਿਨਾਂ ਕਰਾਮਾਤ ਤੋਂ ਵੀ ਏਹ ਗਲ ਦਸੀ ਜਾ ਸਕਦੀ ਸੀ ਕਿ ਉੱਜੜੀਆਂ ਉਖੱੜੀਆਂ ਕਬਰਾਂ ਦੀ ਮਿਟੀ ਕਿਥੇ ਜਾਂਦੀ ਹੈ?

ਏਥੇ ਕਰਾਮਾਤ ਨਾ ਵਖਾ ਕੇ ਰਾਮਰਾਏ ਜੀ ਸਤਿਗੁਰਾਂ ਤੋਂ ਸਰਾਪ ਲੈ ਲਿਆ ਅਤੇ ਗੁਰਗੱਦੀ ਤੋਂ ਵੀ ਵਾਂਝੇ ਗਏ। ਨਹੀਂ ਤਾਂ ਕਰਾਮਾਤਾਂ ਮੁੱਕ ਤਾਂ ਨਹੀਂ ਸੀ ਗਈਆਂ। ਸਧਨੇ ਕਸਾਈ ਵਾਂਗ ਲਾਜ ਤਾਂ ਗੁਰੂ ਜੀ ਦੇ ਹੀ ਹੱਥ ਵਿਚ ਸੀ।

ਅਗਸਤ ੧੯੭੬ ਦੀ ਗੱਲ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਇੰਗਲੈਂਡ ਦੇ ਦੌਰੇ ਦਾ ਆਖਰੀ ਦਿਨ ਸੀ। ਗੁਰੂ ਜੀ ਦੇ ਦੌਰੇ ਦੀ ਚੜ੍ਹਤ ਵੇਖ ਕੇ ਕਈਆਂ ਦੇ ਢਿਡ ਪੀੜ ਹੋਣ ਲਗ ਪਈ। ਤੇ ਏਸੇ ਤਰ੍ਹਾਂ ਹੀ ਇਕ ਸਿਆਣੇ ਬਿਆਣੇ ਸਿਖ ਨੇ ਇਕ ਸਕੀਮ ਸੋਚ ਲਈ – ਜੋ ਭੈਣੀ ਸਾਹਿਬ ਦੇ ਗੁਆਂਢੀ ਪਿੰਡ ਰਾਮ ਪੁਰ ਦਾ ਰਹਿਣ ਵਾਲਾ ਸੀ। ਪਹਿਲਾਂ ਇਕ ਹੋਰ ਗੱਲ ਕਰ ਲਈਏ ਫੇਰ ਏਸ ਭਲੇਮਾਣਸ ਦੀ ਗੱਲ ਕਰਾਂਗੇ।

ਸਾਰੇ ਇੰਗਲੈਂਡ ਦੇ ਦੇਸ ਵਿਚ ਪਾਣੀ ਦਾ ਮਹਾਂ ਕਾਲ ਪੈ ਚੁੱਕਾ ਸੀ। ਬਗੀਚੇ ਸੜ ਰਹੇ ਸਨ। ਗਮਲੇ ਸੁਕ ਗਏ ਸਨ। ਪਾਣੀ ਬੜੀ ਮੁਸ਼ਕਲ ਨਾਲ ਪੀਣ ਵਾਸਤੇ ਹੀ ਸੀ। ਨਹੌਣਾ ਧੋਣਾ ਪੂਰੀ ਤਰ੍ਹਾਂ ਬੰਦ ਸੀ। ਮੀਂਹ ਵਾਸਤੇ ਗਿਰਜਿਆਂ ਵਿਚ ਪ੍ਰਾਰਥਨਾਵਾਂ ਚਲ ਰਹੀਆਂ ਸਨ। ਜਿਸ ਝੀਲ ਵਿਚੋਂ ਪਾਣੀ ਔਂਦਾ ਸੀ, ਘਰਾਂ ਵਿਚ ਵਰਤਣ ਵਾਸਤੇ – ਓਸਦਾ ਥਲਾ ਦਿਸ ਰਿਹਾ ਸੀ। ਨਿਕੇ ਮੋਟੇ ਤਾਲਾਬ, ਸਭ ਖੁਸ਼ਕ ਹੋ ਗਏ ਸਨ। ਮਹਾਰਾਣੀ ਦੇ ਬਗੀਚੇ ਦਾ ਪਾਣੀ ਵੀ ਕਟਿਆ ਜਾ ਚੁੱਕਾ ਸੀ। ਕਿਸੇ ਪਾਸਿਓਂ ਕੋਈ ਸੁਣਵਾਈ ਨਹੀਂ ਸੀ। ਲੋਕਾਂ ਦੀਆਂ ਨਜ਼ਰਾਂ ਹਮੇਸ਼ਾਂ ਟੀ. ਵੀ. ਅਤੇ ਰੇਡੀਓ ਦੀਆਂ ਭਵਿਖ-ਵਾਣੀ ਉਤੇ ਲਗੀਆਂ ਰਹਿੰਦੀਆਂ ਸਨ। ਅਜ ਹੀ ਟੀ. ਵੀ. ਅਤੇ ਰੇਡੀਓ ਉਤੇ ਐਲਾਨ ਹੋ ਰਿਹਾ ਸੀ – ਅਜੇ ਹਫਤੇ ਤਕ ਵੀ ਉਮੈਦ ਨਹੀਂ ਬਾਰਸ਼ ਦੀ।

ਬੱਦਲ ਸੁਪਨਾ ਬਣ ਗਏ ਸਨ। ਸਾਰੀ ਲੁਕਾਈ ਕਿਸੇ ਐਸੇ ਮਹਾਂ ਪੁਰਸ਼ ਦੀ ਤਲਾਸ਼ ਵਿਚ ਸੀ– ਜੋ ਬਾਰਸ਼ ਪਵਾ ਕੇ – ਲੋਕਾਂ ਦੀ ਤ੍ਰਾਹਿ ਤ੍ਰਾਹਿ ਨੂੰ ਸ਼ਾਂਤੀ ਬਖਸ਼ੇ।

"ਏਕ ਬੂੰਦ ਜਲ ਕਾਰਨੇ ਚਾਤ੍ਰਿਕ ਦੁਖ ਪਾਵੈ"

ਪਰ ਏਥੇ ਤਾਂ ਸਮੁੰਦਰ ਜਿਤਨੇ ਪਾਣੀ ਦੀ ਜ਼ਰੂਰਤ ਸੀ। ਸੋ ਸਾਡੇ ਓਸ ਦੋਸਤ ਨੇ ਏਸ ਮੌਕੇ ਨੂੰ — ਸਭ ਤੋਂ ਵਧੀਆ ਢੰਗ ਨਾਲ ਵਰਤਣ ਦੀ ਠਾਣ ਲਈ — ਕਿਉਂਕਿ ਓਸਦੇ ਦੋਵੇਂ ਹਥੀਂ ਲਡੂ ਸਨ। ਜੇ ਬਦਨਾਮੀ ਹੋਵੇਗੀ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਤੇ ਸ਼ਾਬਾਸ਼ ਹੋਵੇਗੀ ਤਾਂ ਆਪਾਂ ਨੂੰ ਵੀ ਹਿੱਸਾ ਮਿਲੇਗਾ - ਸੋ ਓਸ ਗੁਰਮੁਖ ਨੇ ਐਲਾਨ ਕਰ ਦਿਤਾ - ਕਿ ਨਾਮਧਾਰੀ ਗੁਰੂ ਬਾਰਸ਼ ਪਵਾਉਣਗੇ —

ਓਸ ਭਾਈ ਨੇ ਅਖ਼ਬਾਰਾਂ ਤੇ ਰੇਡਿਓ ਅਤੇ ਟੈਲੀਵੀਜ਼ਨ ਵਾਲੀਆਂ ਸਾਰੀਆਂ ਪਾਰਟੀਆਂ ਨੂੰ ਖ਼ਬਰ ਕਰ ਦਿਤੀ। ਏਹ ਖ਼ਬਰ ਸਾਰੇ ਇੰਗਲੈਂਡ ਵਿਚ ਹਨੇਰੀ ਦੀ ਤਰ੍ਹਾਂ ਘੁੰਮ ਗਈ। ਸਾਰੇ ਅੰਗ੍ਰੇਜ਼ਾਂ ਤੇ ਮੇਮਾਂ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ। ਜਿਥੇ ਵੀ ਕੋਈ ਸਿਖ ਮਿਲੇ ਓਸੇ ਨੂੰ ਪੁੱਛਣ, ਤੁਹਾਡਾ ਗੁਰੂ ਕਿਥੇ ਹੈ?

ਪਿਛਲੇ ਪਹਿਰ ਖੁਦਾ ਦੀ ਖਲਕਤ ਨੇ ਸਤਿਗੁਰੂ ਜੀ ਦੁਆਲੇ ਆਣ ਘੇਰਾ ਪਾਇਆ। ਏਹ ਸਾਰਾ ਸਟੰਟ ਵੇਖ ਕੇ ਇਕ ਵਾਰ ਤਾਂ ਸਤਿਗੁਰੂ ਜੀ ਵੀ ਹੈਰਾਨ ਹੋ ਗਏ।

"ਜੋ ਮਨ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ।।"

ਸਭ ਤੋਂ ਵੱਡਾ ਘੇਰਾ ਪ੍ਰੈਸ ਰੀਪੋਰਟਰਾਂ ਦਾ ਸੀ। ਏਹਨਾਂ ਨਾਲ ਟੀ. ਵੀ. ਤੇ ਰੇਡਿਓ ਰਿਪੋਰਟਰ ਵੀ ਸ਼ਾਮਲ ਹੋ ਗਏ। ਹਜ਼ਾਰਾਂ ਦੀ ਭੀੜ, ਸਾਰੀ ਨਾਮਧਾਰੀ ਸੰਗਤ ਵਿਸਮਾਦ ਵਿਚ ਆ ਗਈ। ਸਾਥੋਂ ਪਹਿਲਾਂ, ਏਹਨਾਂ ਲੋਕਾਂ ਨੂੰ ਏਹ ਖਬਰ ਕਿਥੋਂ ਮਿਲ ਗਈ। ਸਚੇ ਪਾਤਸ਼ਾਹ ਤਾਂ ਕਲ ਸੁਭਾ ਪਹਿਲੀ ਉਡਾਣ ਵਿਚ 'ਅਫ਼੍ਰੀਕਾ' ਜਾ ਰਹੇ ਨੇ। ਪਰ ਸਾਧ ਸੰਗਤ ਨੂੰ ਸਤਿਗੁਰੂ ਜੀ ਉਤੇ ਅਟੁੱਟ ਵਿਸ਼ਵਾਸ ਸੀ।

ਸਤਿਗੁਰੂ ਜੀ ਫੁਰਮਾਇਆ -ਸਜਣੋਂ! ਮੈਨੂੰ ਤਾਂ ਚਿਤ ਚੇਤਾ ਵੀ ਨਹੀਂ ਏਸ ਗਲ ਦਾ। ਮੈਂ ਕਿਸੇ ਵੀ ਆਦਮੀ ਨੂੰ ਬਾਰਸ਼ ਦੀ ਕੋਈ ਗੱਲ ਨਹੀਂ ਕੀਤੀ। ਬਾਰਸ਼ ਤਾਂ ਅਕਾਲ ਪੁਰਖ ਦੀ ਰਜ਼ਾ ਉਤੇ ਹੈ। ਮੈਂ ਕੌਣ ਹਾਂ ਬਾਰਸ਼ ਪੁਔਣ ਵਾਲਾ। ਐਵੇਂ ਕਿਸੇ ਨੇ ਗਲਤ ਬਿਆਨ ਦੇ ਦਿਤਾ ਹੈ।

ਓਸ ਵੇਲੇ ਅੰਗ੍ਰੇਜ਼ਾਂ ਦੀ ਓਹ ਤਰਸਯੋਗ ਹਾਲਤ ਹੋ ਗਈ, ਜੋ ਬਾਰਸ਼ ਨਾ ਪੈਣ ਤੋਂ ਵੀ ਨਹੀਂ ਸੀ ਹੋਈ। ਸਾਰਿਆਂ ਦੀਆਂ ਅਖਾਂ ਵਿਚ ਅੱਥਰੂ ਤੇ ਬੇਹੱਦ ਅਧੀਨਗੀ ਨਾਲ ਸਿਰ ਝੁਕੇ ਹੋਏ ਸਨ। ਏਸ ਖੁਸ਼ਕ ਜਵਾਬ ਨਾਲ ਤਾਂ ਓਹਨਾਂ ਉਤੇ ਬੱਜਰ ਹੀ ਗਿਰ ਪਿਆ ਸੀ। ਓਹਨਾਂ ਸਾਰਿਆਂ ਨੇ ਇਕ ਮੂੰਹ ਹੋ ਕੇ ਬੇਨਤੀ ਕੀਤੀ-

ਹੇ ਪਰਮ ਪੁਰਖ ਭਗਵਾਨ - ਸਾਡੇ ਉਤੇ ਰਹਿਮ ਕਰੋ। ਜੇ ਇਕ ਹਫ਼ਤਾ ਬਾਰਸ਼ ਨਾ ਹੋਈ ਤਾਂ ਸਾਡਾ ਸਾਰਾ ਚਮਨ ਹੀ ਬੇ-ਅਬਾਦ ਹੋ ਜਾਵੇਗਾ। ਜਾਨਵਰਾਂ ਦੀਆਂ ਮੌਤਾਂ ਹੋਣੀਆਂ ਸ਼ੁਰੂ ਹੋ ਜਾਣਗੀਆਂ ਅਤੇ ਇਨਸਾਨ ਅਧਮੋਏ। ਸਾਰੀ ਸੰਗਤ ਨੇ ਵੀ ਓਹਨਾਂ ਦੀ ਹਾਂ ਵਿਚ ਹਾਂ ਮਿਲਾ ਕੇ ਕਿਹਾ—

ਜਿਉ ਜਾਨਹੁ ਤਿਉ ਤਾਰ ਸੁਆਮੀ।
ਰਖ ਅਪਨੀ ਕਲ ਧਾਰ।

ਸਾਰੀ ਸੰਗਤ ਅਤੇ ਅੰਗ੍ਰੇਜ਼ਾਂ ਤੇ ਮੇਮਾਂ ਦੀ ਅਥਾਹ ਭੀੜ ਨੂੰ ਰੋਂਦੀ ਕੁਰਲੌਂਦੀ ਵੇਖ ਕੇ ਦਇਆ ਦੇ ਸਮੁੰਦਰ ਸਤਿਗੁਰੂ ਜੀ ਵੀ ਦ੍ਰਵਤ ਹੋਕੇ ਬੋਲੇ -

ਸਾਧ ਸੰਗਤ ਜੀ! ਮੈਂ ਤਾਂ ਸਿਰਫ਼ ਪ੍ਰਾਰਥਨਾ ਹੀ ਕਰ ਸਕਦਾ ਹਾਂ। ਅਗੋਂ ਮੰਨਣਾ ਅਕਾਲ ਪੁਰਖ ਦੀ ਰਜ਼ਾ ਉਤੇ ਹੈ। ਸੁਭਾ ਆਸਾ ਦੀ ਵਾਰ ਦੇ ਭੋਗ ਪਿਛੋਂ ਬਾਰਸ਼ ਪੈਣ

ਵਾਸਤੇ ਅਰਦਾਸ ਹੋਵੇਗੀ। ਤੁਸੀਂ ਵੀ ਓਸ ਵਿਚ ਸੰਮਿਲਤ ਆਣ ਹੋਣਾ। ਏਹੋ ਮੈਂ ਕਰ ਸਕਦਾ ਹਾਂ।

ਖੁਸ਼ੀਆਂ ਹੋ ਗਈਆਂ। ਸੁਕਿਆਂ ਬੁਲਾਂ ਤੇ ਚਮਕ ਆ ਗਈ। ਪਿਚਕੀਆਂ ਗੱਲ੍ਹਾਂ ਗੁਲਾਬ ਦੇ ਫੁਲਾਂ ਵਾਂਗ ਖਿਲ ਉਠੀਆਂ। ਜੈਕਾਰੇ ਛੁਟ ਗਏ। ਸਭ ਨੂੰ ਯਕੀਨ ਹੋ ਗਿਆ ਕਿ ਬਾਰਸ਼ ਜ਼ਰੂਰ ਹੋਵੇਗੀ। ਜਲ ਥਲ ਹੋ ਜਾਵੇਗਾ। ਝੀਲਾਂ ਪਾਣੀ ਨਾਲ ਉਛਲ ਪੈਣਗੀਆਂ। ਨਦੀਆਂ ਨਾਲਿਆਂ ਵਿਚ ਤੁਗਿਆਨੀ ਆ ਜਾਵੇਗੀ। ਸਾਰੀ ਖਲਕਤ ਨੂੰ ਅਹਿਸਾਸ ਹੋ ਰਿਹਾ ਸੀ – ਜਿਵੇਂ ਬਾਰਸ਼, ਹੁਣੇ ਹੀ ਸ਼ੁਰੂ ਹੋ ਚੁੱਕੀ ਹੈ। ਅੰਗ੍ਰੇਜ਼ਾਂ ਨੇ ਰਾਤ ਨੂੰ ਰੱਜ ਕੇ ਰੋਟੀਆਂ ਖਾਧੀਆਂ ਤੇ ਰੱਜ ਕੇ ਪਾਣੀ ਪੀਤਾ। ਮੂੰਹ ਹੱਥ ਧੋਤੇ। ਅਤੇ ਕਈ ਮਨਚਲਿਆਂ ਨੇ, ਥੋਹੜੇ ਬਹੁਤੇ ਰਹਿੰਦ ਖੂੰਹਦ ਪਾਣੀ ਨਾਲ ਸਨਾਨ ਵੀ ਕਰ ਲਿਆ। ਸਭ ਨੂੰ ਯਕੀਨ ਹੋ ਗਿਆ – ਸਾਡੇ ਗਮਲੇ, ਵਾੜਾਂ ਤੇ ਬਗੀਚੇ ਪਾਣੀ ਨਾਲ ਲਹਿ ਲਹਾ ਉਠਣਗੇ। ਸੁਬਹ ਬਾਰਸ਼ ਜ਼ਰੂਰ ਹੋਵੇਗੀ।

ਤੇ ਰਾਤ ਨੂੰ ਮੇਮਾਂ ਨੂੰ ਸਪਨੇ ਆ ਰਹੇ ਸਨ – ਅਸੀਂ ਸਾਰੇ ਖੁਲੇ ਪਾਣੀ ਵਿਚ ਤੈਰ ਰਹੇ ਹਾਂ। ਡਡੂਆਂ ਦੀ ਗੜੈਂ ਗੜੈਂ ਤੇ ਬਤਖਾਂ ਦੀਆਂ ਆਵਾਜ਼ਾਂ ਸੁਣਾਈ ਦੇਣ ਲਗ ਪਈਆਂ। ਸਭ ਨੇ ਟੂਟੀਆਂ ਛਡ ਕੇ ਪਾਣੀ ਦੇ ਕੁੰਡ ਭਰ ਲਏ। ਛੋਟੇ ਬਾਲ-ਬਾਰਸ਼ ਦੇ ਪਾਣੀ ਨਾਲ ਅਠਖੇਲੀਆਂ ਕਰ ਰਹੇ ਹਨ। ਇਕ ਮੇਮ ਸਪਨੇ ਵਿਚ ਰੰਗਬਰੰਗੀਆਂ ਮਛੀਆਂ, ਝੀਲਾਂ ਵਿਚ ਤਰਦੀਆਂ ਵੇਖ ਰਹੀ ਸੀ। ਇਕ ਮੇਮ ਆਪਦੇ ਖਾਵੰਦ ਨੂੰ ਉਭੜਵਾਹੇ ਉਠਕੇ ਕਹਿਣ ਲਗੀ – ਉਠੋ! ਉਠੋ!! ਬਾਰਸ਼ ਆ ਰਹੀ ਹੈ। ਅਸਲ ਵਿਚ ਸਾਧਾਰਣ ਈਸਾਈ ਈਸ਼੍ਵਰ ਉਤੇ ਦ੍ਰਿੜ੍ਹ ਵਿਸ਼ਵਾਸ ਰਖਣ ਵਾਲੇ ਹੁੰਦੇ ਹੈਨ। ਓਹਨਾਂ ਨੂੰ ਅਜੇਹੇ ਸੁਪਨੇ ਆਉਣੇ ਸੁਭਾਵਕ ਹੀ ਸਨ।

ਵੀਹਵੀਂ ਸਦੀ ਵਿਗਿਆਨਕ ਸਦੀ ਕਹਾਉਂਦੀ ਹੈ। ਏਸ ਸਦੀ ਨੇ ਲੋਕਾਂ ਦੇ ਪੁਰਾਣੇ ਨਜ਼ਰੀਏ ਨੂੰ ਬੜੀ ਬੁਰੀ ਤਰ੍ਹਾਂ ਝੰਜੋੜ ਕੇ ਰਖ ਦਿਤਾ ਹੈ। ਜੁਗਾਂ ਜੁਗਾਂ ਤੋਂ ਚਲੀ ਆ ਰਹੀ ਮਾਨਤਾ – ਧਰਤੀ ਖਲੋਤੀ ਹੈ – ਅਤੇ ਏਸ ਦੇ ਇਰਦ ਗਿਰਦ ਹੀ ਸਾਰਾ ਬ੍ਰਹਿਮੰਡ ਘੁੰਮ ਰਿਹਾ ਹੈ। ਚੰਦ ਅਤੇ ਸੂਰਜ ਦੋ ਦੀਵੇ ਹੈਨ – ਰਾਤ ਦਿਨ ਬਨਾਉਣ ਵਾਲੇ। ਜੋ ਧਰਤੀ ਉਦਾਲੇ ਘੁੰਮਦੇ ਰਹਿੰਦੇ ਹੈਨ। ਪਰ ਅਜ ਦੀ ਸਾਇੰਸ ਨੇ ਬੱਚੇ ਬੱਚੇ ਨੂੰ ਏਹ ਪਾਠ ਪੜ੍ਹਾ ਦਿਤਾ ਹੈ – ਕਿ ਸਾਡੀ ਧਰਤੀ ਹੀ ਸੂਰਜ ਉਦਾਲੇ ਘੁੰਮਦੀ ਹੈ। ਅਤੇ ਚੰਦਾ ਮਾਮਾ ਧਰਤੀ ਦੁਆਲੇ।

ਏਸੇ ਤਰ੍ਹਾਂ ਬੱਦਲਾਂ ਦੀ ਬਾਬਤ ਵੀ ਲੋਕ ਸੋਚਦੇ ਸਨ ਕਿ ਮੇਘ ਸਮੁੰਦਰ ਵਿਚੋਂ ਪਾਣੀ ਖਿਚਕੇ ਲਿਆਉਂਦੇ ਹੈਨ ਤੇ ਖਾਲੀ ਹੋਣ ਤੇ ਫੇਰ ਸਮੁੰਦਰਾਂ ਵਲ ਦੌੜ ਪੈਂਦੇ ਹਨ। ਹੁਣ ਨਵੀਂ ਸੋਚ ਨੇ ਏਸ ਨੂੰ ਵੀ ਬਦਲ ਦਿਤਾ ਹੈ। ਬੱਦਲ ਨਾ ਕਿਤੋਂ ਔਂਦੇ ਤੇ ਨਾ ਹੀ ਜਾਂਦੇ ਹੈਨ। ਸੂਰਜ ਦੇ ਤੇਜ ਨਾਲ ਪਾਣੀ ਭਾਫ਼ ਬਣਕੇ ਉਡਦਾ ਹੈ ਤੇ ਹਵਾ ਵਿਚ ਸਮਾ ਜਾਂਦਾ ਹੈ। ਜਿੰਨੀ ਗਰਮੀ ਵਧਦੀ ਜਾਂਦੀ ਹੈ-ਓਨੀ ਹੀ ਜ਼ਿਆਦਾ ਭਾਫ ਹਵਾ ਵਿਚ ਸਮੌਂਦੀ ਜਾਂਦੀ ਹੈ ਅਤੇ ਸਾਰੇ ਵਾਯੂ ਮੰਡਲ ਵਿਚ ਘੁੰਮਦੀ ਰਹਿੰਦੀ ਹੈ। ਭਾਫ਼ ਨਾਲ, ਹਵਾ ਜਦੋਂ ਅਤੀ ਭਾਰੀ ਹੋ ਜਾਂਦੀ ਹੈ ਤਾਂ ਬਰਸਨ ਦੇ ਬਹਾਨੇ ਭਾਲਣ ਲਗ ਪੈਂਦੀ ਹੈ।

ਸੂਰਜ ਦੀ ਉੱਤਰ ਅਤੇ ਦੱਖਣ ਵਲ ਝੁਕਣ ਨਾਲ-ਮੌਸਮ ਵੀ ਬਦਲਨਾ ਸ਼ੁਰੂ ਹੋ ਜਾਂਦਾ ਹੈ। ਤੇ ਬਾਰਸ਼ ਦੇ ਆਸਾਰ ਵੱਧ ਪੈਦਾ ਹੋ ਜਾਂਦੇ ਹੈਨ।

ਇੰਗਲੈਂਡ ਵਿਚ ਓਸ ਵੇਲੇ ਸਖਤ ਗਰਮੀ ਪੈ ਰਹੀ ਸੀ ਅਤੇ ਤੇਜ਼ ਗਰਮ ਹਵਾ

ਹੋਰ ਸ਼ਿਦਤ ਨਾਲ ਪਾਣੀ ਚੂਸ ਰਹੀ ਸੀ। ਜਿਸ ਵਾਸਤੇ ਏਸੇ ਅਨੁਮਾਨ ਦੇ ਅਧਾਰ ਉਤੇ ਹੀ ਟੀ. ਵੀ. ਤੇ ਰੇਡੀਓ ਸਟੇਸ਼ਨ ਰੌਲਾ ਪਾ ਰਹੇ ਸਨ – ਅਜੇ ਨਹੀਂ – ਅਜੇ ਨਹੀਂ। ਇਕ ਹਫ਼ਤੇ ਤਕ ਵੀ ਨਹੀਂ। ਏਸ ਨਿਰਾਸਤਾ ਦਾ ਅੰਦਾਜ਼ਾ ਕੋਈ ਤਿਹਾਇਆ ਆਦਮੀ ਹੀ ਲਾ ਸਕਦਾ ਹੈ।

ਪਰ ਸਤਿਗੁਰੂ ਦੀ ਮਿਹਰ ਸਦਕਾ ਅਤੇ ਸਾਧ ਸੰਗਤ ਦੀ ਪ੍ਰਬਲ ਇਛਾ ਸ਼ਕਤੀ ਅੱਗੇ ਇੰਦ੍ਰ ਦੇਵਤਾ ਨੂੰ ਝੁਕਣਾ ਹੀ ਪਿਆ ਅਤੇ ਅਰਦਾਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੁਕਾਈ ਨੂੰ ਹਲਕੀਆਂ ਹਲਕੀਆਂ ਬਦਲੀਆਂ ਦੇ ਝੌਲੇ ਪੈਣੇ ਸ਼ੁਰੂ ਹੋ ਗਏ।

ਹੁਕਮੀ ਬਰਸਨ ਲਾਗੇ ਮੇਹਾ।

ਜਿਸ ਨੂੰ ਸਤਿਗੁਰੂ ਜੀ ਨੇ ਅਰਦਾਸ ਕਰਕੇ ਸੰਪੂਰਨ ਕਰ ਦਿਤਾ। ਸਾਰੇ ਇੰਗਲੈਂਡ ਵਿਚ ਹੀ – ਅਜੇਹਾ ਵਾਤਾਵਰਣ ਪੈਦਾ ਹੋ ਗਿਆ – ਅਤੇ ਲੋਕਾਂ ਨੂੰ ਪੂਰਨ ਵਿਸ਼ਵਾਸ ਹੋ ਚੁਕਾ ਸੀ – ਕਿ ਬਾਰਸ਼ ਹੁਣ ਜ਼ਰੂਰ ਹੋਵੇਗੀ। ਓਧਰ ਰੇਡਿਓ ਅਤੇ ਟੈਲੀਵਿਜ਼ਨ ਸਾਰੇ ਸੰਸਾਰ ਵਿਚ ਹੀ ਧੁੰਮਾ ਪਾ ਦਿਤੀਆਂ ਸਨ ਕਿ – ਸੁਭਾ ਸਵਖਤੇ ਸਤਿਗੁਰੂ ਜਗਜੀਤ ਸਿੰਘ ਜੀ ਅਰਦਾਸ ਕਰਨਗੇ – ਅਤੇ ਬਾਰਸ਼ ਪੈਣੀ ਸ਼ੁਰੂ ਹੋ ਜਾਵੇਗੀ। ਜਿਸ ਵਾਸਤੇ ਬੱਚੇ ਬੱਚੇ ਕੋਲ ਖਬਰ ਪਹੁੰਚ ਗਈ ਸੀ। ਅਜੇਹੀ ਕਰਾਮਾਤ ਗੁਰੂ ਘਰ ਵਿਚ ਅਸਲੋਂ ਸਾਧਾਰਣ ਪ੍ਰਕ੍ਰਿਆ ਹੈ।

ਇਕ ਵਾਰ ਸੰਤ ਜੀਉਣ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੰਜੇ ਦੀ ਪੈਂਦ ਤੇ ਬੈਠ ਕੇ ਕਿਹਾ ਸੀ।

ਇੰਦ੍ਰ ਦੇਵਤਾ ਮੈਨੂੰ ਹੁਣੇ ਇਸ਼ਨਾਨ ਕਰਾ। ਇਹ ਧਿਆਨ ਰਖੀਂ ਸਾਹਿਬਾਂ ਦੇ ਚੋਲੇ ਤੇ ਇੱਕ ਵੀ ਛਿੱਟ ਨਾ ਪਵੇ।

ਵੇਖਣ ਵਾਲੇ ਦਸਦੇ ਹਨ—

ਓਸੇ ਵੇਲੇ ਛੋਟੀ ਜੇਹੀ ਬਦਲੀ ਬਣੀ। ਅਤੇ ਸੰਤ ਜੀ ਉਤੇ ਵਰ੍ਹਨ ਲਗ ਪਈ। ਪਰ ਸਤਿਗੁਰੂ ਜੀ ਦਾ ਚੋਲਾ ਨਹੀਂ ਸੀ ਭਿੱਜਿਆ।

ਅਸੀਂ ਜਦੋਂ ਛੋਟੇ ਛੋਟੇ ਹੁੰਦੇ ਸਾਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਨਨ੍ਹੇ ਮੁੰਨ੍ਹੇ – ਬੇਅੰਤ ਜੀ ਦੇ ਸ੍ਵਰੂਪ ਵਿਚ, ਸਾਡੇ ਵਿਚ ਬਰਾਜਮਾਨ ਹੁੰਦੇ ਸਨ। ਸਾਡੇ ਉਸਤਾਦ ਖਾਨ ਸਾਹਿਬ ਊਧੋ ਖਾਂ ਕਹਿਣ ਲਗੇ —

ਬਚਿਓ – ਅਜ ਮਲ੍ਹਾਰ ਰਾਗ ਗਾਓ। ਅਤੇ ਓਨਾਂ ਚਿਰ ਤਕ ਗੌਂਦੇ ਹੀ ਜਾਓ, ਜਿਨ੍ਹਾਂ ਚਿਰ ਤਕ ਬਾਰਸ਼ ਪੈਣੀ ਨਾ ਸ਼ੁਰੂ ਹੋ ਜਾਵੇ।

ਏਸ ਤਰ੍ਹਾਂ ਸੌਣ ਭਾਦ੍ਰੋਂ ਦੇ ਦਿਨਾਂ ਵਿਚ ਭੈਣੀ ਸਾਹਿਬ ਅਸੀਂ ਕਈ ਦਫ਼ਾ ਬਾਰਸ਼ ਦਾ ਅਨੰਦ ਮਾਣ ਚੁਕੇ ਸਾਂ।

ਬੱਦਲ ਸਾਥੋਂ ਕਿਤੇ ਦੂਰ ਨਹੀਂ ਗਏ ਹੁੰਦੇ। ਸਗੋਂ ਵਾਤਾਵਰਣ ਹੀ ਬਾਰਸ਼ ਦੇ ਅਨੁਕੂਲ ਬਣੌਣ ਦੀ ਲੋੜ ਹੁੰਦੀ ਹੈ। ਜੋ ਸਰਬ ਕਲਾ ਸਮਰਥ ਸਤਿਗੁਰੂ ਵਾਸਤੇ ਇਕ ਨਿਮਾਣੀ ਖੇਡ ਹੀ ਹੈ।

ਸੁਭਾ ਸਵਖਤੇ ਦੀਵਾਨ ਹਾਲ ਖਚਾ ਖਚ ਭਰ ਗਿਆ। ਦਿਨ ਚੜ੍ਹਨ ਤੋਂ ਪਹਿਲਾਂ ਹੀ ਕੈਮਰਾ ਮੈਨ, ਪ੍ਰੈਸ ਰੀਪੋਰਟਰ ਤੇ ਅੰਗ੍ਰੇਜ਼ਾਂ ਨਾਲ ਮਾਂਗਟ ਹਾਲ ਤੋਂ ਬਾਹਰ ਸੜਕਾਂ ਏਸ ਤਰਾਂ ਟੁਟ ਰਹੀਆਂ ਸਨ–ਜਿਵੇਂ ਦਸਹਿਰੇ ਦਾ ਜਸ਼ਨ ਮਨਾਇਆ ਜਾ ਰਿਹਾ ਹੋਵੇ। ਓਧਰ ਦਿਨ ਚੜ੍ਹ ਰਿਹਾ ਸੀ – ਦੂਸਰੇ ਪਾਸੇ ਅਕਾਸ਼ ਵਿਚ ਹਲਕੀਆਂ ਹਲਕੀਆਂ

ਬਦਲੀਆਂ ਤੈਰ ਰਹੀਆਂ, ਦਿਸਣ ਲਗ ਪਈਆਂ ਸਨ। ਹੁਣ ਸਭ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਬਾਰਸ਼ ਜ਼ਰੂਰ ਹੋਵੇਗੀ ਤੇ ਹੁਣੇ ਹੋਵੇਗੀ।

ਅਰਦਾਸ ਸ਼ੁਰੂ ਹੋ ਗਈ ਤੇ ਨਾਲ ਹੀ ਨਾਲ ਥੋਹੜੀ ਥੋਹੜੀ ਬੂੰਦਾ ਬਾਂਦੀ ਵੀ ਜਾਪਣ ਲਗ ਪਈ। ਜੈਕਾਰਾ ਛੁਟਣ ਦੀ ਦੇਰ ਸੀ – ਬਾਹਰ ਖੜੇ ਸਾਰੇ ਆਦਮੀ ਭਿਜ ਗਏ। ਏਹ ਖੁਸ਼ੀ ਵਿਰਲਿਆਂ ਨੂੰ ਹੀ ਨਸੀਬ ਹੁੰਦੀ ਹੈ। ਏਹ ਬਾਰਸ਼ ਤਾਂ ਸ਼ਗਨਾਂ ਦੀ ਬਾਰਸ਼ ਸੀ। ਅੰਮ੍ਰਿਤ ਤੁੱਲ। ਕਿਸੇ ਨੂੰ ਵੀ ਲੁਕਣ ਤੇ ਦੌੜਨ ਦੀ ਕਾਹਲ ਨਹੀਂ ਸੀ। ਸਾਰਿਆਂ ਦੇ ਚਿਹਰਿਆਂ ਉਤੇ ਅਜੇਹੀਆਂ ਰੌਣਕਾਂ ਆ ਗਈਆਂ ਜਿਵੇਂ ਅਚਾਨਕ ਬਸੰਤ ਬਹਾਰ ਆ ਗਈ ਹੋਵੇ।

ਕੈਮਰਿਆਂ ਨੂੰ ਵਾਰ ਨਹੀਂ ਸੀ ਆ ਰਿਹਾ — ਪੰਜ ਹਟਦੇ ਸਨ ਦਸ ਅਗੇ ਵਧ ਜਾਂਦੇ ਸਨ। ਸਤਿਗੁਰੂ ਜੀ ਮੁਸਕ੍ਰੌਂਦੇ ਹੋਏ ਫੋਟੋਆਂ ਲੁਹਾ ਰਹੇ ਸਨ। ਇੰਟਰਵਿਊ ਵਾਲੇ ਹੋਰ ਵੀ ਕਾਹਲੇ ਸਨ। ਜੋ ਸਤਿਗੁਰੂ ਜੀ ਬਾਬਤ ਸੰਖੇਪ ਜਾਣਕਾਰੀ ਲਿਖ ਕੇ ਸਭ ਤੋਂ ਪਹਿਲਾਂ ਬਾਜੀ ਮਾਰ ਲੈਣੀ ਚਾਹੁੰਦੇ ਸਨ ਜਿਸ ਅਖਬਾਰ ਵਿਚ ਵੀ ਪਹਿਲੀ ਇੰਟਰਵਿਊ ਛਪਣੀ ਸੀ – ਓਸੇ ਦੀਆਂ ਹਜ਼ਾਰਾਂ ਕਾਪੀਆਂ ਹਥੋ ਹਥ ਵਿਕ ਜਾਂਦੀਆਂ ਸਨ। ਰੇਡਿਓ ਤੇ ਟੀ. ਵੀ. ਵਾਲੇ ਓਹਨਾਂ ਤੋਂ ਵੀ ਕਾਹਲੇ ਸਨ – ਤਾ ਕਿ ਛੇਤੀ ਤੋਂ ਛੇਤੀ ਬ੍ਰਾਡਕਾਸਟ ਕਰਕੇ ਆਪਣੇ ਅਦਾਰੇ ਨੂੰ ਹੋਰ ਹਰਦਿਲ ਅਜੀਜ਼ ਬਣਾਈਏ।

ਭਾਰਤ ਵਾਂਗ ਰੇਡਿਓ ਤੇ ਟੀ ਵੀ ਉਤੇ ਓਥੇ ਸਰਕਾਰ ਦੀ ਮਨਾਪਲੀ ਨਹੀਂ ਸਗੋਂ ਸੈਂਕੜੇ ਹੀ ਪ੍ਰਾਈਵੇਟ ਅਦਾਰੇ ਹੈਨ। ਜੋ ਆਪਣੇ ਆਪਣੇ ਹਲਕੇ ਵਿਚ ਅਗੇ ਤੋਂ ਅਗੇ ਨਿਕਲ ਕੇ ਇਹ ਖਬਰ ਲੋਕਾਂ ਨੂੰ ਪਹੁੰਚਾਣਾ ਚਾਹੁੰਦੇ ਸਨ।

ਓਥੇ ਜਿਤਨੇ ਵੀ ਨਾਮਧਾਰੀ ਸਨ – ਸਾਰੇ ਹੀ ਇੰਟਰਵਿਊ ਦੇਣ ਵਿਚ ਵਿਅਸਤ ਸਨ।

ਸਾਰੇ ਨਾਮਧਾਰੀਆਂ ਨੂੰ ਸਿਖਾਂ ਹਿੰਦੂਆਂ ਮੁਸਲਮਾਨਾਂ ਅਤੇ ਅੰਗ੍ਰੇਜ਼ਾਂ ਨੇ ਘੇਰ ਰਖਿਆ ਸੀ। ਅਤੇ ਸਾਰਿਆਂ ਦਾ ਇਕੋ ਪ੍ਰਸ਼ਨ ਸੀ ਸਤਿਗੁਰੂ ਜਗਜੀਤ ਸਿੰਘ ਜੀ ਕਿਥੇ ਰਹਿੰਦੇ ਹਨ, ਕੀ ਸਾਧਨਾ ਕਰਦੇ ਅਤੇ ਖਾਨਪਾਨ ਕੀ ਏ ਏਹਨਾਂ ਦਾ। ਸਤਿਗੁਰੂ ਜੀ ਦੇ ਤਾਂ, ਬੀ. ਬੀ. ਸੀ. ਵਾਲੇ ਤੇ ਵਡੇ ਵਡੇ ਅਖਬਾਰਾਂ ਦੇ ਨੁਮਾਇੰਦੇ ਹੀ ਕਿਸੇ ਨੂੰ ਨੇੜੇ ਨਹੀਂ ਸਨ ਲਗਣ ਦਿੰਦੇ।

ਓਧਰ ਪਾਣੀ ਨਾਲ ਸੜਕਾਂ ਭਰ ਰਹੀਆਂ ਸਨ। ਏਧਰ ਪੁਛ ਗਿਛ ਕਰਨ ਵਾਲੇ ਸਫਿਆਂ ਦੇ ਸਫੇ ਭਰ ਰਹੇ ਸਨ। ਇਕ ਘੰਟਾ ਏਹ ਕਾਰਵਾਂ ਏਸੇ ਤਰ੍ਹਾਂ ਹੀ ਚਲਦਾ ਰਿਹਾ ਕਿਉਂਕਿ ਸਤਿਗੁਰੂ ਜੀ ਨੇ ਜਲ ਪਾਣੀ ਛਕ ਕੇ ਅਫ੍ਰੀਕਾ ਜਾਣ ਵਾਲਾ ਜਹਾਜ਼ ਫੜਨਾ ਸੀ। ਏਸ ਵਾਸਤੇ ਬੜੀ ਮੁਸ਼ਕਲ ਨਾਲ ਓਹਨਾਂ ਨੂੰ ਏਹਨਾਂ ਨੁਮਾਇੰਦਿਆਂ ਤੋਂ ਛੁਟੀ ਮਿਲੀ।

ਜਿਉਂ ਜਿਉਂ ਦਿਨ ਚੜ੍ਹ ਰਿਹਾ ਸੀ ਬਾਰਸ਼ ਹੋਰ ਤੇਜ ਹੋ ਰਹੀ ਸੀ। ਹੁਣ ਭਿਜ ਰਹੇ ਲੋਕ ਠੁਰ ਠੁਰ ਵੀ ਕਰਨ ਲਗ ਪਏ ਸਨ। ਕਾਰਾਂ ਜੀਪਾਂ ਤੇ ਆਪੋ ਆਪਣੇ ਰਾਹ ਲਗ ਗਏ। ਪਰ ਓਧਰ ਅਖਬਾਰਾਂ ਰੇਡਿਓ ਤੇ ਟੀਵੀਆਂ ਉਤੇ ਖਬਰਾਂ ਦਾ ਹੜ੍ਹ ਆ ਗਿਆ। ਸਪੈਸ਼ਲ ਜ਼ਮੀਮੇ ਛਾਪੇ ਗਏ। ਸਾਰੇ ਕੰਮ ਬੰਦ ਕਰਕੇ, ਰੇਡਿਓ ਤੇ ਟੀ.ਵੀ. ਵਾਲੇ ਸਤਿਗੁਰੂ ਜੀ ਤੋਂ ਪ੍ਰਾਪਤ ਕੀਤੇ ਇੰਟਰਵਿਊ ਬ੍ਰਾਡਕਾਸਟ ਕਰ ਰਹੇ ਸਨ। ਮੌਸਮ ਅਜੇਹਾ ਬਣ ਗਿਆ ਕਿ ਬਸਾਂ, ਟ੍ਰਾਮਾਂ ਹਵਾਈ ਜਹਾਜ਼ ਸਭ ਖੁੱਡੇ ਲੈਨ ਲਗੇ ਹੋਏ ਸਨ। ਮੋਟਰ ਸਾਈਕਲ ਤਾਂ ਏਨੇ ਜਬਰਦਸਤ ਹੜ੍ਹ ਅਗੇ ਟਿਕ ਹੀ ਨਹੀਂ ਸਨ ਸਕਦੇ।

ਨਾਮਧਾਰੀ ਸਾਧ ਸੰਗਤ ਵਿਚ ਹੁਣ ਏਹ [illegible] ਆਮ ਸੀ ਕਿ ਬਾਰਸ਼ ਦੀ ਅਫਵਾਹ ਕਿਉਂ ਉਠੀ ਤੇ ਕਿਸ ਨੇ ਫੈਲਾਈ। ਪਰ ਹੁਣ ਤਾਂ ਓਸ ਆਦਮੀ ਦੇ ਪੌਂ ਬਾਰਾਂ ਹੋ ਗਏ ਸਨ ਤੇ —

ਗੁਝੀ ਰਹੇ ਨਾਂ ਹੀਰ ਹਜ਼ਾਰ ਵਿਚੋਂ।

ਓਹ ਭਾਈ ਸਾਹਿਬ ਗਵਰਨਰ ਵਾਂਗ ਅਕੜ ਕੇ ਤੁਰ ਰਹੇ ਸਨ। ਸਭ ਨੂੰ ਪਤਾ ਲਗ ਗਿਆ ਕਿ ਏਹ ਭਾਈ ਸਾਹਿਬ ਕੌਣ ਹਨ ਤੇ ਕਿਸ ਮਨਸ਼ਾ ਨਾਲ ਓਹਨਾਂ ਏਹ ਖਬਰ ਅਖਬਾਰਾਂ ਤੇ ਰਡੀਓ ਉਤੇ ਫੈਲਾ ਦਿਤੀ ਸੀ। ਏਸ ਸਜਣ ਨੂੰ ਸਹੀ ਰੂਪ ਵਿਚ ਇੰਗਲੈਂਡ ਵਾਸੀ ਪਛਾਣ ਨਹੀਂ ਸਕੇ। ਏਹ ਅਜੀਬ ਤਬੀਅਤ ਦਾ ਮਨੁੱਖ ਹੈ। ਓਸ ਨੇ ਏਹ ਸਭ ਕੁਝ ਬੜੇ ਸੋਚੇ ਸਮਝੇ ਤ੍ਰੀਕੇ ਨਾਲ ਹੀ ਕੀਤਾ ਸੀ ਕਿ ਜੇ ਮੀਂਹ ਪੈ ਗਿਆ ਤਾਂ ਸਭ ਤੋਂ ਵਧ ਮਸ਼ਹੂਰੀ ਮੇਰੇ ਨਾਮ ਦੀ ਹੋਵੇਗੀ ਅਤੇ ਵਲੈਤ ਵਿਚ ਮੇਰੀ ਚਮਕ ਦਮਕ ਚੰਦ ਦੀ ਤਰ੍ਹਾਂ ਚਮਕ ਉਠੇਗੀ। ਤੇ ਜੇ ਮੀਂਹ ਨਾਂ ਪਿਆ, ਤਾਂ ਬਦਨਾਮੀ ਨਾਮਧਾਰੀ ਸੰਗਤ ਤੇ ਏਹਨਾਂ ਦੇ ਗੁਰੂ ਦੀ ਹੋਵੇਗੀ ਅਤੇ ਯਾਰ ਲੋਕ ਖਿਲੀ ਉਡੌਣ ਵਿਚ ਮੋਹਰੀ ਹੋਣਗੇ।

ਦੋਹੂੰ ਹਾਥ ਮੋਦਕ ਹਮਾਰੇ ਸੁਖ ਕਾਰੇ ਭਾਰੇ
ਜੀਵੈਂ ਜਸ ਲੈਹੈਂ ਮਰੈ ਸੁਰਗ ਸਿਧਾਇ ਹੈਂ।

ਪਰ

ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ।।

ਏਹ ਬਰਸਾਤ ਸਾਰੇ ਸਫਰ ਵਿਚ ਸਤਿਗੁਰੂ ਜੀ ਉਤੇ ਹੁੰਦੀ ਚਲੀ ਗਈ। ਅਫ੍ਰੀਕਾ ਵਿਚ ਵੀ ਕਾਲ ਵਰਗੀ ਹਾਲਤ ਬਣੀ ਹੋਈ ਸੀ ਮੀਂਹ ਨਾ ਪੈਣ ਕਰਕੇ। ਸਤਿਗੁਰੂ ਜੀ ਦੇ ਕੀਨੀਆਂ ਪਹੁੰਚਣ ਤੇ ਓਥੇ ਵੀ ਬੱਦਲਾਂ ਵਿਚ ਮਘੋਰੇ ਹੋ ਗਏ ਸਨ। ਸਭ ਪਾਸੇ ਧੰਨ ਧੰਨ ਦੀਆਂ ਆਵਾਜ਼ਾਂ ਗੂੰਜ ਰਹੀਆਂ ਸਨ।

ਏਧਰ ਪੰਜਾਬ ਤੇ ਦਿੱਲੀ ਦੇ ਅਖਬਾਰਾਂ ਨੇ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਡਿਆਈ ਵਿਚ ਸ਼ਰਧਾ ਦੇ ਫੁਲ ਅਰਪਣ ਕੀਤੇ। ਪੰਜਾਬ ਵਿਚ ਟ੍ਰਿਬਯੂਨ ਤੇ ਹਿੰਦ ਸਮਾਚਾਰ ਸਮੂਹ ਨੇ ਦਿਲ ਖੋਹਲ ਕੇ ਏਹ ਖਬਰ ਛਾਪੀ। ਅਜੀਤ ਨੇ ਜੋ ਪੰਜਾਬੀ ਦਾ ਏਸ ਵੇਲੇ ਮੋਹਰੀ ਅਖਬਾਰ ਹੈ ਲਿਖਿਆ - ਬਾਬਾ ਜੀ ਨੂੰ ਕਰਾਮਾਤ ਨਹੀਂ ਸੀ ਵਖੌਣੀ ਚਾਹੀਦੀ। ਕਰਾਮਾਤ ਕਹਿਰ ਦਾ ਨਾਮ ਹੈ।

ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ

ਪਿਛਲੇ ਸਤਿਗੁਰੂਆਂ ਬਾਬਤ ਤਾਂ ਪੜ੍ਹਿਆ ਤੇ ਸੁਣਿਆਂ ਹੀ ਹੈ। ਜਿਸ ਵਿਚ ਕਈ ਸ਼ਰਧਾਲੂ ਲਿਖਾਰੀਆਂ ਨੇ – ਕਈ ਥਾਈਂ ਅੱਤਕਥਨੀ ਤੋਂ ਵੀ ਕੰਮ ਲਿਆ ਹੈ। ਗੁਰੂਆਂ ਦੀਆਂ ਜੀਵਨੀਆਂ ਵਿਚ ਅੱਤਕਥਨੀ ਤੋਂ ਕੰਮ ਲੈਣਾ ਠੀਕ ਨਹੀਂ ਜਾਪਦਾ। ਸਤਿਗੁਰੂ ਦਾ ਜੀਵਨ ਸੁਭਾਵਕ ਹੀ, ਰਹਿਮ-ਕਰਮ ਤੇ ਬਖਸ਼ਿਸਾਂ ਨਾਲ ਲਬਾ-ਲਬ ਹੁੰਦਾ ਹੈ। ਲੋੜ ਹੈ ਬਿਅੰਨ ਅੱਖੀਆਂ ਦੀ:

ਸੇ ਅਖੀਆਂ ਬਿਅੰਨ ਜਿਨ੍ਹੀ ਡਿਸੰਦੋ ਮਾ ਪਿਰੀ।।

ਮੈਂ ਦੋ ਸਤਿਗੁਰੂਆਂ ਦੀਆਂ ਮੇਹਰਾਂ ਤੇ ਮਹਿਰਾਮਤਾਂ ਨੂੰ ਨੇੜਿਓਂ ਹੋਕੇ ਤੱਕਿਆ ਹੈ, ਜਿਨ੍ਹਾਂ ਵਿਚੋਂ ਮੈਂ ਏਥੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਕੁਝ ਕੁ ਕ੍ਰਿਪਾ ਦ੍ਰਿਸ਼ਟੀਆਂ ਦਾ ਹੀ ਵਰਣਨ ਕਰਨਾ ਹੈ। ਜੋ ਮੇਰੀਆਂ ਨਿਗਾਹਾਂ ਵਿਚੋਂ ਗੁਜਰ ਰਹੀਆਂ ਹੈਨ। ਮੇਰੇ ਉਤੇ ਏਹਨਾਂ ਪੰਗਤੀਆਂ ਦਾ ਬੜਾ ਪ੍ਰਭਾਵ ਹੈ – ਜੋ ਪਤਾ ਨਹੀਂ ਕਿਥੇ ਲਿੱਖੀਆਂ ਜਾਂ ਪੜ੍ਹੀਆਂ ਹੈਨ। ਮੇਰੇ ਨਾਲੋਂ ਤੁਸੀਂ ਪੰਡਿਤ ਗੁਪਾਲ ਸਿੰਘ ਜੀ ਤੋਂ ਪੁਛ ਵੇਖਣਾ, ਸ਼ਾਇਦ ਓਹਨਾਂ ਨੂੰ ਪਤਾ ਹੋਵੇ। ਹਾਂ! ਤੁਹਾਡੀ ਸ਼ੰਕਾ ਦਾ ਤਾਂ ਸਮਾਧਾਨ ਕਰ ਹੀ ਦੇਣਗੇ।

ਜਉ ਨਹਿ ਦੇਖਉਂ ਅਪਨੀ ਨੈਣੀ।
ਤਉ ਨਾ ਪਤੀਜੌਂ ਗੁਰ ਕੀ ਬੈਣੀ।

ਮੈਂ ਸ਼ੁਰੂ ਕਿਥੋਂ ਕਰਾਂ? ਪਤਾ ਨਹੀਂ। ਫੁੱਲਾਂ ਨੂੰ ਕਿਸੇ ਪਾਸਿਓਂ ਵੇਖਿਆ ਤੇ ਸੁੰਘਿਆ ਜਾਵੇ, ਸਭ ਪਾਸਿਆਂ ਤੋਂ ਤ੍ਰਿਪਤੀ ਦਿੰਦੇ ਹੈਨ।

ਮੈਨੂੰ ਦਿੱਲੀ ਤੋਂ ਆਡਰ ਮਿਲਿਆ ਸੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਸਾਰੂ ਸ਼ਕਤੀ ਉਤੇ ਲਿਖਾਂ। ਅਜ ਏਹੋ ਸੁਆਲ ਨੂੰ ਮੁਖ ਰਖ ਕੇ ਲਿਖਣ ਲਗਾ ਹਾਂ। ਏਸ ਵਿਚ ਕਿਤਨਾ ਕੁ ਸਫਲ ਹੋ ਸਕਾਂਗਾ। ਏਹ ਸਤਿਗੁਰੂ ਜੀ ਦੀ ਕ੍ਰਿਪਾ ਦ੍ਰਿਸ਼ਟੀ ਉਤੇ ਨਿਰਭਰ ਹੈ। ਮੇਰਾ ਕੰਮ ਤਾਂ ਉੱਦਮ ਕਰਨਾ ਹੀ ਹੈ।

ਰਾਜਨ ਸਾਜਨ – ਜੋ ਅੱਜ ਕਲ 'ਮਿਸ਼ਰਾ ਬੰਧੂ' ਕਰਕੇ ਜਾਣੇ ਜਾਂਦੇ ਹਨ, ਜੋ ਚਾਰ ਚਾਰ ਸੌ ਰੁਪਏ ਉਤੇ (ਸੁਵਤੰਤਰ ਭਾਰਤ ਮਿੱਲ ਵਿੱਚ) ਨੌਕਰੀ ਕਰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਨਜ਼ਰ ਏਹਨਾਂ ਤੇ ਪਈ ਤਾਂ ਗੁਰਬਾਣੀ ਦੀ ਏਹ ਪੰਗਤੀ ਚਾਰ ਸੌ ਸਾਲ ਪਿਛੋਂ, ਇਕ ਵਾਰ ਫੇਰ ਪ੍ਰਤੱਖ ਹੋ ਗਈ:-

ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ।। (ਰਾਗ ਮਾਰੂ)

ਏਹਨਾਂ ਭਰਾਵਾਂ ਦੇ ਘਰਾਣੇ ਵਿਚ ਸੰਗੀਤ ਸੀ ਅਤੇ ਇਹਨਾਂ ਦੇ ਪਿਤਾ ਸ੍ਰੀ ਹਨੂਮਾਨ ਪ੍ਰਸ਼ਾਦਿ ਜੀ ਸੰਗੀਤ ਦੇ ਮਰਮੱਗ ਹੈਨ। ਓਹਨਾਂ ਕੋਲੋਂ ਹੀ 'ਮਿਸ਼ਰੂ ਬੰਧੂਆਂ' ਨੇ ਸੰਗੀਤ ਸਿਖਿਆ। ਪਰ ਸਟੇਜ ਉਤੇ ਜਾ ਅੱਗੇ ਵਧਣ ਦਾ ਮੌਕਾ ਇਹਨਾਂ ਨੂੰ ਨਾ ਮਿਲਿਆ। ਏਸ ਕਰਕੇ ਇਹ ਪ੍ਰਤਿਭਾਸ਼ਾਲੀ ਹੁੰਦੇ ਹੋਏ ਵੀ ਅੱਗੇ ਨਹੀਂ ਸਨ ਵਧ ਰਹੇ। ਦਿੱਲੀ ਵਰਗਾ ਸ਼ਹਿਰ

ਤੇ ਨੌਕਰੀ ਚਾਰ – ਚਾਰ ਸੌ ਰੁਪਏ। ਫਿਡ ਤਾਂ ਤੋਰਨਾ ਹੀ ਸੀ। ਮਜਬੂਰੀ ਵੱਸ, ਆਦਮੀ ਨੂੰ ਸਭ ਕੁਝ ਕਰਨਾ ਪੈਂਦਾ ਹੈ।

ਰਾਜਨ ਸਾਜਨ ਨੂੰ ਏਹ ਪਤਾ ਲਗ ਚੁੱਕਾ ਸੀ ਕਿ ਸਤਿਗੁਰੂ ਜੀ ਸੰਗੀਤ ਦੇ ਪਾਰਖੂ ਅਤੇ ਗੁਣੀ ਜਨਾਂ ਦੇ ਕਦਰਦਾਨ ਹੈਨ। ਦੋਵੇਂ ਭਰਾ ਤੰਬੂਰੇ ਚੁਕ ਕੇ ਸਤਿਗੁਰੂ ਜੀ ਦੇ ਜਾ ਚਰਨਾਂ ਵਿਚ ਹਾਜ਼ਰ ਹੋਏ। ਸਤਿਗੁਰੂ ਜੀ ਓਸ ਦਿਨ ਦਿੱਲੀ ਵਿਚ ਹੀ ਸਨ।

ਪੂਰਬ ਕਰਮ ਅੰਕੁਰ ਜਬ ਪ੍ਰਗਟੇ
ਭੇਟਿਓ ਪੁਰਖੁ ਰਸਿਕ ਬੈਰਾਗੀ।

ਸਤਿਗੁਰੂ ਜੀ ਨੇ ਸੰਗੀਤ ਸੁਣਿਆ। ਬਹੁਤ ਖੁਸ਼ ਹੋਏ। ਜਦੋਂ ਕਾਰੋਬਾਰ ਦੀ ਗੱਲ ਤੁਰੀ ਤਾਂ ਸਤਿਗੁਰੂ ਜੀ ਵਿਸਮਾਦ ਅਵਸਥਾ ਵਿਚ ਪਹੁੰਚ ਗਏ। ਅਜਿਹੇ ਗੁਣੀ ਤੇ ਕੰਮ ਸਧਾਰਣ ਜਿਹਾ।

ਬਸ! ਅਜ ਤੋਂ ਡੀ. ਸੀ. ਐਮ. ਦੀ ਡਿਊਟੀ ਖਤਮ! ਜੋ ਲੈਣਾਂ ਹੈ ਸਾਡੇ ਕੋਲੋਂ ਲਓ! ਅਤੇ ਹੁਣੇ ਲਓ!!

ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਦਿਤੀਆਂ। ਰਿਹਾਇਸ਼ ਵਾਸਤੇ ਕੋਠੀ ਬਣਵਾ ਦਿਤੀ ਦਿੱਲੀ ਵਿਚ। ਅਤੇ ਆਪਣੀ ਹਾਜ਼ਰੀ ਵਿਚ ਵਡੇ ਵਡੇ ਗੁਣੀਆਂ ਨੂੰ ਇਕਠੇ ਕਰਕੇ ਸ਼ਨਾਖਤ ਕਰਵਾ ਦਿਤੀ, ਗੁਣੀਆਂ ਵਿਚ। ਜਿਸ ਸੰਗੀਤ ਸਭਾ ਵਿਚ ਹਜ਼ੂਰ ਗਏ, ਪਹਿਲਾਂ ਪੁਛਿਆ ਰਾਜਨ ਸਾਜਨ?

ਏਸ ਤਰ੍ਹਾਂ ਹਰ ਸਭਾ ਵਿਚ ਹਾਜ਼ਰੀ ਲਗਣੀ ਸ਼ੁਰੂ ਹੋ ਗਈ। ਸਟੇਜ ਮਿਲ ਗਈ ਤੇ ਨਿਹਾਲ ਹੋ ਗਏ। ਅਜ ਸਤਿਗੁਰੂ ਜੀ ਦੇ ਬੁਲੌਣ ਉਤੇ ਵੀ ਜੇ ਭੈਣੀ ਸਾਹਿਬ ਆਏ ਤਾਂ ਹਵਾਈ ਜਹਾਜ਼ ਉਤੇ ਹੀ ਅਤੇ ਵਾਪਸੀ ਦਾ ਇੰਤਜ਼ਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜ਼ਿੰਮੇ। ਓਹ ਵੀ ਹਵਾਈ ਜਹਾਜ਼ ਦੁਆਰਾ ਹੀ। ਪੰਜ ਤਾਰਾ ਹੋਟਲਾਂ ਵਰਗੀ ਰਿਹਾਇਸ਼ ਤੇ ਸਾਰਾ ਖਰਚਾ ਸਤਿਗੁਰੂ ਜੀ ਦੇ ਜ਼ਿੰਮੇ। ਇਕ ਦਿਨ ਦੀ ਵੀ ਵਿਹਲ ਨਹੀਂ। ਸਾਰੀ ਦੁਨੀਆਂ ਦਾ ਚਕਰ। ਅੱਜ ਇੰਗਲੈਂਡ, ਕੱਲ੍ਹ ਅਮਰੀਕਾ, ਪਰਸੋਂ ਕੈਨੇਡਾ।

ਜਿਨਾਂ ਨੂੰ ਸਾਰੀ ਦੁਨੀਆਂ ਤੋਂ ਮਿਲੇ ਦਾਦ।
ਬੰਬਈ ਕਲਕਤਾ, ਕਾਨ੍ਹ ਪੁਰ ਤੇ ਦਿੱਲੀ ਕਿਸ ਨੂੰ ਯਾਦ।

ਏਸੇ ਵਾਸਤੇ ਤਾਂ ਸ੍ਰੀ ਗੁਰੂ ਜੀ ਨੇ ਦਰਬਾਰ ਸਾਹਿਬ ਵਿਚ ਲਿਖਿਆ ਹੈ –

ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ
ਸੁਆਵਗੀਰ ਸਭਿ ਉਘੜਿ ਆਏ। (ਗਉੜੀ ਦੀ ਵਾਰ, ਮ ੪)

ਅਜੇਹੀਆਂ ਅਨੇਕਾਂ ਘਟਨਾਵਾਂ ਹਨ, ਜਿਨ੍ਹਾਂ ਦਾ ਵਰਣਨ ਕਰਨਾ ਏਥੇ ਜ਼ਰੂਰੀ ਨਹੀਂ। ਏਹ ਤਾਂ ਨਮੂਨੇ ਵਜੋਂ ਪਾਠਕਾਂ ਦੀ ਭੇਟਾ ਕੀਤਾ ਹੈ।

ਸੰਤਾਂ ਦੀ ਕਿਰਪਾ

ਸੰਤਾਂ ਦੀ ਕਿਰਪਾ ਦ੍ਰਿਸ਼ਟੀ ਕਈ ਤਰ੍ਹਾਂ ਦੀ ਹੁੰਦੀ ਹੈ। ਨਵੀਂ ਤਰਜ਼ ਦੀ ਕ੍ਰਿਪਾ ਦ੍ਰਿਸ਼ਟੀ ਦੀ ਏਹ ਵੀ ਇਕ ਮਿਸਾਲ ਹੈ।

ਸ੍ਰੀ ਸਤਿਗੁਰੂ ਜੀ ਨੇ ਬੱਚਿਆਂ ਦੀ ਸਿਖਲਾਈ ਵਾਸਤੇ ਇਕ ਚੰਗੇ ਗੁਣੀ ਆਦਮੀ ਨੂੰ ਬੜੀ ਚੰਗੀ ਤਨਖਾਹ ਉਤੇ ਸ੍ਰੀ ਭੈਣੀ ਸਾਹਿਬ ਲਿਆਂਦਾ। ਏਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਆਪਣੇ ਪਿਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਸੰਗੀਤ ਨਾਲ ਹਦੋਂ ਵੱਧ ਸਨੇਹ ਹੈ। ਵਧੀਆ ਸੰਗੀਤਕਾਰ ਆਪਣੇ ੩੨ ਦੰਦਾਂ ਵਿਚੋਂ ਜੋ ਮੰਗੇ ਸਤਿਗੁਰੂ ਜੀ ਦੇ ਦਰਬਾਰ ਵਿਚੋਂ ਸੋ ਹਾਜ਼ਰ ਹੈ। ਤੁਸੀਂ ਸਤੇ ਬਲਵੰਡ ਦੀ ਸਾਖੀ ਤਾਂ ਸੁਣੀ ਹੀ ਹੋਵੇਗੀ? ਏਹ ਸਾਖੀ ਮੈਂ ਅਗੇ ਚਲਕੇ ਤੁਹਾਨੂੰ ਦਸਾਂਗਾ। ਪਹਿਲਾਂ ਏਸ ਪ੍ਰਸੰਗ ਨੂੰ ਆਪਾਂ ਅਗ੍ਹੇ ਤੋਰ ਲਈਏ। ਏਸ ਸੰਗੀਤਕਾਰ ਦਾ ਅਸਲ ਨਾਮ ਤਾਂ ਮੈਂ ਏਥੇ ਨਹੀਂ ਲਿਖਾਂਗਾ। ਤੁਸੀਂ ਸਮਝ ਲਓ ਏਸ ਉਸਤਾਦ ਦਾ ਨਾਮ ਰਵੀ ਹੈ। ਰਵੀ ਨੇ ਬੜੇ ਪ੍ਰੇਮ ਨਾਲ ਬਚਿਆਂ ਨੂੰ ਸੰਗੀਤ ਸਿਖਾਯਾ। ਬੱਚੇ ਵੀ ੧੫-੨੦ ਸਨ, ਜਿਨਾਂ ਨੂੰ ਸਾਂਭਣਾਂ ਕੋਈ ਸੌਖੀ ਗਲ ਨਹੀਂ ਸੀ। ਅਸਲੋਂ ਨਰਾਂ ਦਾ ਤਬੇਲਾ। ਬਿਨਾਂ ਮੁਹਾਰ ਤੋਂ ਊਠ ਜਾਂ ਬੇ-ਲਗਾਮ ਘੋੜਾ। ਸਤਿਗੁਰੂ ਜੀ ਨੇ ਰਵੀ ਦੇ ਨਾਲ ਸੰਤ ਹਜ਼ਾਰਾ ਸਿੰਘ ਜੀ ਮਾਫੀ ਦੀ ਡਿਊਟੀ ਲਾ ਦਿਤੀ। ਸੰਤ ਜੀ ਅਠੇ ਪਹਿਰ ਖੂੰਡਾ ਫੜ ਕੇ ਬਚਿਆਂ ਨੂੰ ਸਿਧੀ ਪਗਡੰਡੀ ਤੋਰਦੇ। ਏਸ ਤਰ੍ਹਾਂ ਬੱਚੇ ਹੁਣ ਕੰਟ੍ਰੋਲ ਹੇਠ ਆ ਗਏ। ਸੰਤ ਹਜ਼ਾਰਾ ਸਿੰਘ ਜੀ ਆਪ ਵੀ ਸੰਗੀਤ ਦੇ ਬੇਹੱਦ ਸ਼ੌਕੀਨ ਸਨ। ਮਾੜੇ ਮੋਟੇ ਰਾਗੀ ਨੂੰ ਓਹ ਨਿਗਾਹ ਥਲੇ ਘਟ ਹੀ ਲਿਔਂਦੇ ਸਨ। ਪਰ ਰਵੀ ਨੂੰ ਓਹ ਵੀ ਉਸਤਾਦ ਮੰਨਦੇ ਸਨ। ਦੋਹਾਂ ਦੀ ਡੂੰਘੀ ਯਾਰੀ ਬਣ ਗਈ।

ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਜੀ ਵਿਚ ਸੰਗੀਤ ਮੁਕਾਬਲਾ ਹੋਇਆ। ਜਿਸ ਵਿਚ ਸੈਕਰੇਟਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਭੈਣੀ ਸਾਹਿਬ ਦੇ ਏਹਨਾਂ ਬੱਚਿਆਂ ਨੂੰ ਟਾਈਮ ਨਹੀਂ ਸੀ ਦੇਣਾ ਚਾਹੁੰਦਾ। ਮਹਾਰਾਜ ਬੀਰ ਸਿੰਘ ਜੀ ਤਾਂ ਦੋ ਦਿਨਾਂ ਦੀ ਇੰਤਜ਼ਾਰ ਪਿਛੋ ਵਾਪਸ ਆ ਗਏ ਅਤੇ ਰਾਗੀ ਬੱਚਿਆਂ ਦੀ ਸੇਵਾ ਵਿਚ ਸੰਤ ਹਜਾਰਾ ਸਿੰਘ ਜੀ ਨੂੰ ਕਰ ਦਿਤਾ। ਸੰਤ ਜੀ ਬੜੇ ਹੁਸ਼ਿਆਰ ਦਿਮਾਗ ਤੇ ਚੁਸਤ ਦਰੁਸਤ ਤਿਆਰ ਬਰ ਤਿਆਰ ਘੁਲਾਟੀਏ ਸਨ। ਅਤੇ ਉਹਨਾਂ ਨੇ ਨਿਸਚਾ ਕਰ ਲਿਆ ਸੀ ਕਿ ਵਕਤ ਲੈ ਕੇ ਹੀ ਛਡਣਾ ਹੈ। ਬਚਿਆਂ ਦੇ ਉਸਤਾਦ ਜੋ ਕਦੇ ਕਦੇ ਹਰਿਮੰਦਰ- ਅੰਮ੍ਰਿਤਸਰ ਵੀ ਕੀਰਤਨ ਕਰਦੇ ਰਹਿੰਦੇ ਸਨ ਓਹਨਾਂ ਦੇ ਵੀ ਪੈਰ ਨਹੀਂ ਸੀ ਲਗਣ ਦੇ ਰਿਹਾ ਸੈਕਟਰੀ। ਸ਼ਾਇਦ ਓਹ ਜਾਣਦਾ ਸੀ ਕਿ ਰਵੀ ਦੇ ਸ਼ਾਗਿਰਦ ਜਰੂਰ ਬਾਜੀ ਮਾਰ ਲੈਣਗੇ। ਤੇ ਏਸ ਤਰ੍ਹਾਂ ਸਾਡੇ ਸਾਰੇ ਰਾਗੀਆਂ ਨੂੰ ਨਮੋਸ਼ੀ ਆਵੇਗੀ। ਜਦੋਜਹਿਦ ਕਰਦਿਆਂ ਰਾਤ ਦੇ ਦਸ ਵਜ ਗਏ। ਜਦੋਂ ਕਿ ਬੱਚੇ ਵੀ ਉਂਘਲਾਉਣ ਲਗ ਪਏ ਤੇ ਮੇਲਾ ਵੀ ਵਿਝੜਨ ਲਗ ਪਿਆ ਸੀ, ਅੱਧੇ ਮਨ ਨਾਲ ਮਜਬੂਰਨ ਸੈਕਟਰੀ ਨੂੰ ਇਜਾਜ਼ਤ ਦੇਣੀ ਹੀ ਪੈ ਗਈ।

ਰਾਗੀਆਂ ਦੇ ਸਿਰਮੌਰ ਇਕ ਸੰਤ ਨੇ ਹਾਰਮੋਨੀਅਮ ਵਾਜਾ ਦੇ ਦਿਤਾ ਅਤੇ ਆਪ ਪਿਛੇ ਹੋ ਕੇ ਖਲੋ ਗਿਆ ਕਿ ਮੁੰਡਿਆਂ ਦਾ ਤਮਾਸ਼ਾ ਹੀ ਦੋ ਮਿੰਟ ਵੇਖ ਲਈਏ। ਬਚਿਆਂ ਨੇ ਜਦੋਂ ਅਸਥਾਈ ਗਾਈ, ਦਰਿਆਵਾਂ ਦੇ ਪਾਣੀ ਖਲੋ ਗਏ। ਕਵੇਲਾ ਹੋਣ ਕਰਕੇ ਘਰ ਵਾਲੀਆਂ ਦੇ ਡਰ ਤੋਂ ਜਿਹੜੇ ਆਦਮੀ ਕਾਹਲੀ ਕਾਹਲੀ ਜੁਤੀਆਂ ਵਲ ਨੱਸੇ ਓਥੇ ਹੀ ਖਲੋ ਗਏ ਜਿਵੇਂ ਅਜੈਬ ਘਰ ਵਿਚ ਪੱਥਰ ਦੀਆਂ ਮੂਰਤੀਆਂ ਹੋਣ। ਇਕ ਦਮ ਸ਼ਾਂਤੀ ਵਰਤ ਗਈ। ਜਦੋਂ ਬੱਚਿਆਂ ਨੇ ਦੂਗਣ ਤਿਗਣ ਕੀਤੀ, ਤਾੜੀਆਂ ਨਾਲ ਚੁਫੇਰਾ ਗੂੰਜ ਉਠਿਆ। ਜਦੋਂ ਬਚਿਆਂ ਨੇ ਤਿਹਾਈਆਂ ਚਕੀਆਂ ਫੇਰ ਤਾਂ ਗਜ਼ਬ ਹੀ ਹੋ ਗਿਆ। ਚਾਰ ਚੁਫੇਰਿਓਂ ਸ਼ਾਬਾਸ਼ ਸ਼ਾਬਾਸ਼ ਦੀਆਂ ਆਵਾਜ਼ਾਂ ਗੂੰਜ ਉਠੀਆਂ। ਜਦੋਂ ਬਚੇ ਉਠਣ ਲੱਗੇ —ਇਕ ਹੋਰ, ਇਕ ਹੋਰ, ਵਨਸ ਮੋਰ।

ਜਿਸ ਸੰਗੀਤ ਮਾਸਟਰ ਨੇ ਵਾਜਾ ਦਿਤਾ ਸੀ – ਓਹ ਘਬਰਾ ਗਿਆ। ਬੱਚਿਆਂ ਨੇ ਸਾਰੇ ਰਾਗੀਆਂ ਦੀ ਕੰਡ ਲਾ ਦਿਤੀ। ਓਹ ਹਾਰਮੋਨੀਅਮ ਖੋਹਣ ਜਾ ਪਿਆ। ਬੱਚਿਆਂ ਦੇ ਉਦਾਲੇ ਜਿਹੜੀ ਸੰਗਤ ਬੈਠੀ ਸੀ – ਓਹਨਾਂ ਕਿਹਾ – ਸੰਤਾ! ਘਸੁੰਨ ਦਿਸਦੇ ਨੇ ਵਾਜੇ ਨੂੰ ਹੱਥ ਤਾਂ ਲਾ ਕੇ ਵਿਖਾ। ਏਹ ਓਦੋਂ ਹੀ ਮਿਲੇਗਾ ਜਦੋਂ ਬੱਚੇ ਆਪਣੇ ਆਪ ਦੇਣਗੇ।

ਬੱਚਿਆਂ ਨੇ ਇਕ ਸ਼ਬਦ ਹੋਰ ਪੜ੍ਹਿਆ। ਸੰਗਤਾਂ ਚਾਹੁੰਦੀਆਂ ਸਨ ਬੱਚੇ ਗਾਈ ਜਾਣ ਤੇ ਅਸੀਂ ਸੁਣੀ ਜਾਵੀਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਗੁਰਚਰਨ ਸਿੰਘ ਟੌਹੜਾ ਉਠ ਕੇ ਆਏ। ਇਕ ਵਧੀਆ ਸ਼ਾਲ ਤੇ ਪੰਜ ਸੌ ਰੁਪਏ ਬੱਚਿਆਂ ਦੀ ਭੇਟ ਕੀਤੇ ਅਤੇ ਨਾਲ ਹੀ ਆਜਜ਼ੀ ਨਾਲ ਕਿਹਾ – ਸ਼ਾਬਾਸ਼ ਬਚਿਓ ਸ਼ਾਬਾਸ਼! ਸਾਡਾ ਸੰਗੀਤ ਸੰਮੇਲਨ ਸਫਲ ਬਣਾ ਦਿਤਾ।

ਉਸਤਾਦ ਮਹਿੰਦਰ ਸਿੰਘ ਅੰਮ੍ਰਿਤਸਰੋਂ ਔਂਦਾ ਸੀ। ਅਤੇ ੧੫ ਦਿਨ ਸਿਖਾ ਕੇ ਫੇਰ ਵਾਪਸ ਆਪਣੇ ਘਰ ਪਰਤ ਜਾਂਦਾ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਖੁਸ਼ ਹੋ ਕੇ ਇਕ ਦਿਨ ਕਿਹਾ - ਮਹਿੰਦਰ ਸਿੰਘ ਤੂੰ ਦੂਰੋਂ ਔਂਦਾ ਜਾਂਦਾ ਹੈਂ। ਅਸੀਂ ਚਾਹੁੰਦੇ ਹਾਂ ਤੈਨੂੰ ਲੁਧਿਆਣੇ ਕੋਠੀ ਬਣਾ ਦੇਈਏ। ਤਾਕਿ ਤੂੰ ਸਾਡੇ ਹੋਰ ਨੇੜੇ ਰਹੇਂ। ਜਦੋਂ ਅਸੀਂ ਚਾਹੀਏ ਤੈਨੂੰ ਬੁਲਾ ਲਿਆ ਕਰੀਏ। ਏਸ ਤਰ੍ਹਾਂ ਤੈਨੂੰ ਸੌਖ ਹੋ ਜਾਵੇਗੀ। ਬਾਲ-ਬੱਚੇ ਤੂੰ ਏਥੇ ਈ ਲੈ ਆ ਅਤੇ ਆਪਣੇ ਘਰ ਨੂੰ ਤੂੰ ਕਿਰਾਏ ਉਤੇ ਦੇ ਦੇ।

ਏਸ ਤੋਂ ਵਡੀ ਖੁਸ਼ੀ ਹੋਰ ਕਿਹੜੀ ਹੋ ਸਕਦੀ ਸੀ — ਇਕ ਸੰਗੀਤ ਦੇ ਉਸਤਾਦ ਵਾਸਤੇ। ਕੋਠੀ ਤਾਂ ਰਾਗੀ ਸਾਰੀ ਉਮਰ ਵਿਚ ਨਹੀਂ ਬਣਾ ਸਕਦਾ। ਏਹ ਤਾਂ ਸਤਿਗੁਰਾਂ ਦੀ ਮਿਹਰ ਤੇ ਕਿਰਪਾ ਦ੍ਰਿਸ਼ਟੀ ਸਦਕਾ ਹੀ ਹੈ। ਚਹੁੰ ਸਾਲਾਂ ਦੀ ਘਾਲਣਾ ਪਿਛੋਂ ਈ ਲੱਖਾਂ ਦੀ ਕੋਠੀ। ਪਰ –

ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ॥

ਹੁਣ ਸੁਣੋ ਸੱਤੇ ਬਲਵੰਡ ਦੀ ਸਾਖੀ

ਏਹ ਦੋਵੇਂ ਰਾਗੀ ਭਾਈ ਮਰਦਾਨੇ ਦੇ ਵੰਸ਼ਜ ਸਨ। ਏਸ ਵਾਸਤੇ ਜੋ ਗੁਰੂ ਨਾਨਕ ਦੇਵ ਜੀ ਨੇ ਰੀਤਾਂ, ਤਰਜ਼ਾਂ ਅਤੇ ਅਨਹਦ ਨਾਦ ਦੀਆਂ ਧੁਨਾਂ ਮਰਦਾਨੇ ਨੂੰ ਸਿਖਾਈਆਂ ਸਨ– ਓਹ ਸਭ ਸੱਤੇ ਬਲਵੰਡ ਨੂੰ ਆਪਣੇ ਖ਼ਾਨਦਾਨ ਵਿਚੋਂ ਹੀ ਪ੍ਰਾਪਤ ਹੋ ਗਈਆਂ

ਸਨ। ਜੋ ਗੁਣੀ ਗਿਆਨੀ ਹੈਨ, ਓਹ ਜਿਥੋਂ ਵੀ ਵਸਤੂ ਮਿਲੇ, ਪ੍ਰਾਪਤ ਕਰ ਲੈਂਦੇ ਹੈਨ। ਕਹਿੰਦੇ ਨੇ – ਸੋਨਾ ਜੇ ਗੰਦ ਵਿਚ ਪਿਆ ਹੋਵੇ, ਤਾਂ ਵੀ ਸੰਭਾਲਣ ਜੋਗ ਹੈ। ਜਿਸ ਵਾਸਤੇ ਏਹ ਦੋਵੇਂ ਭਰਾ ਗੁਣਾਂ ਦੀ ਖਾਣ ਬਣ ਗਏ ਸਨ। ਪੰਜਵੇਂ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਦੇ ਅੱਤ ਪਿਆਰੇ ਗਵੱਯੇ ਸਨ। ਏਹਨਾਂ ਦੀ ਧੀ ਦਾ ਵਿਆਹ ਸੀ। ਗੁਰੂ ਜੀ ਨੇ ਕਿਹਾ – ਦਸੋ ਭਾਈ! ਕੀ ਚਾਹੀਦਾ ਹੈ ? ਗੁਰੂ ਜੀ ਦੇ ਦਰੋਂ ਘਰੋਂ ਜੋ ਚਾਹੋ ਓਹੋ ਕੁਝ ਮਿਲ ਸਕਦਾ ਹੈ।

ਪਰ ਲਾਲਚ ਬੁਰੀ ਬਲਾ ਹੈ। ਮੰਗਿਆਂ, ਕਪੜਾ ਲੀੜਾ ਗਹਿਣੇ ਆਦਿ ਸਭ ਕੁਝ ਮਿਲ ਸਕਦੇ ਸਨ ਅਤੇ ਰੁਪਿਆ ਪੈਸਾ ਭੀ। ਪਰ ਓਹਨਾਂ ਦੀ ਖਾਹਸ਼ ਏਸ ਤੋਂ ਬਹੁਤ ਅਗੇ ਵਧ ਗਈ ਸੀ।

ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿਚ ਓਸ ਵੇਲੇ ਦੂਰੋਂ ਦੂਰੋਂ ਬਹੁਤ ਦੂਰੋਂ ਸੰਗਤ ਔਂਦੀ ਸੀ। ਕਾਬਲ, ਕੰਧਾਰ, ਰਾਵਲਪਿੰਡੀ, ਪਿਸ਼ਾਵਰ, ਦਿੱਲੀ, ਲਾਹੌਰ, ਬੰਗਾਲ, ਅਸਾਮ ਹੋਰ ਪਤਾ ਨਹੀਂ ਕਿਥੋਂ ਕਿਥੋਂ। ਸੰਗਤਾਂ ਜੋ ਭੇਟਾ ਲਿਔਂਦੀਆਂ ਸਨ, ਓਸਨੂੰ ਵੇਖ ਕੇ ਗੁਰੂ ਕੇ ਆਪਣੇ ਭਰਾ ਪ੍ਰਿਥੀਏ ਤੇ ਚੰਦੂ ਵਰਗੇ ਦੁਸ਼ਟ ਤੇ ਜਹਾਂਗੀਰ ਜੈਸੇ ਆਲਮਗੀਰ ਬਾਦਸ਼ਾਹਾਂ ਦੇ ਪੇਟ ਵਿਚ ਸੂਲ ਉਠ ਪੈਂਦੇ ਸਨ। ਵਧੀਆ ਤੋਂ ਵਧੀਆ ਬਹੁਤ ਵਧੀਆ ਰੇਸ਼ਮ, ਕਿਮ ਖਾਬ ਜ਼ਰੀ ਯਾਫ਼ਤਾ ਅਤੇ ਬਨਾਰਸ ਦੇ ਸ਼ਾਨਦਾਰ ਰੇਸ਼ਮੀ ਦੁੱਪਟੇ, ਸਾੜੀਆਂ ਭੇਟਾ ਵਿਚ ਹੀਰੇ ਜਵਾਹਰਾਤ, ਸੋਨੇ ਚਾਂਦੀ ਦੇ ਬਰਤਨ। ਨਗੀਨੇ ਜੜੇ ਅਲੰਕਾਰ ਹੋਰ ਪਤਾ ਨਹੀਂ ਕਿਤਨਾ ਕੁਝ। ਏਹ ਸਭ ਕੁਝ ਸੱਤਾ ਬਲਵੰਡ ਦੇ ਸਾਹਮਣੇ ਹੀ ਢੇਰਾਂ ਦੇ ਢੇਰ ਰੋਜ਼ਾਨਾ ਲਗਦੇ ਅਤੇ ਸਿਖਾਂ ਨੂੰ ਸਾਮਾਨ ਸਾਂਭਣ ਲਗਿਆਂ ਰਾਤ ਪੈ ਜਾਂਦੀ ਸੀ। ਜਿਸ ਵਾਸਤੇ ਗੁਰੂ ਜੀ ਦੀਆਂ ਸਾਰੀਆਂ ਪੇਸ਼ਕਸਾਂ ਰੱਦ ਕਰਕੇ ਰਬਾਬੀਆਂ ਨੇ ਕਿਹਾ :-

"ਨਹੀਂ ਹਜ਼ੂਰ! ਇਉਂ ਨਹੀਂ!! ਸਾਨੂੰ ਇਕ ਦਿਨ ਦੀ ਕਾਰ ਭੇਟਾ ਮਿਲ ਜਾਏ ਏਹੋ ਬਹੁਤ ਹੈ।"

ਗੁਰੂ ਜੀ ਨੇ ਬਥੇਰਾ ਸਮਝਾਇਆ, ਪਰ ਓਹ ਇਕੋ ਲੱਤ ਉਤੇ ਹੀ ਰਹੇ।

ਗੁਰੂ ਜੀ ਨੇ ਕਿਹਾ ਚੰਗਾ ਭਾਈ! ਕਲ੍ਹ ਦਾ ਦਿਨ ਤੁਹਾਨੂੰ ਦਿਤਾ।

ਦੂਸਰੇ ਦਿਨ ਰੇਸ਼ਮੀ ਦੁਪਟੇ ਸਿਰਾਂ ਤੇ ਸਜਾ ਕੇ ਨਵੇਂ ਸਾਜ ਬਾਜ ਨਾਲ ਜਾਂਞੀਆਂ ਵਾਂਗ ਤਿਆਰ ਹੋ ਸੱਤੇ ਬਲਵੰਡ, ਓਹ ਰੀਤਾਂ ਗਾਵੀਆਂ, ਜਿਨਾਂ ਨਾਲ ਪਿਪਲਾਂ ਉਤੇ ਮੋਰ ਅਤੇ ਅੰਬਾਂ ਉਤੇ ਬੈਠੀਆਂ ਕੋਇਲਾਂ ਵੀ ਨਾਲ ਹੀ ਕੂਕਣ ਲਗ ਗਈਆਂ। ਸੰਗਤ ਅਤੇ ਗੁਰੂ ਜੀ ਵੀ ਵਿਸਮਾਦ ਦੀ ਅਵਸਥਾ ਵਿਚ ਪਹੁੰਚ ਗਏ। ਦੀਵਾਨ ਵੀ ਲੰਮਾ ਤੇ ਹੋਰ ਲੰਮਾ ਖਿਚਦਾ ਚਲਾ ਗਿਆ। ਪਰ ਗੁਰੂ ਜੀ ਦਾ ਆਸਣ ਬਿਲਕੁਲ ਖਾਲੀ। ਓਸ ਅਵਸਥਾ ਨੂੰ ਸੱਤਾ ਬਲਵੰਡ ਹੀ ਸਮਝ ਸਕਦੇ ਸਨ। ਅਸੀਂ ਤੁਸੀਂ ਨਹੀਂ। ਆਖਰ ਗ਼ਲਤੀ ਨਾਲ ਕਿਸੇ ਸਿਖ ਨੇ ਇਕ ਰੁਪੈਆ ਮਥਾ ਟੇਕ ਦਿਤਾ। ਅਤੇ ਸਤਿਗੁਰੂ ਜੀ ਨੇ ਚੁਕ ਕੇ ਰਬਾਬੀਆਂ ਨੂੰ ਕਿਹਾ – ਲਓ ਭਾਈ ਤੁਹਾਡੀ ਕਿਸਮਤ!!!

ਫੇਰ ਕੀ ਸੀ। ਜੋ ਅਗੋਂ ਹੋਇਆ, ਓਹ ਕਹਿਣ ਸੁਣਨ ਤੋਂ ਪਰ੍ਹੇ ਹੈ।

ਹੁਣ ਸੁਣੋ ਸੰਤ ਹਜ਼ਾਰਾ ਸਿੰਘ ਜੀ ਦੀ ਕਰਾਮਾਤ

ਮਹਿੰਦਰ ਸਿੰਘ ਤੇ ਸੰਤ ਜੀ ਦੀ ਇਕੋ ਗੱਲ ਸੀ। ਮਹਿੰਦਰ ਸਿੰਘ ਨੇ ਚਾਈਂ ਚਾਈਂ ਸੰਤ ਜੀ ਨੂੰ ਦਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ! ਮੈਨੂੰ ਲੁਧਿਆਣੇ ਵਿਚ ਕੋਠੀ

ਬਣਵਾ ਕੇ ਦੇ ਰਹੇ ਹੈਨ। ਜੋ ਅੱਧ ਤੋਂ ਬਹੁਤੀ ਬਣ ਗਈ ਹੈ। ਅਤੇ ਸਾਨੂੰ ਏਥੇ ਮੁਸਤਕਿਲ ਦਾ ਹੁਕਮ ਹੋ ਚੁਕਾ ਹੈ।

ਪਤਾ ਨਹੀਂ ਸੰਤ ਜੀ ਨੇ ਸਤਿਗੁਰੂ ਜੀ ਦੀ ਹਿਮਾਇਤ ਕੀਤੀ ਜਾਂ ਰਾਗੀ ਸਿੰਘ ਨੂੰ ਹੋਰ ਜਿਆਦਾ ਖੁਸ਼ ਕਰਨਾ ਚਾਹੁੰਦੇ ਸਨ।

ਵੇਖੀਂ ਕਿਤੇ ਏਹਨਾਂ ਦੀਆਂ ਗਲਾਂ ਵਿਚ ਆਕੇ-ਆਪਦਾ ਪਹਿਲਾ ਘਰ ਵੀ ਨਾ ਗੁਆ ਬਹੀਂ। ਜੇ ਤੈਨੂੰ ਗੁਰੂ ਜੀ ਕੋਠੀ ਦੀ ਬਖਸ਼ਿਸ਼ ਕਰ ਰਹੇ ਹੈਨ – ਤਾਂ ਓਹਨਾਂ ਅਗੇ ਅਰਜ਼ ਕਰ – ਕਿ ਕੋਠੀ ਤੇਰੇ ਨਾਮ ਕਰਵਾ ਦੇਣ। ਬਲਕਿ ਜਿਸ ਪਲਾਟ ਉਤੇ ਕੋਠੀ ਬਣਨੀ ਹੈ ਓਹ ਖਿੱਤਾ ਆਪਦੇ ਨਾਮ ਕਰਵਾ ਲੈ। ਫੇਰ ਹਾਂ ਕਰੀਂ!! ਏਹਨਾਂ ਦੇ ਮੁਖਤਿਆਰਾਂ ਦਾ ਪਤਾ ਨਹੀਂ; ਕਦੋਂ ਤੈਨੂੰ ਕਹਿ ਦੇਣ ਕਿ ਸਿੰਘ ਜੀ! ਬਿਸਤਰਾ ਗੋਲ ਕਰੋ। ਏਥੇ ਦੂਸਰੇ ਰਾਗੀ ਨੂੰ ਬਿਠੌਣਾ ਹੈ?

ਗੱਲ ਮਹਿੰਦਰ ਸਿੰਘ ਦੇ ਦਿਲ ਲਗ ਗਈ। ਤੇ ਓਹ ਏਸੇ ਗੱਲ ਉਤੇ ਪੱਕਾ ਹੋ ਗਿਆ। ਓਸ ਭੋਲੇ ਮਨੁਖ ਨੂੰ ਏਹ ਨਹੀਂ ਸੀ ਪਤਾ — ਗੁਰੂ ਘਰ ਵਿਚ ਕਾਨੂੰਨੀ ਹਿਕਮਤ — ਅਮਲੀ ਨਹੀਂ ਚਲਦੀ। ਏਹ ਤਾਂ ਬਖਸ਼ੀਸ਼ ਮੰਗਣ ਵਾਲਾ ਦਰ ਹੈ। ਤੇ ਬਖਸ਼ੀਸ਼ ਮੰਗਣ ਵਿਚ ਹੀ ਮਨੁਖ ਦਾ ਭਲਾ ਹੈ, ਏਥੇ ਵੀ ਤੇ ਓਥੇ ਵੀ।

ਅਜ ਜਦੋਂ ਟੀ. ਵੀ. ਉਤੇ, ਓਸ ਗਵੱਯੇ ਨੂੰ ਮੈਂ ਵੇਖਦਾ ਹਾਂ – ਰੋਣ ਨੂੰ ਜੀ ਕਰਦਾ ਹੈ। ਅੱਧੀ ਅਧੂਰੀ-ਬੇ-ਦਸਤੂਰੀ ਪੱਗ ਅਤੇ ਮੈਲਾ ਕੁਚੈਲਾ ਝੱਗਾ।

ਤੁਸੀਂ ਆਪ ਸੋਚੋ

ਏਹ ਗੱਲ ਪਤਾ ਨਹੀਂ ਕਿਤਨੀ ਕੁ ਸੱਚ ਹੈ। ਕਹਿੰਦੇ ਨੇ ਜਦੋਂ ਸ਼ਾਹਜਹਾਂ ਨੇ ਆਪਣੀ ਪ੍ਰੇਮਕਾ ਮੁਮਤਾਜ਼ ਮਹਿਲ ਦਾ ਮਕਬਰਾ ਬਣੌਣ ਦਾ ਮਨ ਬਣਾਇਆ, ਓਸ ਵੇਲੇ ਸਭ ਤੋਂ ਪਹਿਲਾਂ ਸਾਰਿਆਂ ਮੁਲਕਾਂ ਦੇ ਵਧੀਆ ਇੰਜੀਨੀਅਰਾਂ ਤੋਂ ਮਹਿਲ ਦੇ ਨਕਸ਼ੇ ਮੰਗੇ। ਹਜ਼ਾਰਾਂ ਨਕਸ਼ਿਆਂ ਵਿਚੋਂ ਇਕ ਨਕਸ਼ਾ ਪਸੰਦ ਆ ਗਿਆ। ਜੋ ਕਹਿੰਦੇ ਨੇ - ਸਚ ਮੁਚ ਏਸ ਤਰ੍ਹਾਂ ਦਾ ਸੀ, ਜਿਸ ਤਰਾਂ ਦਾ ਸਾਡੇ ਭਾਰਤੀ ਪੁਰਾਣਾਂ ਵਿਚ ਵਰਣਨ ਹੈ।

ਨਿਰੰਕਾਰ ਨੇ ਸ੍ਰਿਸ਼ਟੀ ਦੀ ਰਚਨਾ ਕਰਨ ਵੇਲੇ ਇਕ ਕਲਪਨਾ ਕੀਤੀ। ਆਪਣੀ ਨਾਭੀ ਵਿਚੋਂ ਇਕ ਕਮਲ ਨਾਲ ਪੈਦਾ ਕੀਤੀ। ਜੋ ਵਧਦੀ ਵਧਦੀ ਦੇਵ ਲੋਕ ਦੇ ਬਰਾਬਰ ਉੱਚੀ ਨਿਕਲ ਗਈ। ਉਸ ਉਤੇ ਬਹੁਤ ਹੀ ਖ਼ੂਬਸੂਰਤ ਸ੍ਵਰਨ ਕਮਲ ਵਿਕਸਤ ਹੋਇਆ। ਤੇ ਓਸ ਉਤੇ ਅਤੀ ਹੁਸੀਨ ਬ੍ਰਹਮਾਂ ਨੇ ਜਨਮ ਲੀਤਾ। ਜਿਸ ਨੇ ਸਾਰੀ ਸ੍ਰਿਸ਼ਟੀ ਦੀ ਰਚਨਾ ਕਰ ਦਿਤੀ। ਏਹੋ ਸ੍ਰਿਸ਼ਟੀ ਜਿਸ ਬਾਬਤ ਬਾਣੀ ਵਿਚ ਦਰਜ ਹੈ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ।।

(ਰਾਮਕਲੀ ਮਹਲਾ ੩ ਅਨੰਦ)

ਠੀਕ ਏਸੇ ਤਰ੍ਹਾਂ ਦੇ ਨਾਭ ਕਮਲ ਦੀ ਸ਼ਕਲ ਦਾ ਨਕਸ਼ਾ ਸ਼ਾਹਜਹਾਂ ਨੇ ਪਸੰਦ ਕੀਤਾ। ਏਸ ਨੂੰ ਪ੍ਰਤੱਖ ਰੂਪ ਵਿਚ ਸ੍ਵਰੂਪ ਦੇਣ ਵਾਸਤੇ ਵਧੀਆ ਤੋਂ ਵਧੀਆ ਇੰਜੀਨੀਅਰ ਤੇ ਕਾਰੀਗਰ ਸੱਦੇ ਗਏ। ਜਦੋਂ ਹਾਜ਼ਰੀ ਮਨ ਪਸੰਦ ਹੋ ਗਈ ਤਾਂ ਸ਼ਾਹ ਜਹਾਂ ਓਹਨਾਂ ਸਾਰਿਆਂ ਨੂੰ ਜਮਨਾ ਕਿਨਾਰੇ ਲੈ ਗਿਆ, ਜਿਥੇ ਤਾਜ ਮਹੱਲ ਬਣੌਣ ਦਾ ਓਸ ਨੇ ਮਨ ਬਣਾ ਰਖਿਆ ਸੀ।

ਸਾਰਿਆਂ ਕਾਰੀਗਰਾਂ ਨੂੰ ਥੈਲੀਆਂ ਵਿਚ ਮੋਹਰਾਂ ਪਾਕੇ ਓਹਨਾਂ ਦੇ ਹਥੀਂ ਫੜਾ ਦਿਤੀਆਂ। ਅਤੇ ਕੁਝ ਮਿੰਟਾਂ ਪਿਛੋਂ ਸਾਵਧਾਨੀ ਪੂਰਵਕ ਬਾਦਸ਼ਾਹ ਨੇ ਹੁਕਮ ਦਿਤਾ - ਸਾਰੇ ਜਣੇ ਥੈਲੀਆਂ "ਜਮਨਾ ਵਿਚ" ਸੁਟ ਦਿਓ।

ਜੋ ਝਕ ਗਏ ਓਹ ਰਹਿ ਗਏ। ਜਿੰਨ੍ਹਾਂ ਵਗਦੇ ਦਰਿਆ ਵਿਚ ਸੁਟ ਦਿਤੀਆਂ ਓਹਨਾਂ ਨੂੰ ਕੰਮ ਤੇ ਲਾ ਲਿਆ। ਹਜ਼ਾਰਾਂ ਮਜ਼ਦੂਰਾਂ ਨੇ ਰਾਤ ਦਿਨ ਕੰਮ ਕਰਕੇ ਬਾਈ ਸਾਲਾਂ ਵਿਚ ਤਾਂਜ ਮਹਿਲ ਖੜ੍ਹਾ ਕਰ ਦਿਤਾ ਜੋ ਅੱਜ ਦੁਨੀਆਂ ਵਿਚ ਜਿਉਂਦਾ ਜਾਗਦਾ ਅਜੂਬਾ ਹੈ।

ਠੀਕ ਏਸੇ ਤਰ੍ਹਾਂ ਦੀ ਹੀ ਕਾਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵਰਤਾਈ ਹੈ। ਤੇ ਰਾਮ ਸਰੋਵਰ ਤਾਲਾਬ ਨੂੰ ਇਕ ਨਮੂਨੇ ਦਾ ਅਜੂਬਾ ਬਨਾਉਣ ਖਾਤਰ- ਦੁਨੀਆਂ ਦੇ ਇੰਜੀਨੀਅਰਾਂ ਤੋਂ ਨਕਸ਼ੇ ਮੰਗੇ। ਅਤੇ ਸ. ਮੇਹਰਬਾਨ ਸਿੰਘ ਆਰਚੀਟੈਕਟ ਦਾ ਤਿਆਰ ਕੀਤਾ ਇਕ ਨਕਸ਼ਾ ਪਸੰਦ ਆ ਗਿਆ। ਅਤੇ ਓਹ ਨਕਸ਼ਾ ਸ਼ਾਇਆ ਵੀ ਕਰ ਦਿਤਾ ਜਿਸਦਾ ਖਰਚਾ ਕਰੋੜਾਂ ਰੁਪਏ ਸੀ ਅਤੇ ਬਣੌਣ ਦਾ ਐਲਾਨ ਵੀ ਸਤਿਗੁਰੂ ਜੀ ਨੇ ਕਰ ਦਿਤਾ।

ਕਵੀ ਪ੍ਰੀਤਮ ਸਿੰਘ ਜੀ ਕਹਿਣ ਲਗੇ – ਮੈਂ ਆਪਣੇ ਦੇ ਘਰ ਦੇ ਹੀ ਅੰਦਾਜ਼ੇ ਮੁਤਾਬਕ ਸਾਧ ਸੰਗਤ ਨੂੰ ਏਹ ਵੀ ਦਸ ਦਿਤਾ ਕਿ ਏਸ ਨਕਸ਼ੇ ਮੁਤਾਬਕ ਤਾਲਾਬ ਪੰਜ ਸਾਲਾਂ ਵਿਚ ਤਿਆਰ ਹੋਵੇਗਾ ਅਤੇ ਪੰਜ ਕਰੋੜ ਹੀ ਏਸ ਤੇ ਰੁਪਿਆ ਖਰਚ ਆਵੇਗਾ। ਜਦੋਂ ਮੈਂ ਸ੍ਰੀ ਸਤਿਗੁਰੂ ਜੀ ਤੋਂ ਜ਼ਾਨਣਾ ਚਾਹਿਆ ਤਾਂ ਕਹਿਣ ਲਗੇ —

ਮੈਨੂੰ ਨਹੀਂ ਪਤਾ ਕਿਤਨਾ ਖਰਚ ਆਵੇਗਾ ਅਤੇ ਕਿਤਨੇ ਚਿਰ ਵਿਚ ਬਣਕੇ ਤਿਆਰ ਹੋਵੇਗਾ।

ਏਹ ਖਬਰ ਬਿਜਲੀ ਦੀ ਤਰ੍ਹਾਂ ਸਾਰੇ ਨਾਮਧਾਰੀ ਦਰਬਾਰ ਵਿਚ ਕੌਂਧ ਗਈ। ਅਤੇ ਕਈ ਇੰਜੀਨੀਅਰਾਂ ਨੇ ਆਪਣੇ ਦਿਮਾਗ ਅਨੁਸਾਰ ਏਸ ਖਾਕੇ ਉਤੇ ਦਿਮਾਗ ਲੜਾਏ। ਅਤੇ ਖਰਚ ਦੇ ਅੰਦਾਜ਼ੇ ਕਰਕੇ ਖਰਚ ਘਟੌਣ ਜਾਂ ਨਕਸ਼ੇ ਵਿਚ ਥੋਹੜੀ ਬਹੁਤ ਤਰਮੀਮ ਕਰਨ ਦੇ ਜਤਨ ਕੀਤੇ। ਏਸ ਕੰਮ ਵਿਚ ਸਭ ਤੋਂ ਅਗੇ ਸਨ ਸਤਿਗੁਰੂ ਜੀ ਦੇ ਸੇਵਕ ਇੰਜੀਨੀਅਰ ਸੰਤ ਜਸਵੰਤ ਸਿੰਘ ਜੀ ਕੱਲ੍ਹਾ।

ਸੰਤ ਜਸਵੰਤ ਸਿੰਘ ਜੀ ਨੂੰ ਅਫ੍ਰੀਕਾ ਤੋਂ ਭੈਣੀ ਸਾਹਿਬ ਲੈ ਕੇ ਆਏ ਸਨ ਜਿਥੇ ਏਹ ਕਈ ਹਜ਼ਾਰ ਰੁਪਏ ਮਾਹਵਾਰ ਤੇ ਕਿਸੇ ਅੰਗ੍ਰੇਜ਼ ਦੀ ਫਰਮ ਵਿਚ ਮੁਲਾਜ਼ਮ ਸਨ। ਜਦੋਂ ਸੰਤ ਜੀ ਨੇ ਸਤਿਗੁਰੂ ਜੀ ਨੂੰ ਅਰਜ਼ ਕਰਕੇ ਦਸਿਆ - ਕਿ ਜੇ ਮੈਂ ਏਸ ਕੰਪਨੀ ਕੋਲ ਛੇ ਸਾਲ ਹੋਰ ਨੌਕਰੀ ਕਰ ਲਵਾਂ ਤਾਂ ਮੈਂ ਪੈਨਸ਼ਨ ਲੈਣ ਦਾ ਹੱਕਦਾਰ ਹੋ ਜਾਵਾਂਗਾ ਅਤੇ ਏਸ ਤਰ੍ਹਾਂ ਕਈ ਹਜ਼ਾਰ ਰੁਪਏ ਪੈਨਸ਼ਨ ਮਿਲਨੀ ਸ਼ੁਰੂ ਹੋ ਜਾਵੇਗੀ। ਅਤੇ ਓਹ ਸਾਰੇ ਰੁਪਏ ਪੈਨਸ਼ਨ ਦੇ ਗੁਰੂ ਕੇ ਲੰਗਰ ਦੇ ਹੀ ਅਰਪਨ ਹੋਣਗੇ।

ਸਤਿਗੁਰੂ ਜੀ ਕਿਹਾ — ਛੱਡੋ ਸੰਤ ਜੀ ਪਰ੍ਹੇ। ਏਹੋ ਜੇਹੀਆਂ ਕੱਚੀਆਂ ਗੱਲਾਂ ਨਹੀਂ ਕਰੀਦੀਆਂ। ਸੰਤ ਜੀ ਸਭ ਕੁਝ ਛੱਡ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਸ੍ਰੀ ਭੈਣੀ ਸਾਹਿਬ ਆ ਗਏ।

ਸੰਤ ਜੀ ਨੇ ਸੋਚਿਆ ਪੰਜ ਕਰੋੜ ਰੁਪਏ ਦਾ ਖਰਚਾ ਬਹੁਤ ਜ਼ਿਆਦਾ ਹੈ। ਮੈਂ ਏਸ ਨੂੰ ਅਧ ਤੋਂ ਵੀ ਘਟ ਰੁਪੈਆਂ ਨਾਲ ਏਸੇ ਨਕਸ਼ੇ ਮੁਤਾਬਕ ਸੰਪੂਰਨ ਕਰ ਦਿਆਂਗਾ।

ਕੁਝ ਦਿਨਾਂ ਪਿਛੋਂ ਇਹ ਰਿਪੋਰਟ ਸਤਿਗੁਰੂ ਜੀ ਕੋਲ ਵੀ ਪਹੁੰਚ ਗਈ ਜੋ ਏਸ ਨੂੰ ਓਸੇ ਤਰ੍ਹਾਂ ਹੀ ਸੰਪੂਰਨ ਕਰੌਣਾ ਚਾਹੁੰਦੇ ਸਨ ਜਿਸ ਤਰ੍ਹਾਂ ਦੀ ਪਹਿਲਾਂ ਸਕੀਮ ਬਣ ਚੁਕੀ ਸੀ। ਅਖੀਰ ਜਦੋਂ ਸੰਤਾਂ ਦੀ ਕਹੀ ਗਲ ਹੋਰ ਅਗੇ ਵਧਦੀ ਮਾਲੂਮ ਹੋਈ ਤਾਂ ਸਤਿਗੁਰੂ ਜੀ ਫੁਰਮਾਇਆ:-

ਜਸਵੰਤ ਸਿੰਘ ਜੀ! ਤੁਸੀਂ ਬੰਗਲੌਰ ਫਾਰਮ ਵਿਚ ਪਹੁੰਚ ਜਾਓ। ਓਥੇ ਕਾਫ਼ੀ ਵਡੀ ਇਮਾਰਤ ਬਣੌਣੀ ਹੈ, ਤੁਸੀਂ ਓਸਦੇ ਨਕਸ਼ੇ ਤਿਆਰ ਕਰੋ। ਜਿਥੇ ਠਾਕੁਰ ਉਦੈ ਸਿੰਘ ਜੀ ਨੂੰ ਤੁਹਾਡੀ ਲੋੜ ਹੈ।

ਪਰ ਜਿਥੋਂ ਤਕ ਮੈਂ ਸਮਝ ਸਕਿਆ ਹਾਂ ਉਹ ਏਹ ਹੈ ਕਿ ਸੰਤ ਜਸਵੰਤ ਸਿੰਘ ਜੀ ਦੀ ਬਾਣੀ ਵਿਚ ਏਸੇ ਲਈ ਬੇਨਤੀ ਪ੍ਰਵਾਨ ਨਹੀਂ ਹੋਈ ਤੇ ਸੰਤ ਜੀ ਦੇ ਅੱਜ ਭੈਣੀ ਸਾਹਿਬ ਕਈ ਮਹੀਨਿਆਂ ਪਿਛੋਂ ਹੋਲੇ ਉਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਅਤੇ ਇਸ ਦੂਸਰੇ ਤਾਜ ਮਹਿਲ ਉਤੇ ਜੋ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਿਐ ਸਿਮ੍ਰਤੀ ਵਿਚ ਤਿਆਰ ਕੀਤਾ ਜਾ ਰਿਹਾ ਹੈ ਪਤਾ ਨਹੀਂ ਕਿਤਨਾਂ ਸਮਾਂ ਤੇ ਪੈਸੇ ਖਰਚ ਹੋਣਗੇ।

ਗੁਰੂ ਸਰ ੬-੪-੯੨